Punjabi Parwaz

# ਪੰਜਾਬੀ ਪਰਵਾਜ਼

ਅੰਕ 25ਵਾਂ (ਸ਼ਿਕਾਗੋ): 27 ਅਪਰੈਲ ਤੋਂ 10 ਮਈ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


# ਪਹਿਲੇ ਗੇੜ ਦੀਆਂ ਚੋਣਾਂ ਪਿੱਛੋਂ ਸਿਆਸੀ ਪਾਰਟੀਆਂ ’ਚ ਤਲਖੀ ਵਧੀ

**ਜੇ. ਐਸ. ਮਾਂਗਟ**

ਲੰਘੀ 19 ਅਪ੍ਰੈਲ ਨੂੰ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਪਹਿਲੇ ਗੇੜ ਦੀਆਂ ਪਈਆਂ ਵੋਟਾਂ ਤੋਂ ਬਾਅਦ ਰਾਜਨੀਤਿਕ ਪਾਰਟੀਆਂ ਦਰਮਿਆਨ ਖਿੱਚੋਤਾਣ ਅਤੇ ਦੋਸ਼ਾਂ-ਪ੍ਰਤੀਦੋਸ਼ਾਂ ਦਾ ਸਿਲਸਲਾ ਹੋਰ ਤੇਜ਼ ਹੋ ਗਿਆ ਹੈ। ਇਸ ਦੇ ਨਾਲ ਹੀ ਦਲਬਦਲੀਆਂ ਦਾ ਰੁਝਾਨ ਵੀ ਲਗਾਤਾਰ ਜਾਰੀ ਹੈ। ਰਾਜਨੀਤਿਕ ਪਾਰਟੀਆਂ ਖਾਸ ਕਰਕੇ ਕਾਂਗਰਸ ਅਤੇ ਭਾਜਪਾ ਨੇ ਇੱਕ ਦੂਜੇ ‘ਤੇ ਹਮਲੇ ਤੇਜ਼ ਕਰ ਦਿੱਤੇ ਹਨ। ਭਾਜਪਾ ਤਾਂ ਆਪਣੇ ਰਵਾਇਤੀ ਝੁਕਾਅ, ਧਾਰਮਿਕ ਆਧਾਰ ‘ਤੇ ਵੋਟਾਂ ਦੀ ਸਫਬੰਦੀ ਕਰਨ ਵਿੱਚ ਵੀ ਰੁੱਝ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜਸਥਾਨ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, “ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਸੀ ਕਿ ਦੇਸ਼ ਦੇ ਸੋਮਿਆਂ ‘ਤੇ ਪਹਿਲਾ ਅਧਿਕਾਰ ਮੁਸਲਮਾਨਾਂ ਦਾ ਹੈ। ਇਸ ਲਈ ਕਾਂਗਰਸ ਜੇ ਸੱਤਾ ਵਿੱਚ ਆ ਗਈ ਤਾਂ ਤੁਹਾਡਾ ਧਨ ਖੋਹ ਕੇ ਉਨ੍ਹਾਂ ਲੋਕਾਂ ਨੂੰ ਦੇ ਦੇਵੇਗੀ, ਜੋ ਜ਼ਿਆਦਾ ਬੱਚੇ ਪੈਦਾ ਕਰਦੇ ਹਨ।” ਉਨ੍ਹਾਂ ਦਾ ਇਹ ਇਸ਼ਾਰਾ ਭਾਰਤ ਵਿੱਚ ਵੱਸਦੇ ਮਸਲਿਮ ਭਾਈਚਾਰੇ ਵੱਲ ਸੀ। ਉਨ੍ਹਾਂ ਹੋਰ ਕਿਹਾ ਕਿ ਤੁਹਾਡਾ ਮੰਗਲ ਸੂਤਰ ਵੀ ਇਨ੍ਹਾਂ ਨੇ ਨਹੀਂ ਛੱਡਣਾ ਅਤੇ ਸਾਰਾ ਧਨ ਖੋਹ ਕੇ ਘੁਸਪੈਠੀਆਂ (ਮੁਸਲਮਾਨਾਂ) ਨੂੰ ਵੰਡ ਦੇਣਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਦੇ ਮੈਨੀਫੈਸਟੋ ਵਿੱਚ ਇਹ ਸਾਰਾ ਕੁਝ ਕਿਹਾ ਗਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਦੇ ਮੈਨੀਫੈਸਟੋ ‘ਤੇ ਅਰਬਨ ਨਕਸਲਵਾਦ ਦੀ ਛਾਪ ਹੈ। ਵਿਰੋਧੀ ਧਿਰ ਪ੍ਰਧਾਨ ਮੰਤਰੀ ਦੇ ਇਸ ਬਿਆਨ ਨੂੰ ਚੋਣ ਜਾਬਤੇ ਦੀ ਉਲੰਘਣਾ ਕਰਾਰ ਦੇ ਰਹੀ ਹੈ। ਇੰਡੀਆ ਗੱਠਜੋੜ ਦੇ ਆਗੂਆਂ ਵੱਲੋਂ ਇਸ ਮਾਮਲੇ ਵਿੱਚ ਚੋਣ ਕਮਿਸ਼ਨ ਨੂੰ ਸ਼ਿਕਾਇਤ ਵੀ ਦਿੱਤੀ ਗਈ ਹੈ, ਪਰ ਹਾਲੇ ਤੱਕ ਚੋਣ ਕਮਿਸ਼ਨ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਕਾਂਗਰਸ ਪਾਰਟੀ ਨੇ ਇਸ ਮਾਮਲੇ ਵਿੱਚ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਪਹਿਲੇ ਗੇੜ ਦੀਆਂ ਚੋਣਾਂ ਵਿੱਚ ਆਪਣੀ ਹਾਰ ਦੇ ਸਪਸ਼ਟ ਸੰਕੇਤ ਵੇਖ ਕੇ ਪ੍ਰਧਾਨ ਮੰਤਰੀ ਬੁਖਲਾ ਗਏ ਹਨ।

ਉਂਝ ਪਹਿਲੇ ਗੇੜ ਦੀਆਂ ਵੋਟਾਂ ਦੌਰਾਨ ਇਹ ਤੱਥ ਵੀ ਉਭਰ ਕੇ ਸਾਹਮਣੇ ਆਇਆ ਹੈ ਕਿ ਕਿਸੇ ਵੀ ਰਾਜ ਵਿੱਚ, ਕਿਸੇ ਵੀ ਪਾਰਟੀ ਦੀ ਇੱਕ ਤਰਫਾ ਲਹਿਰ ਨਹੀਂ ਹੈ। ਰਾਮ ਮੰਦਰ ਵਾਲਾ ਮੁੱਦਾ ਵੀ ਭਾਜਪਾ ਦੇ ਪੱਖ ਵਿੱਚ ਕੰਮ ਕਰਦਾ ਵਿਖਾਈ ਨਹੀਂ ਦੇ ਰਿਹਾ। ਸਗੋਂ ਉਭਰ ਕੇ ਸਾਹਮਣੇ ਇਹ ਆ ਰਿਹਾ ਹੈ ਕਿ ਲੋਕ ਰਾਜਨੀਤਿਕ ਪਾਰਟੀਆਂ ਪ੍ਰਤੀ ਬੇਵਸਾਹੀ ਵਿਖਾ ਰਹੇ ਹਨ ਅਤੇ ਵੋਟਾਂ ਪਾਉਣ ਲਈ ਘੱਟ ਨਿਕਲ ਰਹੇ ਹਨ। ਇਥੋਂ ਤੱਕ ਕਿ ਵੱਖਰੇ ਰਾਜ ਦੀ ਮੰਗ ਕਰ ਰਹੇ ਪੂਰਬੀ ਨਾਗਾਲੈਂਡ ਦੇ 6 ਜ਼ਿਲ੍ਹਿਆਂ ਵਿੱਚ ਇੱਕ ਵੀ ਵਿਅਕਤੀ ਵੋਟ ਪਾਉਣ ਲਈ ਨਹੀਂ ਨਿਕਲਿਆ। ਇਸੇ ਕਾਰਨ ਵੱਖ-ਵੱਖ ਰਾਜਾਂ ਵਿੱਚ ਵੋਟਿੰਗ ਫੀਸਦ 4 ਤੋਂ 6 ਫੀਸਦੀ ਤੱਕ ਗਿਰ ਗਿਆ ਹੈ। ਖਾਸ ਕਰਕੇ ਹਿੰਦੀ ਬੈਲਟ ਵਿੱਚ ਲੋਕ ਵੋਟਾਂ ਪਾਉਣ ਲਈ ਘੱਟ ਨਿਕਲ ਰਹੇ ਹਨ। ਪੱਛਮੀ ਬੰਗਾਲ ਵਿੱਚ ਭਾਜਪਾ ਅਤੇ ਟੀ.ਐਮ.ਸੀ. ਵਿਚਕਾਰ ਕਾਂਟੇ ਦੀ ਟੱਕਰ ਕਾਰਨ ਲੋਕ ਚੋਖੀ ਗਿਣਤੀ ਵਿੱਚ ਵੋਟ ਪਾਉਣ ਲਈ ਨਿਕਲੇ ਹਨ। ਤ੍ਰਿਪੁਰਾ ਵਿੱਚ ਸਭ ਤੋਂ ਵੱਧ 80.40 ਫੀਸਦੀ ਪੋਲਿੰਗ ਹੋਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ, ਜਦੋਂਕਿ ਬਿਹਾਰ ਵਿੱਚ ਸਭ ਤੋਂ ਘੱਟ 48.50 ਫੀਸਦੀ ਵੋਟਿੰਗ ਹੋਈ ਹੈ। ਪੱਛਮੀ ਬੰਗਾਲ ਵਿੱਚ 77.57 ਫੀਸਦੀ ਵੋਟਿੰਗ ਹੋਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ। ਪੱਛਮੀ ਬੰਗਾਲ, ਮਨੀਪੁਰ ਅਤੇ ਛਤੀਸਗੜ੍ਹ ਵਿੱਚ ਵਾਪਰੀਆਂ ਕੁਝ ਹਿੰਸਕ ਘਟਨਾਵਾਂ ਤੋਂ ਇਲਾਵਾ ਬਾਕੀ ਰਾਜਾਂ ਵਿੱਚ ਵੋਟਾਂ ਅਮਨ-ਅਮਾਨ ਨਾਲ ਪਈਆਂ।

ਯਾਦ ਰਹੇ, ਪਹਿਲੇ ਗੇੜ ਦੌਰਾਨ ਤਾਮਿਲਨਾਡੂ ਦੀਆਂ 39, ਰਾਜਸਥਾਨ ਦੀਆਂ 12, ਯੂ.ਪੀ. ਦੀਆਂ 8, ਮੱਧ ਪ੍ਰਦੇਸ਼ ਦੀਆਂ 6, ਉਤਰਾਖੰਡ ਦੀਆਂ 5, ਬਿਹਾਰ ਦੀਆਂ 4, ਪੱਛਮੀ ਬੰਗਾਲ ਦੀਆਂ 3, ਅਰੁਣਾਚਲ ਪ੍ਰਦੇਸ਼ ਦੀਆਂ 2, ਮੇਘਾਲਿਆ ਦੀਆਂ 2, ਅੰਡੇਮਾਨ ਤੇ ਨਿਕੋਬਾਰ ਟਾਪੂ, ਮਿਜ਼ੋਰਮ, ਪੁੱਡੂਚਿਰੀ, ਸਿੱਕਮ ਅਤੇ ਲਕਸ਼ਦੀਪ ਵਿੱਚ 1-1 ਸੀਟ ‘ਤੇ ਵੋਟਾਂ ਪਈਆਂ ਹਨ। ਪਹਿਲੇ ਗੇੜ ਦੀ ਪੋਲਿੰਗ ਵਿੱਚ ਲੋਕ ਸਭਾ ਦੀਆਂ 102 ਸੀਟਾਂ ਸਮੇਤ ਅਰੁਣਾਚਲ ਪ੍ਰਦੇਸ਼ ਅਤੇ ਸਿੱਕਮ ਦੀਆਂ ਕ੍ਰਮਵਾਰ 60 ਅਤੇ 32 ਵਿਧਾਨ ਸਭਾ ਹਲਕਿਆਂ ਵਿੱਚ ਵੀ ਵੋਟਾਂ ਪਈਆਂ ਹਨ। ਇਸ ਦੌਰਾਨ ਹੋਈ ਹਿੰਸਾ ਵਿੱਚ ਛਤੀਸਗੜ੍ਹ ਵਿੱਚ ਇੱਕ ਸੀ.ਆਰ.ਪੀ.ਐਫ. ਦੇ ਜਵਾਨ ਦੀ ਮੌਤ ਹੋ ਗਈ ਹੈ ਅਤੇ ਮਨੀਪੁਰ ਦੇ ਇੱਕ ਪੋਲਿੰਗ ਸਟੇਸ਼ਨ ‘ਤੇ ਈ.ਵੀ.ਐਮ. ਮਸ਼ੀਨ ਨੂੰ ਅੱਗ ਲਗਾ ਦਿੱਤੀ ਗਈ।

ਘਟੀ ਵੋਟਿੰਗ ਦੇ ਕਾਰਨਾਂ ਬਾਰੇ ਤਾਂ ਗਰਮੀ ਤੋਂ ਲੈ ਕੇ ਲੋਕਾਂ ਦੀ ਪਾਰਟੀਆਂ ਪ੍ਰਤੀ ਉਪਰਾਮਤਾ ਤੱਕ ਕਈ ਦਲੀਲਾਂ ਸਾਹਮਣੇ ਆ ਰਹੀਆਂ ਹਨ, ਪਰ ਇਸ ਦਾ ਫਾਇਦਾ ਕਿਸ ਧਿਰ ਨੂੰ ਹੋਵੇਗਾ, ਇਸ ਬਾਰੇ ਦੋਨੋਂ ਧਿਰਾਂ ਆਪੋ ਆਪਣੇ ਦਾਅਵੇ ਪੇਸ਼ ਕਰ ਰਹੀਆਂ ਹਨ। ਇਸ ਤੋਂ ਇਲਾਵਾ ਪ੍ਰਮੁੱਖ ਟੀ.ਵੀ. ਚੈਨਲ ਭਾਜਪਾ ਨਾਲ ਆਪਣੀ ਯਾਰੀ ਨਿਭਾਅ ਰਹੇ ਹਨ, ਪਰ ਸੋਸ਼ਲ ਮੀਡੀਆ ‘ਤੇ ਚਲਦੇ ਬਹੁਤ ਸਾਰੇ ਛੋਟੇ ਚੈਨਲ ਕਾਂਗਰਸ ਅਤੇ ਐਨ.ਡੀ.ਏ. ਨੂੰ ਲਾਭ ਹੁੰਦਾ ਵਿਖਾ ਰਹੇ ਹਨ। ਉਂਝ ਪਹਿਲੇ ਗੇੜ ਦੀਆਂ ਵੋਟਾਂ ਤੋਂ ਬਾਅਦ ਇੱਕ ਨਿੱਜੀ ਸਰਵੇ ਵਿੱਚ ਇਹ ਤੱਥ ਉਭਰ ਕੇ ਸਾਹਮਣੇ ਆਇਆ ਹੈ ਕਿ ਲੋਕਾਂ ਲਈ ਇਸ ਵਾਰ ਰਾਮ ਮੰਦਰ ਪ੍ਰਮੁਖ ਮੁੱਦਾ ਨਹੀਂ ਹੈ, ਸਗੋਂ ਸਭ ਤੋਂ ਉਪਰ ਰੁਜ਼ਗਾਰ ਅਤੇ ਦੂਜੇ ਨੰਬਰ ‘ਤੇ ਮਹਿੰਗਾਈ ਦਾ ਮੁੱਦਾ ਹੈ।

ਬੀਤੀ ਵੀਹ ਅਪ੍ਰੈਲ ਨੂੰ ਮਹਾਰਾਸ਼ਟਰ ਵਿੱਚ ਆਪਣੇ ਇੱਕ ਉਮੀਦਵਾਰ ਦੇ

⇒ ਬਾਕੀ ਸਫਾ 4 ਉਤੇ ਪੜ੍ਹੋ

# ਪੰਜਾਬ ’ਚ ਚੋਣ ਅਖਾੜਾ ਮਘਣ ਲੱਗਾ

ਪੰਜਾਬ ਵਿੱਚ ਲੋਕ ਸਭਾ ਚੋਣਾਂ ਲਈ ਅਕਾਲੀ ਦਲ ਨੇ ਖਡੂਰ ਸਾਹਿਬ ਨੂੰ ਛੱਡ ਕੇ ਸਾਰੀਆਂ ਸੀਟਾਂ ਤੇ ਉਮੀਦਵਾਰ ਐਲਾਨ ਦਿੱਤੇ ਹਨ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਪਹਿਲਾਂ ਹੀ ਆਪਣੇ ਉਮੀਦਵਾਰ ਐਲਾਨ ਚੁੱਕੀ ਹੈ। ਇਸ ਦੇ ਨਾਲ ਹੀ ਟਿਕਟਾਂ ਦੀ ਭੁੱਖ ਪੂਰੀ ਨਾ ਹੋਣ ਕਾਰਨ ਸਿਆਸੀ ਆਗੂਆਂ ਵਿੱਚ ਕੱਪੜਿਆਂ ਵਾਂਗ ਪਾਰਟੀਆਂ ਬਦਲਣ ਦਾ ਰੁਝਾਨ ਵੀ ਤੇਜ਼ ਹੋ ਗਿਆ। ਇਸ ਤੋਂ ਇਹ ਲੱਗਣ ਲੱਗਾ ਹੈ ਕਿ ਪੰਜਾਬ ਵਿੱਚ ਵਿਚਰ ਰਹੀਆਂ ਰਾਜਨੀਤਿਕ ਪਾਰਟੀਆਂ ਦੀ ਕੋਈ ਵਿਚਾਰਧਾਰਾ ਨਹੀਂ, ਨਾ ਹੀ ਕੋਈ ਅਸੂਲ ਜਾਂ ਇਖਲਾਕ ਉਨ੍ਹਾਂ ਦੇ ਪੱਲੇ ਹੈ। ਸਿਰਫ ਸੱਤਾ ਹਾਸਲ ਕਰਨਾ ਹੀ ਇੱਕੋ-ਇੱਕ ਮਕਸਦ ਰਹਿ ਗਿਆ ਹੈ। ਸੱਤਾ ਹਾਸਲ ਕਰਨ ਪਿੱਛੋਂ ਕਰਨਾ ਕੀ ਹੈ, ਇਸ ਮਾਮਲੇ ਵਿੱਚ ਵੀ ਸਾਰੇ ਇੱਕੋ ਧਾਰਾ ਵਿੱਚ ਵਹਿ ਰਹੇ ਹਨ। ਜ਼ਮੀਨ, ਹਵਾ-ਪਾਣੀ ਅਤੇ ਮਨੁੱਖੀ ਤਨਾਂ-ਮਨਾਂ ਨੂੰ ਦੂਸ਼ਿਤ ਕਰ ਰਹੇ ਮੌਜੂਦਾ ਅਤਿ ਭ੍ਰਿਸ਼ਟ ਨਿਜ਼ਾਮ ਦਾ ਕੋਈ ਜਚਵਾਂ ਬਦਲ ਪੇਸ਼ ਕਰਨ ਜਾਂ ਆਮ ਲੋਕਾਂ ਅਤੇ ਕੁਦਰਤ ਨੂੰ ਰਾਹਤ ਦੇਣ ਵਾਲਾ ਕੋਈ ਸਿਆਸੀ ਬਦਲ ਕਿਸੇ ਪਾਰਟੀ ਕੋਲ ਨਹੀਂ ਹੈ। ਇਹੋ ਜਿਹੇ ਸਿਆਸੀ ਸਭਿਆਚਾਰ ਵਿੱਚ ਹੀ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟ ਦੇਣ ਦੇ ਦਾਅਵੇ ਨਾਲ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਲੂਣ ਖਾਣ ਵਿੱਚ ਲੂਣ ਹੋ ਰਹੀ ਹੈ। ਇਹ ਗਨੀਮਤ ਹੈ ਕਿ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ‘ਆਪ’ ਲੀਡਰਸ਼ਿੱਪ ਨੂੰ ਵਾਤਾਵਰਣਿਕ ਮੁੱਦਿਆਂ ਬਾਰੇ ਇੱਕ ਦਸਤਾਵੇਜ਼ ਸੌਂਪ ਦਿੱਤਾ ਹੈ।

ਇਸ ਸਾਰੇ ਮਾਹੌਲ ਵਿੱਚ ਕਾਂਗਰਸ ਪਾਰਟੀ, ਭਾਜਪਾ ਦੀ ਜ਼ਹਿਰੀਲੀ ਚੋਣ ਮੁਹਿੰਮ ਖਿਲਾਫ ਵਿਚਾਰਧਾਰਕ ਲੜਾਈ ਅਤੇ ਨਫਰਤ ਖਿਲਾਫ ਪਿਆਰ ਦੀ ਦੁਕਾਨ ਖੋਲ੍ਹਣ ਦਾ ਸੱਦਾ ਦੇ ਰਹੀ ਹੈ, ਪਰ ਭਾਜਪਾ ਵਿੱਚੋਂ ਆਉਣ ਵਾਲੇ ਲੀਡਰਾਂ ਨੂੰ ਨਾਲ ਦੀ ਨਾਲ ਜੀ ਆਇਆਂ ਵੀ ਕਹੀ ਜਾ ਰਹੀ ਹੈ। ਪਿਛਲੇ ਦਿਨੀਂ ਹਰਿਆਣਾ ਭਾਜਪਾ ਦਾ ਇੱਕ ਵੱਡਾ ਆਗੂ ਕਾਂਗਰਸ ਵਿੱਚ ਚਲਾ ਗਿਆ। ਇਸ ਤੋਂ ਇਲਾਵਾ ਪੰਜਾਬ ਵਿੱਚ ਕਈ ਸੀਨੀਅਰ ਕਾਂਗਰਸੀ ਆਗੂ ਭਾਰਤੀ ਜਨਤਾ ਪਾਰਟੀ ਵਿੱਚ ਜਾ ਵੜੇ ਹਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਭਾਜਪਾ ਦੇ ਮੌਜੂਦਾ ਪ੍ਰਧਾਨ ਸੁਨੀਲ ਜਾਖੜ, ਬੇਅੰਤ ਸਿੰਘ ਦਾ ਪੋਤਰਾ ਰਵਨੀਤ ਸਿੰਘ ਬਿੱਟੂ, ਜਲੰਧਰ ਜ਼ਿਮਨੀ ਚੋਣ ਵਿੱਚ ‘ਆਪ’ ਦੀ ਟਿਕਟ ‘ਤੇ ਜਿੱਤੇ ਸੁਸ਼ੀਲ ਕੁਮਾਰ ਰਿੰਕੂ ਭਾਜਪਾ ਵਿੱਚ ਚਲੇ ਗਏ ਹਨ। ਪੀੜ੍ਹੀਆਂ ਤੋਂ ਕਾਂਗਰਸੀ ਰਹੇ ਟੱਬਰ ਦੀ ਨੂੰਹ ਅਤੇ ਚੌਧਰੀ ਸੰਤੋਖ ਸਿੰਘ ਦੀ ਪਤਨੀ ਕਰਮਜੀਤ ਕੌਰ ਅਤੇ ਤਜਿੰਦਰ ਸਿੰਘ ਬਿੱਟੂ ਨੇ ਵੀ ਭਾਜਪਾ ਦੀ ਗੋਦ ਵਿੱਚ ਬੈਠਣਾ ਠੀਕ ਸਮਝਿਆ ਹੈ। ਇਸੇ ਤਰ੍ਹਾਂ ਪਵਨ ਕੁਮਾਰ ਟੀਨੂ ਨੇ ਅਕਾਲੀ ਦਲ ਛੱਡ ਕੇ ‘ਆਪ’ ਦਾ ਪੱਲਾ ਫੜ ਲਿਆ ਹੈ ਅਤੇ ਜਲੰਧਰ ਤੋਂ ਲੋਕ ਸਭਾ ਲਈ ਉਮੀਦਵਾਰ

⇒ ਬਾਕੀ ਸਫਾ 3 ਉਤੇ ਪੜ੍ਹੋ







# ਪੰਜਾਬ-ਹਰਿਆਣਾ ਦੇ ਕਿਸਾਨਾਂ ਦਾ ਸੰਘਰਸ਼ ਜਾਰੀ

**ਪੰਜਾਬੀ ਪਰਵਾਜ਼ ਬਿਊਰੋ**

***ਭਾਜਪਾ ਉਮੀਦਵਾਰਾਂ ਦਾ ਕਿਸਾਨਾਂ ਵੱਲੋਂ ਵਿਰੋਧ, ਸਵਾਲ ਪੁੱਛੇ**
***ਸ਼ੰਭੂ ਸਟੇਸ਼ਨ 'ਤੇ ਰੇਲਾਂ ਦਾ ਚੱਕ ਜਾਮ, ਸੈਂਕੜੇ ਰੇਲਾਂ ਰੱਦ**

ਕਿਸਾਨ ਸੰਘਰਸ਼ ਜਾਰੀ ਹੈ। ਖਾਸ ਕਰ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਸੰਘਰਸ਼ ਵਿੱਚ ਹਨ- ਇੱਕ ਪਾਸੇ ਸਰਕਾਰਾਂ ਨਾਲ ਅਤੇ ਦੂਜੇ ਪਾਸੇ ਕੁਦਰਤ ਨਾਲ। ਲੋਕ ਸਭਾ ਚੋਣਾਂ ਦੀ ਮੁਹਿੰਮ ਦੌਰਾਨ ਭਾਰਤੀ ਜਨਤਾ ਪਾਰਟੀ ਨੂੰ ਕਿਸਾਨਾਂ ਦੇ ਜ਼ੋਰਦਾਰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤੀ ਕਿਸਾਨ ਯੂਨੀਅਨ (ਡੱਲੇਵਾਲ) ਅਤੇ ਮਜ਼ਦੂਰ ਕਿਸਾਨ ਸੰਘਰਸ਼ ਕਮੇਟੀ (ਸਰਵਣ ਸਿੰਘ ਪੰਧੇਰ) ਸ਼ੰਭੂ ਤੇ ਖਨੌਰੀ ਬਾਰਡਰ 'ਤੇ ਮੋਰਚਾ ਲਾਈ ਬੈਠੀਆਂ ਹਨ, ਦੂਜੇ ਪਾਸੇ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਾਲੇ ਸੰਯੁਕਤ ਕਿਸਾਨ ਮੋਰਚੇ ਨੇ 11 ਸਵਾਲਾਂ ਦੀ ਇੱਕ ਲਿਸਟ ਦੇ ਕੇ ਕਿਸਾਨਾਂ ਨੂੰ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਸਵਾਲ ਕਰਨ ਦਾ ਸੱਦਾ ਦਿੱਤਾ ਹੋਇਆ ਹੈ। ਉਨ੍ਹਾਂ ਕਿਸਾਨ ਵਿਰੋਧ ਨੂੰ ਸ਼ਾਂਤਮਈ ਰਹਿਣ ਦੀ ਅਪੀਲ ਵੀ ਕੀਤੀ ਹੈ।

ਪਿਛਲੇ ਕੁਝ ਦਿਨਾਂ ਵਿੱਚ ਕਿਸਾਨਾਂ ਵੱਲੋਂ ਮਾਲਵੇ ਦੇ ਵੱਖ-ਵੱਖ ਖੇਤਰਾਂ ਵਿੱਚ ਸਿਆਸੀ ਆਗੂਆਂ ਦੀ ਘੇਰਾਬੰਦੀ ਕੀਤੀ ਗਈ, ਉਨ੍ਹਾਂ ਨੂੰ ਸਵਾਲ ਕੀਤੇ ਗਏ। ਕਿਸਾਨਾਂ ਵੱਲੋਂ ਭਾਜਪਾ ਆਗੂ ਪਰਮਪਾਲ ਕੌਰ ਮਲੂਕਾ, ਤਰਨਜੀਤ ਸਿੰਘ, ਬੀਬੀ ਪ੍ਰਨੀਤ ਕੌਰ, ਹੰਸ ਰਾਜ ਹੰਸ, 'ਆਪ' ਆਗੂ ਗੁਰਮੀਤ ਸਿੰਘ ਖੁੱਡੀਆਂ ਸਮੇਤ ਹੋਰ ਕਈ ਆਗੂਆਂ ਖਿਲਾਫ ਪ੍ਰਦਰਸ਼ਨ ਅਤੇ ਉਨ੍ਹਾਂ ਨੂੰ ਸੁਆਲ-ਜੁਆਬ ਕੀਤੇ ਗਏ। ਪੰਜਾਬ ਦੇ ਖੇਤੀ ਮਾਮਲਿਆਂ ਬਾਰੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ 'ਆਪ' ਸਰਕਾਰ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਪੂਰੇ ਯਤਨ ਕਰ ਰਹੀ ਹੈ। ਇਸੇ ਤਹਿਤ ਸਰਕਾਰ ਫਸਲੀ ਵਿਭਿੰਨਤਾ ਲਈ ਕਦਮ ਉਠਾ ਰਹੀ ਹੈ। ਇਸੇ ਨੀਤੀ ਤਹਿਤ ਸਰਕਾਰ ਵੱਲੋਂ ਕਿਸਾਨਾਂ ਨੂੰ ਨਰਮੇ ਦਾ ਬੀਜ ਮੁਫਤ ਮੁਹੱਈਆ ਕਰਵਾਇਆ ਗਿਆ ਹੈ। ਇਵੇਂ ਮੂੰਗੀ ਦੀ ਫਸਲ ਐਮ.ਐਸ.ਪੀ. 'ਤੇ ਖਰੀਦੀ ਗਈ ਹੈ। ਉਧਰ ਭਾਜਪਾ ਦੀ ਆਗੂ ਪਰਮਪਾਲ ਕੌਰ ਮਲੂਕਾ ਨੇ ਕਿਹਾ ਕਿ ਉਹ ਖੁਦ ਇੱਕ ਕਿਸਾਨ ਦੀ ਬੇਟੀ ਹੈ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਭਲੀਭਾਂਤ ਜਾਣਦੀ ਹੈ। ਇਸ ਲਈ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਹਮੇਸ਼ਾ ਯਤਨਸ਼ੀਲ ਰਹੇਗੀ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਕੇਂਦਰ ਸਰਕਾਰ ਦੀਆਂ ਕਿਸਾਨ ਭਲਾਈ ਸਕੀਮਾਂ ਨੂੰ ਹੂਬਹੂ ਲਾਗੂ ਕਰੇ।

ਪੰਜਾਬ ਅਤੇ ਹਰਿਆਣਾ ਵਿੱਚ ਕਿਸਾਨ ਵੋਟਾਂ ਮੰਗਣ ਆ ਰਹੇ ਉਮੀਦਵਾਰਾਂ ਨੂੰ ਸਵਾਲ ਵੀ ਕਰ ਰਹੇ ਹਨ ਅਤੇ ਦੂਜੀ ਧਿਰ ਉਨ੍ਹਾਂ ਨੂੰ ਪਿੰਡਾਂ ਵਿੱਚ ਵੜਨ ਤੋਂ ਰੋਕਣ ਵਿੱਚ ਰੁਝੀ ਹੋਈ ਹੈ ਜਾਂ ਘਿਰਾਓ ਕਰ ਰਹੀ ਹੈ। ਫਰੀਦਕੋਟ ਤੋਂ ਭਾਜਪਾ ਦੇ ਉਮੀਦਵਾਰ ਅਤੇ ਪੰਜਾਬੀ ਗਾਇਕ ਹੰਸ ਰਾਜ ਹੰਸ ਦਾ ਵਿਸ਼ੇਸ਼ ਕਰਕੇ ਕਿਸਾਨਾਂ ਵੱਲੋਂ ਵੱਡਾ ਵਿਰੋਧ ਵੇਖਣ ਨੂੰ ਮਿਲ ਰਿਹਾ ਹੈ। ਹੰਸ ਨੇ ਮਜ਼ਾਕੀਆ ਲਹਿਜੇ ਵਿੱਚ ਕਿਹਾ ਕਿ ਕਿਸਾਨਾਂ ਦੇ ਵਿਰੋਧ ਕਾਰਨ ਉਹ ਹੰਸ ਰਾਜ ਹੰਸ ਤੋਂ ਮਿੰਤ ਰਾਜ ਮਿੰਤ ਬਣ ਗਿਆ ਹੈ।

ਉਧਰ ਬਾਰਡਰਾਂ 'ਤੇ ਬੈਠੀਆਂ ਕਿਸਾਨ ਜਥੇਬੰਦੀਆਂ ਨੇ ਬੀਤੀ 17 ਅਪ੍ਰੈਲ ਤੋਂ ਸ਼ੰਭੂ ਰੇਲਵੇ ਸਟੇਸ਼ਨ 'ਤੇ ਇੱਕ ਧਰਨਾ ਲਗਾ ਕੇ ਰੇਲਾਂ ਦਾ ਚੱਕਾ ਵੀ ਜਾਮ ਕਰ ਰੱਖਿਆ ਹੈ। ਇਸ ਕਾਰਨ ਸਰਕਾਰ ਨੂੰ ਸੈਂਕੜੇ ਰੇਲ ਗੱਡੀਆਂ ਰੱਦ ਕਰਨੀਆਂ ਪਈਆਂ ਹਨ ਜਾਂ ਉਨ੍ਹਾਂ ਦੇ ਰੂਟ ਬਦਲਨੇ ਪੈ ਗਏ ਹਨ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਉਹ ਰੇਲਾਂ ਦਾ ਚੱਕਾ ਜਾਮ ਨਹੀਂ ਕਰਨਾ ਚਾਹੁੰਦੇ, ਪਰ ਸਰਕਾਰ ਨੇ ਸਾਡੇ ਸੰਘਰਸ਼ੀਲ ਸਾਥੀਆਂ 'ਤੇ ਨਾਜਾਇਜ਼ ਕੇਸ ਪਾ ਕੇ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ। ਹਰਿਆਣਾ ਸਰਕਾਰ ਉਨ੍ਹਾਂ ਦੇ ਸਾਥੀਆਂ ਨੂੰ ਰਿਹਾਅ ਕਰ ਦੇਵੇ ਤਾਂ ਉਹ ਰੇਲਾਂ ਦਾ ਚੱਕਾ ਜਾਮ ਖਤਮ ਕਰ ਦੇਣਗੇ। ਖਨੌਰੀ ਬਾਰਡਰ 'ਤੇ ਕਿਸਾਨ ਪ੍ਰਦਰਸ਼ਨ ਦੌਰਾਨ ਹਰਿਆਣਾ ਪੁਲਿਸ ਦੀ ਗੋਲੀ ਨਾਲ ਮਾਰੇ ਗਏ ਬਠਿੰਡਾ ਜ਼ਿਲ੍ਹੇ ਦੇ ਸ਼ੁਭਕਰਨ ਸਿੰਘ ਅਤੇ ਕਈ ਹੋਰਾਂ ਦੇ ਗੰਭੀਰ ਜ਼ਖਮੀ ਹੋ ਜਾਣ ਵਿਰੁੱਧ ਪ੍ਰਦਰਸ਼ਨ ਕਰ ਰਹੇ ਹਰਿਆਣਾ ਦੇ ਤਿੰਨ ਨੌਜਵਾਨ ਕਿਸਾਨ ਆਗੂਆਂ ਦੀ ਗ੍ਰਿਫਤਾਰੀ ਵਿਰੁਧ 22 ਅਪ੍ਰੈਲ ਨੂੰ ਜੀਂਦ ਜ਼ਿਲ੍ਹੇ ਦੇ ਪਿੰਡ ਖਟਕਰ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਇੱਕ ਮਹਾਂਪੰਚਾਇਤ ਕੀਤੀ ਗਈ, ਜਿਸ ਵਿੱਚ ਇਸੇ ਪਿੰਡ ਦੇ ਇੱਕ ਨੌਜਵਾਨ ਕਿਸਾਨ ਆਗੂ ਅਨੀਸ਼ ਖਟਕਰ, ਨਵਦੀਪ ਜਲਬੇੜ੍ਹਾ ਅਤੇ ਗੁਰਕੀਰਤ ਸਿੰਘ ਦੀ ਰਿਹਾਈ ਦੀ ਮੰਗ ਕੀਤੀ ਗਈ। ਜੇਲ੍ਹ ਵਿੱਚ ਬੰਦ ਅਨੀਸ਼ ਖਟਕਰ ਪਿਛਲੇ ਇੱਕ ਮਹੀਨੇ ਤੋਂ ਭੁੱਖ ਹੜਤਾਲ 'ਤੇ ਹੈ। ਕਿਸਾਨ ਆਗੂਆਂ ਦਾ ਆਖਣਾ ਹੈ ਕਿ ਉਹ ਜਲਦੀ ਭੁੱਖ ਹੜਤਾਲ ਖਤਮ ਕਰਵਾਉਣ ਲਈ ਅਨੀਸ਼ ਨੂੰ ਮਿਲਣਗੇ। ਇਸ ਤੋਂ ਇਲਾਵਾ ਖਟਕਰ (ਜੀਂਦ) ਦੀ ਮਹਾਂਪੰਚਾਇਤ ਵਿੱਚ ਕਿਸਾਨਾਂ ਵੱਲੋਂ ਅਲਟੀਮੇਟਮ ਦਿੱਤਾ ਗਿਆ ਕਿ ਜੇ ਸਰਕਾਰ ਨੇ 27 ਅਪ੍ਰੈਲ ਤੱਕ ਗ੍ਰਿਫਤਾਰ ਕਿਸਾਨ ਆਗੂਆਂ ਨੂੰ ਰਿਹਾਅ ਨਾ ਕੀਤਾ ਤਾਂ ਉਹ ਅਗਲੇ ਦਿਨ ਸ਼ੰਭੂ ਤੋਂ ਇਲਾਵਾ ਹੋਰਨਾਂ ਰੇਲਵੇ ਟਰੈਕਾਂ 'ਤੇ ਵੀ ਧਰਨਾ ਮਾਰ ਕੇ ਰੇਲਾਂ ਦਾ ਚੱਕਾ ਜਾਮ ਕਰਨਗੇ। ਇਸ ਤੋਂ ਇਲਾਵਾ ਅਣਦੱਸੀਆਂ ਥਾਵਾਂ 'ਤੇ ਕੌਮੀ ਸ਼ਾਹਮਾਰਗ ਜਾਮ ਕੀਤੇ ਜਾਣਗੇ। ਇੱਕ ਸੰਕੇਤਕ ਪ੍ਰਦਰਸ਼ਨ ਵਜੋਂ 22 ਅਪ੍ਰੈਲ ਨੂੰ ਵੀ ਕਿਸਾਨਾਂ ਵੱਲੋਂ ਦਿੱਲੀ-ਪਟਿਆਲਾ ਕੌਮੀ ਮਾਰਗ ਬਾਅਦ ਦੁਪਹਿਰ ਢਾਈ ਵਜੇ ਤੋਂ ਤਿੰਨ ਵਜੇ ਤੱਕ ਜਾਮ ਕੀਤਾ ਗਿਆ। ਇਸ ਦੌਰਾਨ ਇਹ ਸੂਚਨਾ ਵੀ ਮਿਲੀ ਹੈ ਕਿ ਹਰਿਆਣਾ ਸਰਕਾਰ ਨੌਜੁਆਨ ਕਿਸਾਨਾਂ ਦੀ ਰਿਹਾਈ ਲਈ ਗੱਲਬਾਤ ਅੱਗੇ ਤੋਰਨ ਵਾਸਤੇ ਤਿਆਰ ਹੋ ਗਈ ਹੈ। ਯਾਦ ਰਹੇ, ਅਨੀਸ਼ ਖਟਕਰ ਨੂੰ ਪੁਲਿਸ ਨੇ 19 ਮਾਰਚ ਨੂੰ ਉਦੋਂ ਗ੍ਰਿਫਤਾਰ ਕੀਤਾ ਸ, ਜਦੋਂ ਉਹ ਖਟਕਰ ਟੋਲ ਪਲਾਜਾ ਨੇੜੇ ਕਿਸਾਨ ਸ਼ਹੀਦ ਸ਼ੁਭਕਰਨ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਪ੍ਰੋਗਰਾਮ ਕਰਨ ਦੀ ਤਿਆਰੀ ਕਰ ਰਹੇ ਸਨ। ਜਦੋਂਕਿ ਗੁਰਕੀਰਤ ਸਿੰਘ ਅਤੇ ਨਵਦੀਪ ਜਲਬੇੜ੍ਹਾ ਨੂੰ 29 ਮਾਰਚ ਨੂੰ ਮੁਹਾਲੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਲਾਗਿਉਂ ਗ੍ਰਿਫਤਾਰ ਕੀਤਾ ਗਿਆ ਸੀ।

ਇਧਰ ਭਾਜਪਾ ਦੇ ਰਾਸ਼ਟਰੀ ਕਾਰਜਕਾਰਨੀ ਦੇ ਮੈਂਬਰ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਕਿਸਾਨਾਂ ਵੱਲੋਂ ਭਾਜਪਾ ਦੇ ਕੀਤੇ ਜਾ ਰਹੇ ਵਿਰੋਧ ਪਿੱਛੇ ਕਾਂਗਰਸ ਪਾਰਟੀ ਅਤੇ ਆਮ ਆਦਮੀ ਪਾਰਟੀ ਦਾ ਹੱਥ ਹੈ। ਜਦਕਿ ਅਕਾਲੀ ਆਗੂ ਬਿਕਰਮਜੀਤ ਸਿੰਘ ਮਜੀਠੀਆ ਨੇ ਕਿਹਾ ਕਿ ਕਿਸਾਨਾਂ, ਬੰਦੀ ਸਿੰਘਾਂ ਦੀ ਰਿਹਾਈ ਅਤੇ ਪੰਜਾਬ ਦੇ ਅਰਥਚਾਰੇ ਦੇ ਮਸਲਿਆਂ ਦੇ ਠੋਸ ਹੱਲ ਨਾ ਹੋਣ ਕਾਰਨ ਹੀ ਅਕਾਲੀ-ਭਾਜਪਾ ਸਮਝੌਤਾ ਨਹੀਂ ਹੋ ਸਕਿਆ। ਉਨ੍ਹਾਂ ਹੋਰ ਕਿਹਾ ਕਿ ਭਾਜਪਾ ਦੀਆਂ ਕਿਸਾਨਾਂ ਲਈ ਤਬਾਹਕੁੰਨ ਨੀਤੀਆਂ ਦੇ ਸਿੱਟੇ ਵਜੋਂ ਹੀ ਵਾਹਗਾ ਬਾਰਡਰ ਵਪਾਰ ਲਈ ਨਹੀਂ ਖੋਲ੍ਹਿਆ ਜਾ ਰਿਹਾ। ਇਸ ਦੀ ਪੰਜਾਬ ਦੀ ਆਰਥਿਕਤਾ ਨੂੰ ਵੱਡੀ ਕੀਮਤ ਤਾਰਨੀ ਪੈ ਰਹੀ ਹੈ।

**ਕੁਦਰਤੀ ਕਰੋਪੀ ਨੇ ਮੁੜ ਝੰਬੇ ਕਿਸਾਨ:** ਇਨ੍ਹਾਂ ਸਿਆਸੀ ਟਕਰਾਵਾਂ ਦੇ ਐਨ ਦਰਮਿਆਨ ਵਿਗੜੇ ਮੌਸਮ ਕਾਰਨ ਵੀ ਕਿਸਾਨਾਂ ਦੀ ਜਾਨ ਕੁੜੱਕੀ ਵਿੱਚ ਫਸੀ ਪਈ ਹੈ। ਅਪ੍ਰੈਲ ਦੇ ਮਹੀਨੇ ਅੰਦਰ ਹੀ ਕਿਸਾਨਾਂ ਨੂੰ ਤਿੰਨ ਵਾਰ ਗੜੇਮਾਰ ਅਤੇ ਬਾਰਸ਼ ਦੀ ਕਰੋਪੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਨਾਲ ਪੰਜਾਬ ਦੇ ਅੱਧੀ ਦਰਜਨ ਤੋਂ ਵੱਧ ਜ਼ਿਲ੍ਹਿਆਂ ਵਿੱਚ ਨਾ ਸਿਰਫ ਮੰਡੀਆਂ ਵਿੱਚ ਪਈ ਕਣਕ ਭਿੱਜ ਗਈ, ਸਗੋਂ ਖੇਤਾਂ 'ਚ ਪੱਕੀ ਖੜ੍ਹੀ ਕਣਕ ਦੀ ਫਸਲ ਵੀ ਗੜੇਮਾਰੀ, ਬਾਰਸ਼ ਅਤੇ ਤੇਜ਼ਾ ਹਵਾ ਕਾਰਨ ਨੁਕਸਾਨੀ ਗਈ। ਤੇਜ਼ ਹਵਾ ਅਤੇ ਬਾਰਸ਼ ਕਾਰਨ ਖੇਤਾਂ ਵਿੱਚ ਢਹਿ ਗਈ ਫਸਲ ਦੀ ਨਾ ਸਿਰਫ ਕਟਾਈ ਮਹਿੰਗੀ ਪਏਗੀ, ਸਗੋਂ ਇਸ ਦਾ ਦਾਣੇ ਦੀ ਕੁਅਲਟੀ 'ਤੇ ਵੀ ਅਸਰ ਪੈ ਸਕਦਾ ਹੈ। ਯਾਦ ਰਹੇ, ਇਨ੍ਹਾਂ ਦਿਨਾਂ ਵਿੱਚ ਜਿੱਥੇ ਦੇਸ਼ ਕਈ ਦੂਜੇ ਰਾਜਾਂ ਵਿੱਚ ਕਹਿਰਾਂ ਦੀ ਗਰਮੀ ਪੈ ਰਹੀ ਹੈ, ਉਥੇ ਪੰਜਾਬ ਵਿੱਚ ਹਾਲੇ ਵੀ ਤਾਪਮਾਨ ਉਸ ਪੱਧਰ 'ਤੇ ਨਹੀਂ ਤਪਿਆ ਜਿੰਨਾ ਇਨ੍ਹਾਂ ਦਿਨਾਂ ਵਿੱਚ ਤਪਣਾ ਚਾਹੀਦਾ ਹੈ। ਇਸੇ ਕਾਰਨ ਕਣਕ ਦੀ ਫਸਲ ਪੱਕਣ ਵਿੱਚ ਵੀ ਲੇਟ ਹੋ ਗਈ ਹੈ। ਸਿੱਟੇ ਵਜੋਂ ਵਾਢੀ ਵੀ ਲੇਟ ਹੋ ਰਹੀ ਹੈ।

ਇੱਥੇ ਦੱਸਣਾ ਦਿਲਚਸਪ ਹੋਵੇਗਾ ਕਿ ਨੈਸ਼ਨਲ ਕਰਾਈਮ ਬਿਊਰੋ ਵੱਲੋਂ ਹਾਲ ਹੀ ਵਿੱਚ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪਿਛਲੇ ਚਾਰ ਸਾਲਾਂ ਵਿੱਚ ਪੰਜਾਬ ਵਿੱਚ ਤਕਰੀਬਨ 1824 ਕਿਸਾਨਾਂ ਨੇ ਖੁਦਕਸ਼ੀ ਕੀਤੀ ਹੈ। ਯਾਦ ਰਹੇ, ਸਾਲ 2008 ਵਿੱਚ ਵੀ ਕਿਸਾਨਾਂ ਮਜ਼ਦੂਰਾਂ ਦੀਆਂ ਖੁਦਕਸ਼ੀਆਂ 'ਤੇ ਇੱਕ ਸਰਵੇ ਕਰਵਾਇਆ ਗਿਆ ਸੀ, ਜਿਸ ਵਿੱਚ ਕਿਸਾਨਾਂ ਮਜ਼ਦੂਰਾਂ ਦੀਆਂ ਖੁਦਕਸ਼ੀਆਂ ਦਾ ਅੰਕੜਾ 6926 ਦੱਸਿਆ ਗਿਆ ਸੀ। ਇਸ ਵਿੱਚੋਂ 3954 ਕਿਸਾਨ ਅਤੇ 2972 ਖੇਤ ਮਜ਼ਦੂਰ ਸਨ।


Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

ਮਦਦ ਦੀ ਲੋੜ ਹੈ

ਟਕਸਨ, ਐਰੀਜ਼ੋਨਾ (ਅਮਰੀਕਾ) ਵਿੱਚ ਰਹਿੰਦੇ ਪਰਿਵਾਰ ਨੂੰ ਬਜ਼ੁਰਗ ਦੀ ਸਾਂਭ-ਸੰਭਾਲ ਅਤੇ ਘਰ ਦੇ ਕੰਮਾਂ ਵਿੱਚ ਹੱਥ ਵਟਾਉਣ ਲਈ ਮਦਦ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਆਉਣ-ਜਾਣ ਦੇ ਖਰਚੇ ਵੀ ਦਿੱਤੇ ਜਾਣਗੇ।*

Help wanted, male living in house in TUCSON, Arizona (USA).

*Good pay and all expenses paid for traveling.*

ਹੋਰ ਜਾਣਕਾਰੀ ਲਈ ਸੰਪਰਕ ਕਰੋ:
ਸਰਵਣ ਸਿੰਘ ਬੋਲੀਨਾ, ਫੋਨ: 224-628-5522

BHANGRA
CLASSES
In
Naperville & Schaumburg (IL)
Oak Creek & Brookfield (WI)
Learn Bhangra, Luddi, Jhummer, Jindua, Malwai Giddha
Online Classes Available
For Kids, Youth and Adults
BHANGRA RHYMES



Contact Us
www.bhangrarhymes.com
(602) 610 0001

ਬਾਬਾ ਰਾਮਦੇਵ ਦੇ ਬਹਾਨੇ

# ਝੂਠੀ ਇਸ਼ਤਿਹਾਰਬਾਜ਼ੀ ਖਿਲਾਫ ਸੁਪਰੀਮ ਕੋਰਟ ਦਾ ਨਾਗਵਲ

ਬਾਬਾ ਰਾਮਦੇਵ ਅਤੇ ਉਸ ਦੀ ਕੰਪਨੀ ਪਤੰਜਲੀ ਖਿਲਾਫ ਸੁਪਰੀਮ ਕੋਰਟ ਵਿੱਚ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੀ ਇੱਕ ਲੋਕ ਹਿੱਤ ਪਟੀਸ਼ਨ ਰਾਹੀਂ ਝੂਠੀ ਅਤੇ ਗੁਮਰਾਹਕੁੰਨ ਇਸ਼ਤਿਹਾਰਬਾਜ਼ੀ ਖਿਲਾਫ ਸ਼ੁਰੂ ਹੋਇਆ ਕੇਸ ਹੁਣ ਸਮੁੱਚੇ ਮੀਡੀਆ ਵਿੱਚ ਛਪਦੀਆਂ ਜਾਂ ਬਰਾਡਕਾਸਟ ਹੁੰਦੀਆਂ ਝੂਠੀਆਂ ਇਸ਼ਤਿਹਾਰਬਾਜ਼ੀਆਂ ਨੂੰ ਵੀ ਆਪਣੇ ਘੇਰੇ ਵਿੱਚ ਲੈਂਦਾ ਨਜ਼ਰ ਆ ਰਿਹਾ ਹੈ। ਇਸ ਮੁਕੱਦਮੇ ਦੀ ਸੁਣਵਾਈ ਤਹਿਤ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੂੰ 'ਸ਼ੀਸ਼ੇ ਵਿੱਚ ਆਪਣਾ ਮੂੰਹ' ਵੇਖਣ ਲਈ ਵੀ ਕਹਿ ਦਿੱਤਾ ਹੈ। ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਹਿਸਾਨੂਦੀਨ ਅਮਾਨਉਲਾ 'ਤੇ ਆਧਾਰਤ ਦੋ ਮੈਂਬਰੀ ਬੈਂਚ ਨੇ ਪਤੰਜਲੀ ਇਸ਼ਤਿਹਾਰਬਾਜ਼ੀ ਕੇਸ ਵਿੱਚ ਪਟੀਸ਼ਨਰ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਆਪਣੇ ਅੰਦਰ ਵੀ ਝਾਤ ਮਾਰਨ। ਉਨ੍ਹਾਂ ਕਿਹਾ ਕਿ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਕਈ ਮੈਂਬਰ ਡਾਕਟਰਾਂ ਖਿਲਾਫ ਬਹੁਤ ਮਹਿੰਗੀਆਂ ਦਵਾਈਆਂ ਲਿਖਣ ਦੀਆਂ ਸ਼ਿਕਾਇਤਾਂ ਹਨ। ਉਨ੍ਹਾਂ ਖਿਲਾਫ ਤੁਹਾਡੀ ਸੰਸਥਾ ਵੱਲੋਂ ਕੀ ਕਾਰਵਾਈ ਕੀਤੀ ਗਈ?

ਅਦਾਲਤ ਨੇ ਇਸ ਮਾਮਲੇ ਵਿੱਚ ਨੈਸ਼ਨਲ ਮੈਡੀਕਲ ਕਮਿਸ਼ਨ ਨੂੰ ਵੀ ਮੁਦੱਈ ਵਜੋਂ ਸ਼ਾਮਲ ਹੋਣ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਇਸ ਕੇਸ ਵਿੱਚ ਤਿੰਨ ਕੇਂਦਰੀ ਮੰਤਰਾਲਿਆਂ, ਖਪਤਕਾਰ ਮਾਮਲੇ, ਸੂਚਨਾ ਤੇ ਪ੍ਰਸਾਰਣ ਅਤੇ ਸੂਚਨਾ ਤਕਨਾਲੋਜੀ ਨੂੰ ਹੁਕਮ ਕੀਤਾ ਹੈ ਕਿ ਉਹ ਖਪਤਕਾਰ ਕਾਨੂੰਨਾਂ ਦੀ ਹੁੰਦੀ ਦੁਰਵਰਤੋਂ ਬਾਰੇ ਹੁਣ ਤੱਕ ਕੀਤੀ ਗਈ ਕਾਰਵਾਈ ਸਬੰਧੀ ਦੱਸਣ। ਬੈਂਚ ਨੇ ਕੇਂਦਰ ਤੋਂ ਅਗਸਤ 2023 ਵਿੱਚ ਆਯੂਸ਼ ਦੇ ਡਰੱਗ ਕੰਟਰੋਲਰਾਂ ਨੂੰ ਜਾਰੀ ਪੱਤਰ ਬਾਰੇ ਸਪਸ਼ਟੀਕਰਨ ਵੀ ਮੰਗਿਆ ਹੈ। ਪੱਤਰ ਵਿੱਚ ਡਰੱਗ ਅਤੇ ਕੌਸਮੈਟਿਕ ਨਿਯਮ 1945 ਦੀ ਧਾਰਾ 170 ਤਹਿਤ ਸੂਬਿਆਂ ਨੂੰ ਕਾਰਵਾਈ ਨਾ ਕਰਨ ਲਈ ਕਿਹਾ ਗਿਆ ਹੈ। ਇਸ ਤਰ੍ਹਾਂ ਅਦਾਲਤ ਨੇ ਇਸ ਕੇਸ ਦਾ ਘੇਰਾ ਸਮੁੱਚੇ ਦੇਸ਼ ਵਿੱਚ ਹੁੰਦੀ ਝੂਠੀ ਅਤੇ ਗੁਮਰਾਹਕੁੰਨ ਇਸ਼ਤਿਹਾਰਬਾਜੀ ਤੱਕ ਵਧਾ ਦਿੱਤਾ ਹੈ।

ਅਦਾਲਤ ਨੇ ਇਸ ਸਬੰਧ ਵਿੱਚ ਸਾਫ ਕਰਦਿਆਂ ਕਿਹਾ ਕਿ ਅਸੀਂ ਕਿਸੇ ਇੱਕ ਅੱਧ ਜਾਂ ਵਿਸ਼ੇਸ਼ ਕੰਪਨੀ ਦੇ ਖਿਲਾਫ ਨਹੀਂ ਹਾਂ। ਸਗੋਂ ਇਹ ਇੱਕ ਜਨਤਕ ਹਿੱਤ ਪਟੀਸ਼ਨ ਦਾ ਮਾਮਲਾ ਹੈ। ਇਸ ਨਾਲ ਲੋਕ ਹਿੱਤ ਅਤੇ ਖਾਸ ਕਰਕੇ ਬੱਚਿਆਂ ਤੇ ਬਜ਼ੁਰਗਾਂ ਦੀ ਸਿਹਤ ਦਾ ਮਾਮਲਾ ਜੁੜਿਆ ਹੋਇਆ ਹੈ। ਇਸ ਕੇਸ ਵਿੱਚ ਅਦਾਲਤ ਨੇ ਫਾਸਟ ਮੂਵਿੰਗ ਗੁਡਜ਼ (ਐਫ.ਐਮ.ਸੀ.ਜੀ) ਨਾਲ ਜੁੜੀਆਂ ਕੰਪਨੀਆਂ ਨੂੰ ਵੀ ਖਿੱਚ ਲਿਆ ਹੈ। ਅਦਾਲਤ ਅਨੁਸਾਰ ਇਹ ਕੰਪਨੀਆਂ ਵੀ ਲੋਕਾਂ ਨੂੰ ਭਰਮਾਉਣ ਲਈ ਇਸ਼ਤਿਹਾਰ ਦੇ ਰਹੀਆਂ ਹਨ।

ਅਦਾਲਤ ਨੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਵਕੀਲ ਪੀ.ਐਸ. ਪਟਵਾਲੀਆ ਨੂੰ ਕਿਹਾ ਕਿ ਤੁਹਾਡੇ ਮੈਂਬਰਾਂ ਦੀਆਂ ਗੈਰ-ਇਖਲਾਕੀ ਕਾਰਵਾਈਆਂ ਬਾਰੇ ਤੁਹਾਡੇ ਕੋਲ ਵੀ ਸ਼ਿਕਾਇਤਾਂ ਆਈਆਂ ਹੋਣਗੀਆਂ, ਤੁਸੀਂ ਉਨ੍ਹਾਂ ਖਿਲਾਫ ਕੀ ਕਾਰਵਾਈ ਕੀਤੀ? ਇਸ ਦੌਰਾਨ ਅਦਾਲਤ ਵੱਲੋਂ ਬਾਬਾ ਰਾਮਦੇਵ ਦੀ ਕੰਪਨੀ ਪਤੰਜਲੀ ਵੱਲੋਂ ਅਖਬਾਰਾਂ ਵਿੱਚ ਜਨਤਕ ਤੌਰ 'ਤੇ ਮੰਗੀ ਗਈ ਮੁਆਫੀ ਬਾਰੇ ਵੀ ਸੁਣਵਾਈ ਕੀਤੀ ਗਈ। ਬਾਬਾ ਰਾਮਦੇਵ ਅਤੇ ਪਤੰਜਲੀ ਦੇ ਮੈਨੇਜਿੰਗ ਡਾਇਰੈਕਟਰ ਅਚਾਰੀਆ ਬਾਲ ਕ੍ਰਿਸ਼ਨ ਵੱਲੋਂ ਪੇਸ਼ ਹੋਏ ਵਕੀਲ ਮੁਕਲ ਰੋਹਤਗੀ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੇ ਆਪਣੇ ਗਲਤੀ ਲਈ ਦੇਸ਼ ਭਰ ਦੀਆਂ 67 ਅਖਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਮੁਆਫੀ ਮੰਗ ਲਈ ਹੈ। ਅਦਾਲਤ ਨੇ ਪੁਛਿਆ ਕਿ ਮੁਆਫੀਨਾਮੇ ਵਾਲਾ ਇਸ਼ਤਿਹਾਰ ਉਸੇ ਆਕਾਰ ਦਾ ਹੈ, ਜਿਸ ਅਕਾਰ ਦੇ ਇਸ਼ਤਿਹਾਰ ਕਥਿਤ ਦਵਾਈਆਂ ਦੀ ਪ੍ਰਮੋਸ਼ਨ ਲਈ ਦਿੰਦੇ ਹੋ? ਅਦਾਲਤ ਨੇ ਕਿਹਾ ਮੁਆਫੀਨਾਮਾ ਵੱਡੇ ਆਕਾਰ ਦਾ ਛਪਣਾ ਚਾਹੀਦਾ ਹੈ ਤਾਂ ਕਿ ਇਹ ਦਿਖਾਈ ਦੇਵੇ। ਅਦਾਲਤ ਦੇ ਇਹ ਪੁੱਛਣ 'ਤੇ ਕਿ ਅਖਬਾਰਾਂ ਵਿੱਚ ਛਪਿਆ ਮੁਆਫੀਨਾਮਾ ਕੇਸ ਦੇ ਰਿਕਾਰਡ ਵਿੱਚ ਮੌਜੂਦ ਨਹੀਂ ਹੈ ਤਾਂ ਬਾਬੇ ਦੇ ਵਕੀਲ ਨੇ ਕਿਹਾ ਕਿ ਇਹ ਮੁਹੱਈਆ ਕਰਵਾ ਦਿੱਤਾ ਜਾਵੇਗਾ। ਯਾਦ ਰਹੇ, ਅੰਗਰੇਜ਼ੀ ਅਖਬਾਰ ਹਿੰਦੁਸਤਾਨ ਟਾਈਮਜ਼ ਦੇ ਪਹਿਲੇ ਸਫੇ ਅਤੇ ਕਈ ਪੰਜਾਬੀ ਅਖਬਾਰਾਂ ਦੇ ਆਖਰੀ ਸਫੇ 'ਤੇ ਇੱਕ ਮਾਫੀਨਾਮ ਪਤੰਜਲੀ ਵੱਲੋਂ ਛਪਿਆ ਹੈ, ਪਰ ਇਹ ਛੋਟੇ ਆਕਾਰ ਦਾ ਹੈ। ਅਦਾਲਤ ਨੇ ਇਹ ਵੀ ਹਦਾਇਤ ਕੀਤੀ ਕਿ ਛਪੇ ਇਸ਼ਤਿਹਾਰਾਂ ਦੀ ਅਸਲ ਕਾਪੀ ਪੇਸ਼ ਕੀਤੀ ਜਾਵੇ, ਫੋਟੋ ਸਟੇਟ ਨਹੀਂ।

ਜਿੱਥੋਂ ਤੱਕ ਗੁਮਰਾਹਕੁੰਨ ਇਸ਼ਤਿਹਾਰਬਾਜ਼ੀ ਦਾ ਮਾਮਲਾ ਹੈ, ਇਸ ਦਾ ਘੇਰਾ ਬਹੁਤ ਵਸੀਹ ਹੈ। ਆਮ ਤੌਰ 'ਤੇ ਦੇਸੀ ਦਵਾਈਆਂ, ਮੰਤਰ ਟੂਣੇ, ਕੌਤਕੀ ਨੁਸਖਿਆਂ ਨਾਲ ਇਲਾਜ ਕਰਨ ਜਾਂ ਨਜੂਮੀਆਂ ਵਾਲੀ ਰਹੱਸਮਈ ਸ਼ਕਤੀ ਨਾਲ ਲੋਕਾਂ ਦੇ ਮਸਲੇ ਹੱਲ, ਮਨ ਭਾਉਂਦਾ ਪਿਆਰ ਹਾਸਲ ਕਰਨ, ਵਸ਼ੀਕਰਨ, ਅਖੌਤੀ ਸੈਕਸ ਸਪੈਸਲਿਸਟਾਂ ਦੀਆਂ ਕਰਾਮਾਤੀ ਦਵਾਈਆਂ ਬਾਰੇ ਪ੍ਰਿੰਟ ਮੀਡੀਆ, ਚੈਨਲਾਂ, ਸੋਸ਼ਲ ਮੀਡੀਆ 'ਤੇ ਅਣਗਿਣਤ ਇਸ਼ਤਿਹਾਰ ਚਲਦੇ ਹਨ। ਅਜਿਹੇ ਰੁਝਾਨ 'ਵਿਕਸਿਤ' ਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਅਤੇ ਪੰਜਾਬੀ ਮੀਡੀਆ ਵਿੱਚ ਵੀ ਮੌਜੂਦ ਹਨ। ਇਸ ਤੋਂ ਇਲਾਵਾ 12ਵੀਂ ਤੱਕ ਪੜ੍ਹੇ ਨੌਜਵਾਨ ਮੁੰਡਿਆਂ ਨੂੰ ਬਹੁਤੀ ਤਨਖਾਹ ਵਾਲੀਆਂ ਨੌਕਰੀਆਂ ਦੇ ਭਰਮਜਾਲ ਵਿੱਚ ਫਸਾ ਕੇ ਉਨ੍ਹਾਂ ਨੂੰ ਦੇਹ ਵਪਾਰ ਦੇ ਧੰਦੇ ਵਿੱਚ ਧੱਕ ਦੇਣ ਵਾਲੇ ਕਾਲੇ ਵਪਾਰ ਸਬੰਧੀ ਵੀ ਰੁਜ਼ਗਾਰ ਦੇ ਨਾਂ 'ਤੇ ਇਸ਼ਤਿਹਾਰ ਛਪਦੇ ਰਹਿੰਦੇ ਹਨ। ਜੋ ਜ਼ਿਕਰ ਇਥੇ ਕੀਤਾ ਗਿਆ ਹੈ, ਇਹ ਤਾਂ ਆਟੇ ਵਿੱਚ ਲੂਣ ਬਰਾਬਰ ਹੈ। ਝੂਠੀ ਇਸ਼ਤਿਹਾਰਬਾਜੀ ਦਾ ਧੰਦਾ ਪਤਾ ਨਹੀਂ ਕਿੰਨੇ ਹੀ ਖੇਤਰਾਂ ਵਿੱਚ ਵਿਆਪਕ ਤੌਰ 'ਤੇ ਫੈਲਿਆ ਹੋਇਆ ਹੈ।

ਭਾਰਤ ਦੀ ਸਰਬਉੱਚ ਅਦਾਲਤ ਵੱਲੋਂ ਇਸ ਮਾਮਲੇ ਵਿੱਚ ਕੀਤੀ ਗਈ ਪਹਿਲਕਦਮੀ ਸ਼ਲਾਘਾਯੋਗ ਹੈ; ਪਰ ਲਗਦਾ ਹੈ ਕਿ ਮਾਮਲੇ ਨੂੰ ਚੰਗੀ ਤਰ੍ਹਾਂ ਨਜਿੱਠਣ ਲਈ ਸਿਰਫ ਅਦਾਲਤੀ ਕਾਰਵਾਈ ਹੀ ਕਾਫੀ ਨਹੀਂ ਹੈ, ਸਗੋਂ ਕੇਂਦਰ ਸਰਕਾਰ ਅਤੇ ਸਾਡੀਆਂ ਰਾਜ ਸਰਕਾਰਾਂ ਤੇ ਸਥਾਨਕ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਇਸ ਮਾਮਲੇ ਵਿੱਚ ਸਖਤ ਕਦਮ ਚੁੱਕਣ ਦੀ ਲੋੜ ਹੈ। ਅਦਾਲਤਾਂ ਪ੍ਰਸ਼ਾਸਨ ਦੀ ਰੋਜ਼ਮਰਾ ਦੀ ਕਾਰਵਾਈ 'ਤੇ ਲਗਾਤਾਰ ਨਿਗਾਹ ਨਹੀਂ ਰੱਖ ਸਕਦੀਆਂ। ਇਹ ਕੰਮ ਸਰਕਾਰਾਂ ਅਤੇ ਇਨ੍ਹਾਂ ਅਧੀਨ ਕੰਮ ਕਰਦੇ ਜ਼ਿਲ੍ਹਾ ਅਤੇ ਸਥਾਨਕ ਪ੍ਰਸ਼ਾਸਨ ਦਾ ਹੈ। ਅਸਲ ਵਿੱਚ ਸਾਡੇ ਪ੍ਰਸ਼ਾਸਨਿਕ ਤੰਤਰ ਵਿੱਚ ਫੈਲਿਆ ਵਸੀਹ ਭ੍ਰਿਸ਼ਟਾਚਾਰ ਇਸ ਕਾਲੇ ਵਪਾਰ ਨੂੰ ਰੋਕਣ ਵਿੱਚ ਵੱਡਾ ਅੜਿੱਕਾ ਹੈ। ਭ੍ਰਿਸ਼ਟਾਚਾਰ ਜਦੋਂ ਸਾਡੇ ਸਰਬਉੱਚ ਨੀਂਹ ਵਿੱਚ ਵੀ ਵੜ ਜਾਵੇ ਤਾਂ ਸਮਾਜਾਂ/ਮੁਲਕਾਂ ਦਾ ਰੱਬ ਹੀ ਰਾਖਾ ਹੋ ਸਕਦਾ ਹੈ। ਇਲੈਕਸ਼ਨ ਬਾਂਡ ਵਾਲੇ ਵਰਤਾਰੇ ਨੇ ਸਾਡੇ ਅੱਗੇ ਬਹੁਤ ਵੱਡੇ ਕਾਲੇ ਸੱਚ 'ਤੋਂ ਪਰਦਾ ਚੁੱਕ ਦਿੱਤਾ ਹੈ। ਸਾਫ ਪਤਾ ਲਗਦਾ ਹੈ ਕਿ ਭ੍ਰਿਸ਼ਟਾਚਾਰ ਦੀ ਗੰਦੀ ਨਦੀ ਕਿੱਥੋਂ ਕਿੱਥੋਂ ਸਿੰਮਦੀ ਹੈ। ਇਸ ਹਕੀਕਤ ਸਾਹਮਣੇ ਦੇਸ਼ ਦਾ ਆਮ ਬੰਦਾ ਤੇ ਬੇਵੱਸ ਮਹਿਸੂਸ ਕਰਦਾ ਹੈ। ਉਹ ਇੱਕ ਸੁਚੇਤ ਨਾਗਰਿਕ ਤੋਂ ਮੂਕ ਦਰਸ਼ਕ ਬਣ ਜਾਣ ਦਾ ਸਫਰ ਤੈਅ ਕਰ ਰਿਹਾ ਹੈ। ਇਸ ਸਥਿਤੀ ਦੇ ਹੱਲ ਲਈ ਹੁਣ ਨੀਲੀ ਛੱਤ ਵਾਲੇ ਅੱਗੇ ਅਰਦਾਸ ਹੀ ਕੀਤੀ ਜਾ ਸਕਦੀ ਹੈ।

## ਪੰਜਾਬ 'ਚ ਚੋਣ ਅਖੜਾ ਮਘਣ ਲੱਗਾ

ਬਣ ਗਏ ਹਨ।

ਲਗਦਾ ਹੈ ਕਿ ਰਾਜਨੀਤਿਕ ਆਗੂਆਂ ਨੂੰ ਕਿਸੇ ਤਰ੍ਹਾਂ ਦੀਆਂ ਨੀਤੀਆਂ ਨਾਲ ਕੋਈ ਸਰੋਕਾਰ ਨਹੀਂ ਹੈ, ਨਾ ਲੋਕਾਂ ਦੇ ਕਿਸੇ ਖਾਸ ਵਰਗ ਜਾਂ ਵਰਗਾਂ ਲਈ ਕੋਈ ਕੁਮਿਟਮੈਂਟ ਹੈ। ਸੱਤਾ ਦੇ ਪੌਡੇ ਜਿੱਧਰੋਂ ਵੀ ਹਾਸਲ ਹੁੰਦੇ ਹਨ, ਉਧਰ ਚਲੇ ਜਾਂਦੇ ਹਨ। ਸ਼ਾਇਦ ਇਸੇ ਲਈ ਸੱਤਾ ਹਾਸਲ ਕਰਨ ਤੋਂ ਬਾਅਦ ਆਪਣਾ ਘਰ ਭਰਨਾ ਹੀ ਰਾਜਨੀਤਿਕ ਆਗੂਆਂ ਦਾ ਇੱਕੋ ਇੱਕ ਮਕਸਦ ਰਹਿ ਗਿਆ ਹੈ।

ਬੀਤੀ 22 ਅਪ੍ਰੈਲ ਨੂੰ ਅਕਾਲੀ ਦਲ ਵੱਲੋਂ 6 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ। ਜਲੰਧਰ ਤੋਂ ਅਕਾਲੀ ਦਲ ਨੇ ਟੀਨੂ ਦੇ ਪਲਟੀ ਮਾਰ ਜਾਣ ਪਿੱਛੋਂ ਮਹਿੰਦਰ ਸਿੰਘ ਕੇ.ਪੀ. ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰਕੇ ਉਮੀਦਵਾਰ ਬਣਾ ਲਿਆ ਹੈ। ਟੀਨੂ ਹੁਣ 'ਆਪ' ਵੱਲੋਂ ਜਲੰਧਰ ਤੋਂ ਚੋਣ ਲੜ ਰਹੇ ਹਨ। ਕਾਂਗਰਸ ਪਾਰਟੀ ਨੇ ਚਰਨਜੀਤ ਸਿੰਘ ਚੰਨੀ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਇੰਝ ਜਲੰਧਰ ਲੋਕ ਸਭਾ ਸੀਟ ਉਪਰ ਚੋਣ ਜੰਗ ਗਹਿਗੱਚ ਹੋ ਗਈ ਹੈ। ਇੱਥੋਂ ਖੜ੍ਹੇ ਹੋਏ ਚਾਰਾਂ ਵਿੱਚੋਂ ਤਿੰਨ ਉਮੀਦਵਾਰ ਪਾਰਟੀਆਂ ਅਦਲ-ਬਦਲ ਕੇ ਆਏ ਹਨ। ਇਸ ਤੋਂ ਇਲਾਵਾ ਬਹੁਜਨ ਸਮਾਜ ਪਾਰਟੀ ਅਤੇ ਅਕਾਲੀ ਦਲ ਅੰਮ੍ਰਿਤਸਰ ਵੀ ਸਾਰੀਆਂ ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰ ਰਹੇ ਹਨ। ਅਕਾਲੀ ਦਲ ਅੰਮ੍ਰਿਤਸਰ ਵੱਲੋਂ ਬਠਿੰਡਾ ਤੋਂ ਲੱਖਾ ਸਿਧਾਣਾ ਅਤੇ ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ ਚੋਣ ਲੜ ਰਹੇ ਹਨ। ਮਾਨ ਨੇ ਜ਼ਿਮਨੀ ਚੋਣ ਵਿੱਚ ਸੰਗਰੂਰ ਦੀ ਸੀਟ ਉਤੇ 'ਆਪ' ਨੂੰ ਮਾਤ ਦਿੱਤੀ ਸੀ। ਇਸ ਵਾਰ ਕਾਂਗਰਸ ਨੇ ਸੁਖਪਾਲ ਸਿੰਘ ਖਹਿਰਾ ਨੂੰ ਇੱਥੋਂ ਆਪਣਾ ਉਮੀਦਵਾਰ ਬਣਾ ਦਿੱਤਾ। ਇਸ ਕਾਰਨ ਸਿਮਰਨਜੀਤ ਸਿੰਘ ਮਾਨ ਦੀ ਡਗਰ ਮੁਸ਼ਕਿਲ ਹੋ ਗਈ ਹੈ। ਜਲੰਧਰ ਸੀਟ 'ਤੇ ਬਹੁਜਨ ਸਮਾਜ ਪਾਰਟੀ ਦੇ ਐਡਵੋਕੇਟ ਬਲਵਿੰਦਰ ਕੁਮਾਰ ਚੋਣ ਲੜ ਰਹੇ ਹਨ। ਉਹ ਵੀ ਬਾਕੀ ਉਮੀਦਵਾਰਾਂ ਨੂੰ ਟੱਕਰ ਦੇਣ ਦੇ ਸਮਰੱਥ ਹਨ। ਇਸ ਤਰ੍ਹਾਂ ਪੰਜਾਬ ਵਿੱਚ ਜਲੰਧਰ, ਸੰਗਰੂਰ, ਬਠਿੰਡਾ ਅਤੇ ਪਟਿਆਲਾ ਲੋਕ ਸਭਾ ਸੀਟਾਂ 'ਤੇ ਜ਼ਬਰਦਸਤ ਮੁਕਾਬਲਾ ਹੋਣ ਉਮੀਦ ਹੈ।

### 'ਆਪ' ਵੱਲੋਂ ਐਲਾਨੇ ਉਮੀਦਵਾਰ

ਆਮ ਆਦਮੀ ਪਾਰਟੀ ਵੱਲੋਂ ਹਲਕਾ ਗੁਰਦਾਸਪੁਰ ਤੋਂ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਗੁਰਮੀਤ ਸਿੰਘ ਖੁਡੀਆਂ ਨੂੰ ਬਠਿੰਡਾ, ਜਗਦੀਪ ਸਿੰਘ ਕਾਕਾ ਬਰਾੜ ਨੂੰ ਫਿਰੋਜਪੁਰ, ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਧਾਲੀਵਾਲ, ਖਡੂਰ ਸਾਹਿਬ ਤੋਂ ਲਾਲਜੀਤ ਸਿੰਘ ਭੁੱਲਰ, ਅਸ਼ੋਕ ਪ੍ਰਾਸ਼ਰ ਪੱਪੀ ਨੂੰ ਲੁਧਿਆਣਾ ਤੋਂ, ਜਲੰਧਰ ਤੋਂ ਪਵਨ ਕੁਮਾਰ ਟੀਨੂੰ, ਗੁਰਮੀਤ ਸਿੰਘ ਮੀਤ ਹੇਅਰ ਸੰਗਰੂਰ ਤੋਂ, ਡਾ. ਬਲਬੀਰ ਸਿੰਘ ਨੂੰ ਪਟਿਆਲਾ, ਮਾਲਵਿੰਦਰ ਸਿੰਘ ਕੰਗ ਅਨੰਦਪੁਰ ਸਾਹਿਬ, ਫਰੀਦਕੋਟ ਤੋਂ ਕਰਮਜੀਤ ਸਿੰਘ ਅਨਮੋਲ, ਹਸ਼ਿਆਰਪੁਰ ਤੋਂ ਰਾਜ ਕੁਮਾਰ ਚੱਬੇਵਾਲ, ਫਤਹਿਗੜ੍ਹ ਸਾਹਿਬ ਹਲਕੇ ਤੋਂ ਗੁਰਪ੍ਰੀਤ ਸਿੰਘ ਜੀ.ਪੀ. ਨੂੰ ਉਮੀਦਵਾਰ ਐਲਾਨਿਆ ਗਿਆ ਹੈ।

### ਅਕਾਲੀ ਦਲ ਵੱਲੋਂ ਐਲਾਨੇ ਉਮੀਦਵਾਰ

ਅਕਾਲੀ ਦਲ ਵੱਲੋਂ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ, ਲੁਧਿਆਣਾ ਤੋਂ ਰਣਜੀਤ ਸਿੰਘ ਢਿੱਲੋਂ, ਫਿਰੋਜਪੁਰ ਤੋਂ ਨਿਰਦੇਵ ਸਿੰਘ ਬੌਬੀ ਮਾਨ ਅਤੇ ਚੰਡੀਗੜ੍ਹ ਤੋਂ ਹਰਦੀਪ ਸਿੰਘ ਬੁਟਰੇਲਾ ਸ਼ਾਮਲ ਹਨ। ਗੁਰਦਾਸਪੁਰ ਤੋਂ ਡਾ. ਦਲਜੀਤ ਸਿੰਘ ਚੀਮਾ, ਅੰਮ੍ਰਿਤਸਰ ਤੋਂ ਅਨਿਲ ਜੋਸ਼ੀ, ਅਨੰਦਪੁਰ ਸਾਹਿਬ ਤੋਂ ਪ੍ਰੇਮ ਸਿੰਘ ਚੰਦੂਮਾਜਰਾ, ਫਤਹਿਗੜ੍ਹ ਸਾਹਿਬ ਤੋਂ ਬਿਕਰਮਜੀਤ ਸਿੰਘ ਖਾਲਸਾ, ਫਰੀਦਕੋਟ ਤੋਂ ਰਾਜਵਿੰਦਰ ਸਿੰਘ, ਸੰਗਰੂਰ ਤੋਂ ਇਕਬਾਲ ਸਿੰਘ ਝੂੰਦਾ, ਹੁਸ਼ਿਆਰਪੁਰ ਤੋਂ ਸੋਹਨ ਸਿੰਘ ਠੰਡਲ ਅਤੇ ਪਟਿਆਲਾ ਤੋਂ ਐਨ.ਕੇ. ਸ਼ਰਮਾ ਨੂੰ ਉਮੀਦਵਾਰ ਐਲਾਨਿਆ ਗਿਆ ਸੀ। ਇੰਝ ਅਕਾਲੀ ਦਲ ਨੇ 12 ਹਲਕਿਆਂ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਅਤੇ ਖਡੂਰ ਸਾਹਿਬ ਲੋਕ ਸਭਾ ਸੀਟ ਤੋਂ ਅਕਾਲੀ ਉਮੀਦਵਾਰ ਦਾ ਐਲਾਨ ਕੀਤਾ ਜਾਣਾ ਹਾਲੇ ਬਾਕੀ ਹੈ। ਜਾਣਕਾਰਾਂ ਅਨੁਸਾਰ ਖਡੂਰ ਸਾਹਿਬ ਤੋਂ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ, ਬਿਕਰਮਜੀਤ ਸਿੰਘ ਮਜੀਠੀਆ, ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਅਤੇ ਵਿਰਸਾ ਸਿੰਘ ਵਲਟੋਹਾ ਦੇ ਨਾਵਾਂ ਦੀ ਚਰਚਾ ਚੱਲ ਰਹੀ ਹੈ।

### ਭਾਜਪਾ ਵੱਲੋਂ ਐਲਾਨੇ ਗਏ ਉਮੀਦਵਾਰ

ਭਾਜਪਾ ਵੱਲੋਂ ਪੰਜਾਬ ਵਿੱਚ 9 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਪਾਰਟੀ ਵੱਲੋਂ ਤਰਨਜੀਤ ਸਿੰਘ ਸੰਧੂ ਅੰਮ੍ਰਿਤਸਰ ਤੋਂ, ਜਲੰਧਰ ਤੋਂ ਸੁਸ਼ੀਲ ਕੁਮਾਰ ਰਿੰਕੂ, ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ, ਹੁਸ਼ਿਆਰਪੁਰ ਤੋਂ ਅਨੀਤਾ ਸੋਮ ਪ੍ਰਕਾਸ਼, ਬਠਿੰਡੇ ਤੋਂ ਪਰਮਪਾਲ ਕੌਰ ਸਿੱਧੂ, ਮਨਜੀਤ ਸਿੰਘ ਮੰਨਾ ਖਡੂਰ ਸਾਹਿਬ ਤੋਂ, ਪਟਿਆਲਾ ਤੋਂ ਬੀਬੀ ਪ੍ਰਨੀਤ ਕੌਰ, ਫਰੀਦਕੋਟ ਤੋਂ ਹੰਸ ਰਾਜ ਹੰਸ, ਗੁਰਦਾਸਪੁਰ ਤੋਂ ਦਿਨੇਸ਼ ਸਿੰਘ ਬੱਬੂ ਅਤੇ ਚੰਡੀਗੜ੍ਹ ਤੋਂ ਸੰਜੇ ਟੰਡਨ ਨੂੰ ਉਮੀਦਵਾਰ ਐਲਾਨਿਆ ਗਿਆ ਹੈ।

### ਕਾਂਗਰਸ ਵੱਲੋਂ ਐਲਾਨੇ ਗਏ ਉਮੀਦਵਾਰ

ਕਾਂਗਰਸ ਪਾਰਟੀ ਵਲੋਂ ਪੰਜਾਬ ਵਿੱਚ ਜਿਨ੍ਹਾਂ ਉਮੀਦਵਾਰਾਂ ਦੀ ਸੂਚੀ ਐਲਾਨੀ ਗਈ ਹੈ, ਉਸ ਵਿੱਚ ਜਲੰਧਰ ਤੋਂ ਚਰਨਜੀਤ ਸਿੰਘ ਚੰਨੀ, ਸੰਗਰੂਰ ਤੋਂ ਸੁਖਪਾਲ ਸਿੰਘ ਖਹਿਰਾ, ਪਟਿਆਲਾ ਤੋਂ ਧਰਮਵੀਰ ਗਾਂਧੀ, ਅੰਮ੍ਰਿਤਸਰ ਤੋਂ ਗੁਰਜੀਤ ਸਿੰਘ ਔਜਲਾ, ਫਤਹਿਗੜ੍ਹ ਸਾਹਿਬ ਤੋਂ ਅਮਰ ਸਿੰਘ, ਹੁਸ਼ਿਆਰਪੁਰ ਤੋਂ ਯਾਮਨੀ ਗੋਮਰ, ਫਰੀਦਕੋਟ ਤੋਂ ਅਮਰਜੀਤ ਕੌਰ ਸਾਹੋਕੇ, ਬਠਿੰਡਾ ਤੋਂ ਜੀਤ ਮਹਿੰਦਰ ਸਿੰਘ ਸਿੱਧੂ ਅਤੇ ਮਨੀਸ਼ ਤਿਵਾੜੀ ਨੂੰ ਚੰਡੀਗੜ੍ਹ ਤੋਂ ਉਮੀਦਵਾਰ ਐਲਾਨਿਆ ਗਿਆ ਹੈ।


Hiring Local & Midwest Drivers and Dedicated Lanes & Owner Operators



NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ
HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ



*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਗੁਰਦੁਆਰਾ ਪੈਲਾਟਾਈਨ ਵਿੱਚ ਲੱਗਿਆ ਆਮ ਸਿਹਤ ਜਾਂਚ ਕੈਂਪ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਗੁਰਦੁਆਰਾ ਪੈਲਾਟਾਈਨ ਵਿਖੇ ਲੰਘੇ ਐਤਵਾਰ ਮੁਫ਼ਤ ਆਮ ਸਿਹਤ ਜਾਂਚ ਕੈਂਪ ਲਾਇਆ ਗਿਆ। ਇਸ ਮੌਕੇ ਵਧੇਰੇ ਗਿਣਤੀ ਵਿੱਚ ਸੰਗਤਾਂ ਨੇ ਸਿਹਤ ਸਬੰਧੀ ਵੱਖ-ਵੱਖ ਚੈੱਕਅੱਪ ਕਰਵਾਏ। ਸ਼ੁਰੂਆਤੀ ਜਾਂਚਾਂ ਤੋਂ ਬਾਅਦ ਡਾਕਟਰ ਉਨ੍ਹਾਂ ਨਾਲ ਵਾਰਤਾਲਾਪ ਪਿੱਛੋਂ ਸਵਾਲ ਪੁੱਛ ਰਹੇ ਸਨ ਅਤੇ ਲੋੜੀਦੀ ਦਵਾ-ਦਾਰੂ ਵਰਤਣ ਤੇ ਇਤਿਹਾਦ ਰੱਖਣ ਬਾਰੇ ਮਸ਼ਵਰੇ ਦੇ ਰਹੇ ਸਨ।

ਇਸ ਮੌਕੇ ਭਾਈਚਾਰੇ ਦੇ ਵੱਖ-ਵੱਖ ਡਾਕਟਰਾਂ ਵਲੋਂ ਬਲੱਡ ਪ੍ਰੈਸ਼ਰ ਤੇ ਬਲੱਡ ਗਲੂਕੋਜ਼ ਦੀ ਜਾਂਚ; ਮਾਸਪੇਸ਼ੀਆਂ, ਜੋੜਾਂ ਦੇ ਦਰਦ ਦੇ ਵਿਕਾਰ ਅਤੇ ਧੱਫੜ ਵਗੈਰਾ ਦਾ ਮੁਲੰਕਣ ਅਤੇ ਦਿਮਾਗੀ ਸਿਹਤ ਯਾਨਿ ਡਿਪਰੈਸ਼ਨ ਤੇ ਚਿੰਤਾ ਸਕਰੀਨਿੰਗ ਕੀਤੀ ਗਈ। ਸਰੀਰਕ ਦਰਦਾਂ, ਖਾਸ ਕਰ ਰੀੜ੍ਹ ਦੀ ਹੱਡੀ ਦੇ ਦਰਦ ਸਬੰਧੀ ਵੀ ਮੁਲੰਕਣ ਕੀਤਾ ਗਿਆ ਅਤੇ ਦਰਦ ਤੋਂ ਰਾਹਤ ਪਾਉਣ ਲਈ ਵਿਸ਼ੇਸ਼ ਤਰੀਕੇ ਦੀਆਂ ਕਸਰਤਾਂ ਅਤੇ ਹੋਰ ਘਰੇਲੂ ਆਹਰ-ਪਾਹਰ ਕਰਨ ਬਾਰੇ ਦੱਸਿਆ ਗਿਆ। ਇਸ ਮੌਕੇ ਦੰਦਾਂ ਦੀ ਜਾਂਚ ਕਰਨ ਦੇ ਨਾਲ ਨਾਲ ਮੂੰਹ ਦੀ ਸਿਹਤ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਦੀਵਾਨ ਹਾਲ ਦੇ ਹੇਠਾਂ ਲਾਬੀ ਵਿੱਚ ਲੱਗੇ ਇਸ ਕੈਂਪ ਦੌਰਾਨ ਕਰੀਬ ਢਾਈ ਘੰਟੇ ਸਿਹਤ ਸਬੰਧੀ ਸਲਾਹ ਸੇਵਾਵਾਂ ਉਪਲਬਧ ਸਨ। ਦਿਲ ਦੀ ਬਿਮਾਰੀ ਦੇ ਮਾਮਲਿਆਂ 'ਤੇ ਸਲਾਹ-ਮਸ਼ਵਰੇ ਤੋਂ ਇਲਾਵਾ ਹਾਰਮੋਨ ਡਿਸਆਰਡਰ, ਡਾਇਬੀਟੀਜ਼, ਥਾਇਰਾਇਡ ਰੋਗ ਦੇ ਮਰੀਜ਼ਾਂ ਲਈ ਆਮ ਜਾਂਚ ਅਤੇ ਮਾਰਗਦਰਸ਼ਨ ਮੁਹੱਈਆ ਸਨ। ਬਾਲ ਰੋਗਾਂ ਸਬੰਧੀ ਡਾਕਟਰੀ ਸਹਾਇਤਾ ਵੀ ਉਪਲਬਧ ਸੀ।

ਇਸ ਤੋਂ ਇਲਾਵਾ ਦਿਮਾਗ ਤੇ ਦਿਮਾਗੀ ਪ੍ਰਣਾਲੀ ਦੇ ਮੁਲੰਕਣ ਅਤੇ ਅੱਖਾਂ ਦੀ ਸਿਹਤ ਦੀ ਜਾਂਚ ਲਈ ਵੀ ਡਾਕਟਰ ਹਾਜ਼ਰ ਸਨ। ਕਿਸੇ ਵੀ ਤਰ੍ਹਾਂ ਦੇ ਰੋਗ ਦੀ ਨਵਿਰਤੀ ਲਈ ਆਮ ਮਿਲਦੀ ਦਵਾਈ ਖਾਣ ਤੋਂ ਪਹਿਲਾਂ ਆਪਣੇ ਡਾਕਟਰ ਦੀ ਸਲਾਹ ਲੈਣ ਲਈ ਉਤਸ਼ਾਹਿਤ ਕੀਤਾ ਗਿਆ, ਕਿਉਂਕਿ ਜ਼ਿਆਦਾਤਰ ਦਵਾਈਆਂ ਦਾ ਸਰੀਰ ਉਤੇ ਹੋਰ ਪ੍ਰਭਾਵ ਪੈਣ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ।

ਇਸ ਮੌਕੇ ਡਾਕਟਰਾਂ ਦੀ ਟੀਮ ਵਿਚ ਡਾ. ਜਸਵਿੰਦਰ ਸਿੰਘ ਚਾਵਲਾ, ਡਾ. ਵਿਕਰਮਜੀਤ ਸਿੰਘ ਗਿੱਲ, ਡਾ. ਹਰਗੁਰਮੁਖਪਾਲ ਸਿੰਘ, ਡਾ. ਅੰਮ੍ਰਿਤ ਆਨੰਦ, ਡਾ. ਨਵਦੀਪ ਕੇ ਭੱਟੀ, ਡਾ. ਧਰਮ ਸਿੰਘ ਬੈਂਸ, ਡਾ. ਅਮਰਜੀਤ ਸਿੰਘ, ਸਮੀ ਗੋਇਲ, ਡਾ. ਹਰਜੋਤ ਚਾਹਲ, ਡਾ. ਨੈਨਾ ਬਾਤਿਸ, ਡਾ. ਰਿਤੂ ਤਲਵਾਰ, ਡਾ. ਅੰਮ੍ਰਿਤ ਕੌਰ, ਡਾ. ਐਨੀ ਬਜਾਜ ਤੇ ਪ੍ਰੇਮਪ੍ਰੀਤ ਬਜਾਜ, ਡਾ. ਨਵਜੀਤ ਸੰਘੇੜਾ ਅਤੇ ਡਾ. ਰਮਨ ਭਾਖੜੀ ਸ਼ਾਮਲ ਸਨ। ਨਰਸਾਂ ਵਿੱਚ ਨੀਤੂ ਕੌਰ, ਗਗਨ ਕੇ ਸਿੰਘ, ਅੰਮ੍ਰਿਤਾ ਰੰਧਾਵਾ, ਆਂਚਲਪ੍ਰੀਤ ਕਾਹਲੋਂ ਤੇ ਸਿਮਰਨ ਵਾਲੀਆਂ ਸੇਵਾਵਾਂ ਪ੍ਰਦਾਨ ਕਰ ਰਹੀਆਂ ਸਨ।















## ਪਹਿਲੇ ਗੇੜ ਦੀਆਂ ਚੋਣਾਂ ਪਿੱਛੋਂ ਸਿਆਸੀ ਪਾਰਟੀਆਂ 'ਚ ਤਲਖੀ ਵਧੀ

ਹੱਕ ਵਿੱਚ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕਾਂਗਰਸ ਪਾਰਟੀ ਪਹਿਲਾਂ ਹੀ ਹਾਰ ਮੰਨ ਚੁੱਕੀ ਹੈ। ਦੂਜੇ ਪਾਸੇ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਆਰ.ਐਸ.ਐਸ. ਅਤੇ ਬੀ.ਜੇ.ਪੀ. ਦੇ ਸੱਤਾ 'ਤੇ ਹਾਵੀ ਹੋਣ ਨਾਲ ਜਮਹੂਰੀਅਤ ਨੂੰ ਖਤਰਾ ਖੜ੍ਹਾ ਹੋ ਗਿਆ ਹੈ।

ਮਹਾਰਾਸ਼ਟਰ ਵਿੱਚ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਰਾਹੁਲ ਗਾਂਧੀ, ਅਖਲੇਸ਼ ਯਾਦਵ ਅਤੇ ਸੋਨੀਆ ਗਾਂਧੀ 'ਤੇ ਕ੍ਰਮਵਾਰ ਸਿੱਧੇ ਤੇ ਅਸਿੱਧੇ ਹਮਲੇ ਕੀਤੇ। ਉਨ੍ਹਾਂ ਕਾਂਗਰਸ ਅਤੇ ਸਪਾ ਦੇ ਸੁਪਰੀਮ ਲੀਡਰਾਂ ਨੂੰ 'ਦੋ ਸ਼ਹਿਜ਼ਾਦਿਆਂ' ਵਜੋਂ ਸੰਬੋਧਨ ਕੀਤਾ। ਇੱਕ ਚੋਣ ਰੈਲੀ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ ਕਿ "ਦੋ ਸ਼ਹਿਜ਼ਾਦਿਆਂ ਦੀ ਜੋੜੀ ਦੀ ਫਿਲਮ ਦੀ ਸ਼ੂਟਿੰਗ ਚੱਲ ਰਹੀ ਹੈ, ਪਰ ਉਨ੍ਹਾਂ ਦੀ ਫਿਲਮ ਪਹਿਲਾਂ ਹੀ ਲੋਕਾਂ ਵੱਲੋਂ ਰੱਦ ਕੀਤੀ ਜਾ ਚੁੱਕੀ ਹੈ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਰਾਹੁਲ ਗਾਂਧੀ ਅਮੇਠੀ ਵਿੱਚੋਂ ਭੱਜਣ ਤੋਂ ਬਾਅਦ ਹੁਣ ਵਾਇਨਾਡ (ਕੇਰਲਾ) ਵਿੱਚੋਂ ਵੀ ਆਪਣੀ ਸੀਟ ਛੱਡ ਕੇ ਭੱਜਣਗੇ ਅਤੇ ਕੋਈ ਹੋਰ ਸੁਰੱਖਿਅਤ ਸੀਟ ਲੱਭਣਗੇ। ਉਨ੍ਹਾਂ ਸੋਨੀਆ ਗਾਂਧੀ 'ਤੇ ਅਸਿੱਧਾ ਹਮਲਾ ਕਰਦਿਆਂ ਕਿਹਾ ਕਿ ਜਿਹੜੇ ਵਿਰੋਧੀ ਆਗੂ ਚੋਣਾਂ ਲੜਨ ਤੋਂ ਡਰਦੇ ਹਨ, ਉਹ ਰਾਜ ਸਭਾ ਵਿੱਚ ਜਾ ਰਹੇ ਹਨ। ਅਮਿਤ ਸ਼ਾਹ ਨੇ ਵੀ ਯੂ.ਪੀ. ਦੇ ਮਥਰਾ ਵਿੱਚ ਹੇਮਾ ਮਾਲਿਨੀ ਦੇ ਹੱਕ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇੱਕ ਪਾਸੇ 'ਦੋ ਸ਼ਹਿਜ਼ਾਦੇ' ਚੋਣ ਲੜ ਰਹੇ ਹਨ, ਦੂਜੇ ਪਾਸੇ ਗਰੀਬ ਘਰ ਵਿੱਚ ਜਨਮੇ ਨਰਿੰਦਰ ਮੋਦੀ ਹਨ। ਉਨ੍ਹਾਂ ਅਖਿਆ ਕਿ ਦੂਜੇ ਗੇੜ ਵਿੱਚ ਵੀ ਲੋਕ ਵਧ ਚੜ੍ਹ ਕੇ ਭਾਰਤੀ ਜਨਤਾ ਪਾਰਟੀ ਅਤੇ ਐਨ.ਡੀ.ਏ. ਗੱਠਜੋੜ ਨੂੰ ਵੋਟਾਂ ਪਾਉਣਗੇ। ਅਮਿਤ ਸ਼ਾਹ ਨੇ ਅਸਾਮ ਦੇ ਸਿਲਚਰ ਵਿੱਚ ਹੋਈ ਇੱਕ ਹੋਰ ਰੈਲੀ ਵਿੱਚ ਕਿਹਾ ਕਿ ਜੇ ਕਾਂਗਰਸ ਸੱਤਾ ਵਿੱਚ ਆਈ ਤਾਂ ਦੇਸ਼ ਵਿੱਚ ਦੰਗੇ ਹੋਣਗੇ, ਜਦਕਿ ਭਾਜਪਾ ਨੇ ਦੰਗਕਾਰੀ ਅਤੇ ਅਤਿਵਾਦ ਖਤਮ ਕਰ ਦਿੱਤਾ ਹੈ। ਭਾਜਪਾ ਵੱਲੋਂ ਸੰਵਿਧਾਨ ਬਦਲ ਦੇਣ ਦੇ ਦੋਸ਼ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਵੱਲੋਂ ਅਨੇਕਾਂ ਵਾਰ ਸੰਵਿਧਾਨ ਬਦਲਿਆ ਗਿਆ ਹੈ, ਪਰ ਉਸ ਵੱਲੋਂ ਕਦੇ ਵੀ ਇਸ ਤਬਦੀਲੀ ਵਿੱਚ 'ਹਿੰਦੂਇਜ਼ਮ' ਨੂੰ ਸਾਹਮਣੇ ਨਹੀਂ ਰੱਖਿਆ ਗਿਆ। ਯਾਦ ਰਹੇ, ਇਸੇ ਮਹੀਨੇ ਆਪਣੇ ਇੱਕ ਬਿਆਨ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਭਾਜਪਾ ਦੀ ਸੰਵਿਧਾਨ ਬਦਲਣ ਦੀ ਕੋਈ ਇੱਛਾ ਨਹੀਂ ਹੈ। ਉਨ੍ਹਾਂ ਇਸ ਪੱਖ 'ਤੇ ਜ਼ੋਰ ਦਿੰਦਿਆਂ ਕਿਹਾ ਸੀ ਕਿ "ਹੁਣ ਭਾਵੇਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਖੁਦ ਵੀ ਆ ਜਾਣ, ਉਹ ਵੀ ਸੰਵਿਧਾਨ ਨੂੰ ਨਹੀਂ ਬਦਲ ਸਕਦੇ।"

ਉਧਰ ਇੰਡੀਆ ਗੱਠਜੋੜ ਦੇ ਆਗੂਆਂ- ਰਾਹੁਲ ਗਾਂਧੀ, ਸੰਜੇ ਸਿੰਘ ਅਤੇ ਅਖਿਲੇਸ਼ ਯਾਦਵ ਨੇ ਵੀ ਭਾਰਤੀ ਜਨਤਾ ਪਾਰਟੀ ਅਤੇ ਐਨ.ਡੀ.ਏ. ਗੱਠਜੋੜ 'ਤੇ ਤਿੱਖੇ ਹਮਲੇ ਕੀਤੇ ਹਨ। ਉਨ੍ਹਾਂ ਕਿਹਾ ਕਿ ਪਹਿਲੇ ਗੇੜ ਦੀਆਂ ਚੋਣਾਂ ਨੇ ਉੱਤਰ ਪ੍ਰਦੇਸ਼ ਵਿੱਚ ਚੋਣ ਮਾਹੌਲ ਬਦਲ ਦਿੱਤਾ ਹੈ ਅਤੇ ਬੀ.ਜੇ.ਪੀ. ਦੀ ਫਿਲਮ ਫਲੌਪ ਹੋ ਗਈ ਹੈ। ਯਾਦ ਰਹੇ, ਦੂਜੇ ਗੇੜ ਵਿੱਚ ਉੱਤਰ ਪ੍ਰਦੇਸ਼ ਵਿੱਚ ਅੱਠ ਹਲਕਿਆਂ ਵਿੱਚ ਚੋਣਾਂ ਹੋ ਰਹੀਆਂ ਹਨ। ਅਖਿਲੇਸ਼ ਯਾਦਵ ਨੇ ਕਿਹਾ, "ਬੀ.ਜੇ.ਪੀ. ਦੀ ਫਿਲਮ ਪਹਿਲੇ ਦਿਨ ਹੀ ਫਲੌਪ ਹੋ ਗਈ ਹੈ ਅਤੇ ਉਨ੍ਹਾਂ ਵੱਲੋਂ ਘੜਿਆ ਗਿਆ ਫਿਰਕੂ ਬਿਰਤਾਂਤ ਕਿਸੇ ਕੰਮ ਨਹੀਂ ਆ ਰਿਹਾ ਹੈ।" ਉਨ੍ਹਾਂ ਕਿਹਾ ਕਿ ਨਤੀਜਿਆਂ ਤੋਂ ਬਾਅਦ ਲੋਕ ਭਾਜਪਾ ਨੂੰ ਢੋਲ ਢਮੱਕੇ ਨਾਲ ਅਲਵਿਦਾ ਆਖਣਗੇ।

ਇਸੇ ਦਰਮਿਆਨ ਲੰਘੀ 21 ਅਪ੍ਰੈਲ ਨੂੰ ਵਿਰੋਧੀ ਪਾਰਟੀਆਂ ਦੇ ਇੰਡੀਆ ਗੱਠਜੋੜ ਵੱਲੋਂ ਰਾਂਚੀ ਵਿੱਚ ਇੱਕ ਸਾਂਝੀ ਰੈਲੀ ਕੀਤੀ ਗਈ। ਰਾਂਚੀ ਦੇ ਪ੍ਰਭਤਾਰਾ ਮੈਦਾਨ ਵਿੱਚ ਕੀਤੀ ਗਈ ਇਸ ਰੈਲੀ ਨੂੰ ਸੰਬੋਧਨ ਕਰਦਿਆਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਭਾਰਤ ਵਿੱਚ ਜਮਹੂਰੀਅਤ ਅਤੇ ਸੰਵਿਧਾਨ ਨੂੰ ਬਚਾਉਣ ਲਈ ਇੰਡੀਆ ਗੱਠਜੋੜ ਦੇ ਭਾਈਵਾਲਾਂ ਨੂੰ ਜਿਤਾਉਣ ਦਾ ਸੱਦਾ ਦਿੱਤਾ। ਇਸ ਰੈਲੀ ਵਿੱਚ ਇਕੱਠ ਨੂੰ ਸੰਬੋਧਨ ਕਰਦਿਆਂ ਤਿਹਾੜ ਜੇਲ੍ਹ ਵਿੱਚ ਬੰਦ 'ਆਪ' ਆਗੂ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਕੇਜਰੀਵਾਲ ਦੀ ਜਾਨ ਲੈਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕੇਜਰੀਵਾਲ ਨੂੰ ਇਨਸੂਲਿਨ ਦਾ ਟੀਕਾ ਨਹੀਂ ਲੈਣ ਦੇ ਰਹੀ, ਜਿਹੜਾ ਕਿ ਉਨ੍ਹਾਂ ਲਈ ਜ਼ਰੂਰੀ ਹੈ। ਜੇਲ੍ਹ ਵਿੱਚ ਬੰਦ ਝਾਰਖੰਡ ਮੁਕਤੀ ਮੋਰਚਾ ਦੇ ਆਗੂ ਅਤੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਪਤਨੀ ਕਲਪਨਾ ਨੇ ਵੀ ਇਸ ਰੈਲੀ ਨੂੰ ਸੰਬੋਧਨ ਕੀਤਾ। ਉਨ੍ਹਾਂ ਸਾਬਕਾ ਮੁੱਖ ਮੰਤਰੀ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਇਸ ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਦੇਸ਼ ਵਿੱਚ ਕੋਈ ਮੋਦੀ ਲਹਿਰ ਨਹੀਂ ਚੱਲ ਰਹੀ। ਉਨ੍ਹਾਂ ਕਿਹਾ ਕਿ ਜੇ ਮੋਦੀ ਲਹਿਰ ਚਲਦੀ ਹੁੰਦੀ ਤਾਂ ਕੇਜਰੀਵਾਲ ਅਤੇ ਹੇਮੰਤ ਸੋਰੇਨ ਨੂੰ ਜੇਲ੍ਹ ਵਿੱਚ ਬੰਦ ਕਰਨ ਦੀ ਜ਼ਰੂਰਤ ਸੀ?

ਇੱਥੇ ਜ਼ਿਕਰ ਕਰਨਾ ਦਰੁਸਤ ਹੋਏਗਾ ਕਿ ਦੂਜੇ ਗੇੜ ਦੀਆਂ ਵੋਟਾਂ 26 ਅਪ੍ਰੈਲ ਨੂੰ ਪੈਣਗੀਆਂ। ਇਸ ਗੇੜ ਦੌਰਾਨ 13 ਰਾਜਾਂ ਦੇ 89 ਲੋਕ ਸਭਾ ਹਲਕਿਆਂ ਵਿੱਚ ਵੋਟਾਂ ਪੈਣਗੀਆਂ। ਇਨ੍ਹਾਂ ਰਾਜਾਂ ਵਿੱਚ ਆਸਾਮ, ਬਿਹਾਰ, ਛਤੀਸਗੜ੍ਹ, ਕਰਨਾਟਕਾ, ਕੇਰਲਾ, ਮੱਧ ਪ੍ਰਦੇਸ਼, ਮਹਾਰਾਸ਼ਟਰ, ਮਨੀਪੁਰ, ਰਾਜਸਥਾਨ, ਤ੍ਰਿਪੁਰਾ, ਯੂ.ਪੀ., ਪੱਛਮੀ ਬੰਗਾਲ ਅਤੇ ਜੰਮੂ ਕਸ਼ਮੀਰ ਸ਼ਾਮਲ ਹਨ। ਭਾਰਤੀ ਕੇਂਦਰੀ ਸੱਤਾ ਦਾ ਊਠ ਕਿਸ ਕਰਵਟ ਬੈਠਦਾ ਹੈ, ਇਸ ਦਾ ਅਸਲ ਪਤਾ 4 ਜੂਨ ਨੂੰ ਹੀ ਲੱਗੇਗਾ। ਪੂਰੇ ਹਿੰਦੋਸਤਾਨ ਵਿੱਚ ਵੋਟਾਂ ਦੇ ਛੇ ਗੇੜ ਹਾਲੇ ਹੋਰ ਬਾਕੀ ਹਨ।

Gagandeep Cheema

FINANCIAL SERVICES PROFESSIONAL
847-340-6692

Services:
Debt Consolidation
Will and Estate Planning
Kids Education Planning
Retirement Planning
Annuities & 401K rollover
Insurance- Life, Disability, Long-Term Care
Funeral Planning

ਸੇਵਾਵਾਂ:
ਕਰਜ਼ੇ ਦੀ ਇਕਸਾਰਤਾ
ਵਸੀਅਤ ਅਤੇ ਜਾਇਦਾਦ ਦੀ ਯੋਜਨਾਬੰਦੀ
ਬੱਚਿਆਂ ਦੀ ਸਿੱਖਿਆ ਦੀ ਯੋਜਨਾਬੰਦੀ
ਸੇਵਾਮੁਕਤੀ ਦੀ ਯੋਜਨਾਬੰਦੀ
ਸਾਲਾਨਾ ਅਤੇ 401ਕੇ ਰੋਲਓਵਰ
ਬੀਮਾ- ਜੀਵਨ, ਅਪਾਹਜਤਾ, ਲੰਬੇ ਸਮੇਂ ਦੀ ਦੇਖਭਾਲ
ਅੰਤਿਮ ਸਸਕਾਰ ਦੀ ਯੋਜਨਾ

GCHEEMAWFG@GMAIL.COM
1699 Wall St., Suite 615, Mount Prospect, IL 60056

# ਸਿਆਸੀ ਪਾਰਟੀਆਂ ਦਾ ਪੰਜਾਬ ਨਾਲ ਨਹੀਂ ਬਾਵਸਤਾ

ਛੜੱਪੇਬਾਜ਼ੀਆਂ


ਕਮਲਜੀਤ ਸਿੰਘ ਬਨਵੈਤ
ਫੋਨ: +91-9814734035



ਪੰਜਾਬ ਦੀ ਹਰੇਕ ਪਾਰਟੀ ਦਾ ਗੱਡਾ ਫਸਿਆ ਖੜਾ ਹੈ। ਸਾਰੀਆਂ ਪਾਰਟੀਆਂ ਵਿੱਚ ਸੱਤਾ ਦੀ ਭੁੱਖ ਦੀ ਹਫੜਾ-ਦਫੜੀ ਮਚੀ ਹੋਈ ਹੈ। ਕੋਈ ਆਪਣੀ ਪਾਰਟੀ ਛੱਡ ਕੇ ਜਾ ਰਿਹਾ ਹੈ। ਕੋਈ ਅੰਦਰ ਰਹਿ ਕੇ ਭੰਨਤੋੜ ਕਰ ਰਿਹਾ ਹੈ। ਹਰੇਕ ਪਾਰਟੀ ਅਤੇ ਹਰੇਕ ਲੀਡਰ ਨੂੰ ਸੱਤਾ ਦੀ ਭੁੱਖ ਹੈ। ਕੁਰਸੀ ਦੀ ਲਾਲਸਾ ਹੈ। ਕਿਸੇ ਨੂੰ ਪੰਜਾਬ ਦੀ ਚਿੰਤਾ ਨਹੀਂ। ਕਿਸੇ ਵੀ ਸਿਆਸੀ ਪਾਰਟੀ ਜਾਂ ਲੀਡਰ ਦਾ ਪੰਜਾਬ ਨਾਲ ਕੋਈ ਬਾਵਸਤਾ ਨਹੀਂ ਰਹਿ ਗਿਆ ਲੱਗਦਾ ਹੈ। ਸਭ ਤੋਂ ਵੱਧ ਜ਼ਿੰਮੇਵਾਰੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬ ਦੇ ਹੱਕਾਂ ਲਈ ਡਟਣ ਦੀ ਬਣਦੀ ਹੈ। ਮੋਰਚਿਆਂ ਦੇ ਇਤਿਹਾਸ ਵਾਲੀ ਪਾਰਟੀ ਹੈ, ਸੰਘਰਸ਼ ਨਾਲ ਸ਼ੁਰੂ ਤੋਂ ਨਾਤਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਚੇਤਿਆਂ ਵਿੱਚੋਂ ਵੀ ਪੰਜਾਬ ਵਿਸਰ ਗਿਆ ਲੱਗਦਾ ਹੈ।

ਸਿਤਮ ਦੀ ਗੱਲ ਇਹ ਕਿ ਸਿਆਸੀ ਪਾਰਟੀਆਂ ਪੰਜਾਬ ਲਈ ਇੰਨੀਆਂ ਨਿਰਮੋਹੀਆਂ ਹੋ ਗਈਆਂ ਹਨ ਕਿ ਚੋਣਾਂ ਵੇਲੇ ਦੀ ਪੰਜਾਬ ਦੇ ਨਾਲ ਹੋ ਰਹੀ ਬੇਇਨਸਾਫੀ ਦੀ ਯਾਦ ਨਹੀਂ ਆਈ ਹੈ। ਸ਼੍ਰੋਮਣੀ ਅਕਾਲੀ ਦਲ ਉੱਤੇ ਹਮੇਸ਼ਾ ਇਹ ਦੋਸ਼ ਲੱਗਦਾ ਰਿਹਾ ਹੈ ਕਿ ਜਦੋਂ ਉਹ ਸੱਤਾ ਵਿੱਚ ਹੁੰਦੇ ਹਨ ਤਾਂ ਉਨ੍ਹਾਂ ਨੂੰ ਚੰਡੀਗੜ੍ਹ ਸਮੇਤ ਪੰਜਾਬ ਨਾਲ ਸੰਬੰਧਿਤ ਮਸਲੇ ਭੁੱਲ ਜਾਂਦੇ ਹਨ ਅਤੇ ਜਦੋਂ ਕੁਰਸੀ ਦੂਰ ਚਲੇ ਜਾਂਦੀ ਹੈ ਤਾਂ ਇਹੋ ਮਸਲੇ ਯਾਦ ਆਉਣ ਲੱਗ ਪੈਂਦੇ ਹਨ। ਸ਼੍ਰੋਮਣੀ ਅਕਾਲੀ ਦਲ ਸਮੇਤ ਦੂਜੀਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਪਿਛਲੀਆਂ ਕਈ ਵਾਰ ਦੀਆਂ ਚੋਣਾਂ ਦੌਰਾਨ ਪੰਜਾਬ ਦੇ ਚੰਡੀਗੜ੍ਹ ਨਾਲ ਜੁੜੇ ਮਸਲੇ ਵਿਸਾਰੀ ਰੱਖੇ ਹਨ। ਹੁਣ ਤਾਂ ਚੋਣ ਮੈਨੀਫੈਸਟੋ ਵਿੱਚ ਵੀ ਚੰਡੀਗੜ੍ਹ ਦਾ ਜ਼ਿਕਰ ਨਹੀਂ ਹੁੰਦਾ ਹੈ।

ਚੰਡੀਗੜ੍ਹ ਅਤੇ ਪੰਜਾਬ ਨਾਲ ਜੁੜੇ ਮਸਲਿਆਂ ਬਾਰੇ ਗੱਲ ਕਰਨ ਦੀ ਅੱਜ ਇਸ ਕਰਕੇ ਲੋੜ ਪੈ ਗਈ ਹੈ, ਕਿਉਂਕਿ ਹਰਿਆਣਾ ਵੱਲੋਂ ਵੱਖਰੀ ਰਾਜਧਾਨੀ ਅਤੇ ਵੱਖਰੀ ਹਾਈਕੋਰਟ ਬਣਾਉਣ ਦੀ ਮੰਗ ਦੁਬਾਰਾ ਉੱਠ ਪਈ ਹੈ। ਇਹ ਮੰਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸੇਵਾ ਮੁਕਤ ਜਸਟਿਸ ਨਵਾਬ ਸਿੰਘ ਹਰਿਆਣਾ ਦੇ ਸਾਬਕਾ ਮੁੱਖ ਸਕੱਤਰ ਐਸ.ਸੀ. ਚੌਧਰੀ ਅਤੇ ਪੰਜਾਬ-ਹਰਿਆਣਾ ਤੇ ਚੰਡੀਗੜ੍ਹ ਬਾਰ ਕੌਂਸਲ ਦੇ ਸਾਬਕਾ ਪ੍ਰਧਾਨ ਰਣਧੀਰ ਸਿੰਘ ਵੱਲੋਂ ਉਠਾਈ ਗਈ ਹੈ। ਹਾਈਕੋਰਟ ਦੇ ਸੇਵਾ ਮੁਕਤ ਜਸਟਿਸ ਤੇ ਸੂਬੇ ਦੇ ਹੋਰ ਸਾਬਕਾ ਅਧਿਕਾਰੀਆਂ ਵੱਲੋਂ 'ਹਰਿਆਣਾ ਬਣਾਓ' ਅਭਿਆਨ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਨ੍ਹਾਂ ਆਗੂਆਂ ਦਾ ਸਾਂਝੇ ਤੌਰ 'ਤੇ ਕਹਿਣਾ ਹੈ ਕਿ ਹਰਿਆਣਾ ਮੁਲਕ ਦਾ ਇੱਕੋ ਇੱਕ ਅਜਿਹਾ ਸੂਬਾ ਹੈ, ਜਿਸ ਕੋਲ ਆਪਣੀ ਨਾ ਰਾਜਧਾਨੀ ਹੈ ਅਤੇ ਨਾ ਹੀ ਹਾਈ ਕੋਰਟ ਹੈ। ਹਰਿਆਣਾ ਦੀ ਧਰਤੀ ਪੰਚਕੂਲਾ ਵਿੱਚ ਸਥਿਤ ਰੇਲਵੇ ਸਟੇਸ਼ਨ ਦਾ




ਚੰਡੀਗੜ੍ਹ ਰੇਲਵੇ ਸਟੇਸ਼ਨ ਤੇ ਮੋਹਾਲੀ ਸਥਿਤ ਹਵਾਈ ਅੱਡੇ ਨਾਲ ਕੋਈ ਸਬੰਧ ਨਹੀਂ ਹੈ, ਇਸ ਲਈ ਹਰਿਆਣਾ ਨੂੰ ਵੱਖਰੀ ਰਾਜਧਾਨੀ ਮਿਲਣੀ ਚਾਹੀਦੀ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਜੇ ਹਰਿਆਣਾ ਲਈ ਵੱਖਰਾ ਹਾਈਕੋਰਟ ਜਾਂ ਰਾਜਧਾਨੀ ਬਣਦੀ ਹੈ ਤਾਂ ਉੱਥੋਂ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਸਾਧਨ ਪੈਦਾ ਹੋਣਗੇ ਅਤੇ ਲੋਕਾਂ ਨੂੰ ਛੋਟੇ ਛੋਟੇ ਕੰਮਾਂ ਲਈ ਚੰਡੀਗੜ੍ਹ ਵੀ ਨਹੀਂ ਆਉਣਾ ਪਵੇਗਾ। ਸੇਵਾ ਮੁਕਤ ਅਫਸਰਸ਼ਾਹੀ ਅਤੇ ਉੱਚ ਅਫਸਰਾਂ ਵੱਲੋਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਹ ਮੰਗ ਚੋਣ ਮੈਨੀਫੈਸਟੋ ਦਾ ਹਿੱਸਾ ਬਣਾਉਣ ਦੀ ਸਲਾਹ ਦਿੱਤੀ ਗਈ ਹੈ।

ਹੈਰਾਨੀ ਇਸ ਗੱਲ ਦੀ ਹੈ ਕਿ ਹਰਿਆਣਾ, ਜਿਸ ਦਾ ਪੰਜਾਬ ਦੀ ਹਿੱਕ ਉੱਤੇ ਉਸਾਰੇ ਗਏ ਚੰਡੀਗੜ੍ਹ ਉੱਤੇ ਕੋਈ ਅਧਿਕਾਰ ਨਹੀਂ ਹੈ, ਉਹ ਐਵੀਂ ਦੀਆਂ ਬੜਕਾਂ ਮਾਰਨ ਲੱਗਾ ਹੈ। ਪੰਜਾਬ ਦੇ 27 ਪਿੰਡ ਉਜਾੜ ਕੇ ਚੰਡੀਗੜ੍ਹ ਦਾ ਵਸੇਬਾ ਕੀਤਾ ਗਿਆ ਸੀ, ਅੱਜ ਉਹੀ ਲੋਕ ਚੰਡੀਗੜ੍ਹ ਵਿੱਚ ਆਪਣੇ ਆਪ ਨੂੰ ਬੇਗਾਨਾ ਮਹਿਸੂਸ ਕਰਨ ਲੱਗੇ ਹਨ। ਪੰਜਾਬੀ ਬੋਲੀ ਨਾਲ ਜਾਣ-ਬੁੱਝ ਕੇ ਮਤਰੇਈ ਮਾਂ ਵਾਲਾ ਵਤੀਰਾ ਅਪਨਾਇਆ ਗਿਆ ਹੈ।

ਹੁਣ ਜਦੋਂ ਹਰਿਆਣਾ ਦੀ ਕਰੀਮ ਬਿਨਾ ਕਿਸੇ ਦਲੀਲ ਦੇ ਆਪਣੇ ਸੂਬੇ ਦੇ ਹੱਕ ਵਿੱਚ ਡੱਟ ਗਈ ਹੈ, ਤਦ ਦਿਲ ਨੂੰ ਉਦੋਂ ਹੋਰ ਵੀ ਦੁੱਖ ਲੱਗਦਾ ਹੈ ਜਦੋਂ ਪੰਜਾਬ ਦੀਆਂ ਸਾਰੀ ਸਿਆਸੀ ਪਾਰਟੀਆਂ ਅਤੇ ਲੀਡਰਾਂ ਦੇ ਮੂੰਹ ਸੀਤੇ ਗਏ ਹਨ। ਸਿਤਮ ਤਾਂ ਉਦੋਂ ਹੋ ਗਿਆ, ਜਦੋਂ ਕਿਸੇ ਲੀਡਰ ਨੇ ਜਾਂ ਪਾਰਟੀ ਨੇ ਮੋੜਵਾਂ ਬਿਆਨ ਦੇਣ ਦੀ ਲੋੜ ਵੀ ਨਹੀਂ ਸਮਝੀ ਹੈ। ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਰਿਆਣਾ ਵੱਲੋਂ ਹਾਈ ਕੋਰਟ ਲਈ ਜ਼ਮੀਨ ਦੀ ਮੰਗ ਕਰਨ 'ਤੇ ਜਦੋਂ ਪੰਜਾਬ ਲਈ ਚੰਡੀਗੜ੍ਹ ਵਿੱਚ ਜ਼ਮੀਨ ਦੀ ਮੰਗ ਰੱਖ ਦਿੱਤੀ ਤਾਂ ਚੰਡੀਗੜ੍ਹ ਨਾਲ ਬਾਵਸਤਾ ਰੱਖਣ ਵਾਲੇ ਸਾਰੇ ਹੱਕੇ-ਬੱਕੇ ਰਹਿ ਗਏ ਸਨ। ਭਲਾ ਕੋਈ ਪੁੱਛੇ ਆਪਣੀ ਰਾਜਧਾਨੀ ਵਿੱਚ ਵੀ ਆਪਣੀ ਹਾਈ ਕੋਰਟ ਲਈ ਕੋਈ ਵੱਖਰੀ ਥਾਂ ਮੰਗਦਾ ਹੈ!

ਹੁਣ ਜਦੋਂ ਸ਼੍ਰੋਮਣੀ ਅਕਾਲੀ ਦਲ ਸਿਆਸੀ ਤੌਰ 'ਤੇ ਹਾਸ਼ੀਏ ਤੋਂ ਬਾਹਰ ਜਾ ਚੁੱਕਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੇ ਬਹਿਬਲ ਕਲਾਂ ਗੋਲੀ ਕਾਂਡ ਨਾਲ ਜੁੜੇ ਮੁੱਦੇ ਖਹਿੜਾ ਨਹੀਂ ਛੱਡ ਰਹੇ ਹਨ ਤਾਂ ਅਕਾਲੀ ਦਲ ਕੋਲ ਚੰਡੀਗੜ੍ਹ ਅਤੇ ਪੰਜਾਬ ਨਾਲ ਜੁੜੇ ਮੁੱਦੇ ਉਭਾਰਨ ਦਾ ਸੁਨਹਿਰੀ ਮੌਕਾ ਹੱਥ ਲੱਗ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਤਾਂ ਜਿਵੇਂ ਚੰਡੀਗੜ੍ਹ ਦੇ ਹੱਕ ਵਿੱਚ ਨਾ ਡੱਟਣ ਦੀ ਕਸਮ ਖਾ ਲਈ ਹੋਵੇ। ਚੰਡੀਗੜ੍ਹ ਵਿੱਚ ਪੰਜਾਬ ਅਤੇ ਪੰਜਾਬੀਆਂ ਨਾਲ ਹੋ ਰਹੇ ਧੱਕੇ ਦੇ ਖਿਲਾਫ ਜੇ ਸੁਖਬੀਰ ਸਿੰਘ ਬਾਦਲ ਡਟ ਜਾਣ ਤਾਂ 'ਪੰਜਾਬ ਬਚਾਓ ਯਾਤਰਾ' ਨਾਲੋਂ ਕਿਧਰੇ ਵੱਧ ਸਿਆਸੀ ਲਾਹਾ ਖੱਟਿਆ ਜਾ ਸਕਦਾ ਹੈ। ਚੰਡੀਗੜ੍ਹ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਆਂ ਨਾਲ ਕਿਹੜਾ ਪਹਿਲੀ ਵਾਰ ਵੈਰ ਕਮਾਇਆ ਜਾਣ ਲੱਗਾ ਹੈ! ਸਿਆਸੀ ਪਾਰਟੀਆਂ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ।

ਪੰਜਾਬ ਦੇ ਹੱਥੋਂ ਪੰਜਾਬ ਯੂਨੀਵਰਸਿਟੀ ਖਿਸਕਣ ਸਮੇਂ ਜੇ ਜਾਗਰੂਕ ਪੰਜਾਬੀ ਇਹ ਮਸਲਾ ਵੀ ਸਿਆਸੀ ਲੀਡਰਾਂ ਉੱਤੇ ਛੱਡ ਦਿੰਦੇ ਤਾਂ ਪੰਜਾਬ ਦੀ ਹਿੱਕ 'ਤੇ ਉਸਰੀ ਪੰਜਾਬ ਯੂਨੀਵਰਸਿਟੀ ਵੀ ਹੱਥੋਂ ਨਿਕਲ ਜਾਣੀ ਸੀ। ਹਰਿਆਣਾ ਨੇ ਹੁਣ ਆਪਣੇ ਸੂਬੇ ਦੇ ਕਾਲਜ ਪੰਜਾਬ ਯੂਨੀਵਰਸਿਟੀ ਨਾਲ ਜੋੜਨ ਦੀ ਮੰਗ ਰੱਖ ਦਿੱਤੀ ਹੈ। ਹਰਿਆਣਾ ਤੋਂ ਇਹ ਜਰਿਆ ਨਹੀਂ ਜਾਂਦਾ ਕਿ ਪੰਜਾਬ ਯੂਨੀਵਰਸਿਟੀ ਸੈਨਟ ਉਸ ਦੇ ਕੰਟਰੋਲ ਵਿੱਚ ਨਹੀਂ ਹੈ।

ਇਤਿਹਾਸ ਬੋਲਦਾ ਹੈ ਕਿ ਹਰਿਆਣਾ ਵੱਲੋਂ ਜਦੋਂ ਕਈ ਦਹਾਕੇ ਪਹਿਲਾਂ ਆਪਣੀ ਰਾਜਧਾਨੀ ਵੱਖਰੀ ਬਣਾਉਣ ਲਈ ਮੰਗ ਰੱਖੀ ਸੀ ਤਾਂ ਉਸ ਵੇਲੇ ਹਰਿਆਣਾ ਦੇ ਖਾਤੇ ਵਿੱਚ ਕਰੋੜਾਂ ਰੁਪਏ ਪਾ ਵੀ ਦਿੱਤੇ ਗਏ ਸਨ, ਪਰ ਹਰਿਆਣਾ ਆਪ ਮੰਗ ਰੱਖ ਕੇ ਆਪ ਹੀ ਮੁੱਕਰ ਗਿਆ ਸੀ। ਹੁਣ ਜਿਹੜੇ ਹਰਿਆਣਾ ਲਈ ਵੱਖਰੀ ਰਾਜਧਾਨੀ ਦੀ ਮੰਗ ਰੱਖਣ ਲੱਗੇ ਹਨ, ਪੰਜਾਬ ਦੇ ਸਿਆਸੀ ਲੀਡਰ ਘੱਟੋ ਘੱਟ ਉਨ੍ਹਾਂ ਨੂੰ ਉਹ ਵੇਲਾ ਤਾਂ ਯਾਦ ਕਰਾ ਦਿੰਦੇ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਿਸਥਾਰ ਲਈ ਪਿੰਡ ਸਾਰੰਗਪੁਰ ਵਿੱਚ ਦਸ ਏਕੜ ਜ਼ਮੀਨ ਹੋਰ ਅਲਾਟ ਕਰ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਹਰਿਆਣਾ ਵਿਧਾਨ ਸਭਾ ਲਈ ਚੰਡੀਗੜ੍ਹ ਅਤੇ ਮਨੀ ਮਾਜਰਾ ਵਿਚਕਾਰ ਵੱਖਰੀ ਜ਼ਮੀਨ ਅਲਾਟ ਕਰਨ ਦੀ ਮੰਗ ਮੰਨ ਲਈ ਗਈ ਸੀ, ਪਰ ਹਰਿਆਣਾ ਉਸ ਤੋਂ ਵੀ ਪਿੱਛੇ ਹੱਟ ਗਿਆ ਲੱਗਦਾ ਹੈ।

ਹੁਣ ਚੋਣਾਂ ਤੋਂ ਪਹਿਲਾਂ ਤਾਂ ਸਿਆਸੀ ਪਾਰਟੀਆਂ ਨੂੰ ਚੰਡੀਗੜ੍ਹ ਉੱਤੇ ਪੰਜਾਬ ਦਾ ਬਣਦਾ ਹੱਕ ਕਾਇਮ ਰੱਖਣ ਲਈ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਹ ਉਹ ਮੁੱਦੇ ਹਨ, ਜਿਹੜੇ ਲੋਕਾਂ ਦੇ ਦਿਲਾਂ ਦੇ ਨੇੜੇ ਹਨ। ਲੋਕ ਪੰਜਾਬ ਲਈ ਖੜ੍ਹਨ ਵਾਲੀਆਂ ਪਾਰਟੀਆਂ ਅਤੇ ਲੀਡਰਾਂ ਨੂੰ ਪਸੰਦ ਕਰਦੇ ਹਨ। ਪੰਜਾਬੀਆਂ ਦੀ ਫਿਤਰਤ ਔਖੇ ਵੇਲੇ ਡੱਟਣ ਦੀ ਹੈ। ਹੁਣ ਅਕਾਲੀ ਦਲ ਲਈ ਇਹ ਸੁਨਹਿਰੀ ਮੌਕਾ ਹੈ, ਜਦੋਂ ਲੋਕਾਂ ਦੀ ਦੁਖਦੀ ਰਗ 'ਤੇ ਹੱਥ ਧਰਿਆ ਜਾ ਸਕਦਾ ਹੈ।


**Matrimonial**

ਲੜਕੇ ਦੀ ਭਾਲ

Ramgarhia Sikh family is looking for a suitable match for their Canadian PR daughter 31, 5'-8" beautiful, family oriented, graduated in M.B.A. (Canada). The boy must be from USA or Canada, professionally qualified, well settled and with good family values. Serious enquiries only. Please respond to hunjan.inders@gmail.com with bio-data.

'ਪੰਜਾਬੀ ਪਰਵਾਜ਼' ਵਿੱਚ ਇਸ਼ਤਿਹਾਰ ਲਵਾਉਣ ਲਈ ਸੰਪਰਕ ਕਰੋ:
ਫੋਨ: 224-386-4548

DIABETIC LIMB SALVAGE AND MAJOR AMPUTATION PREVENTION
Dr. Singh is the Only Foot and Ankle Surgeon in Illinois with the following training:



Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.

He has over 30 years of surgical experience
HINDI, PUNJABI, ENGLISH AND SPANISH

UCLA: BS Biochemistry Cum Laude
San Francisco: Podiatric Medical School
VA WEST LA: Surgical /Trauma Residency Foot/Ankle

847-310-1600

Bunions, sports medicine, Pediatric foot deformity, ingrown toenails, warts and Diabetic Limb Salvage

St Alexius Medical Center
1555 Barrington Rd, Building 1, Suite 235 (2nd floor) • Hoffman Estates, IL 60169

CALL FOR A FREE QUOTE: Auto • Home • Condo • Life

Bicky Sarkaria
847-465-1484
gursingh@allstate.com

482 N. Milwaukee #3
Wheeling, IL

15700 103rd St #250
Lemont, IL

Building a stronger community together

Allstate
You're In Good Hands With Allstate

*ਕਾਰਾਂ ਤੇ ਘਰਾਂ ਦੀ ਇੰਸ਼ੋਰੈਂਸ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ *ਅਸੀਂ ਜੀਵਨ ਬੀਮਾ ਵੀ ਕਰਦੇ ਹਾਂ



# ‘ਮਾਤਾ ਧਰਤਿ ਮਹਤੁ’ ਜਾਣੀਏ ਤਾਂ ਸਹੀ !

## ਵਿਸ਼ਵ ਧਰਤੀ ਦਿਵਸ

**ਤਰਜੀਹਾਂ**

ਡਾ. ਪੀ. ਐੱਸ. ਤਿਆਗੀ
ਫੋਨ: +91-9855446519

ਧਰਤੀ ਕੀ ਹੈ? ਧਰਤੀ ਸੂਰਜ ਤੋਂ ਤੀਜਾ ਸਭ ਤੋਂ ਨਜ਼ਦੀਕੀ ਅਤੇ ਸੂਰਜੀ ਸਿਸਟਮ ਦਾ ਪੰਜਵਾਂ ਸਭ ਤੋਂ ਵੱਡਾ ਗ੍ਰਹਿ ਹੈ। ਇਹ ਇੱਕੋ-ਇੱਕ ਗ੍ਰਹਿ ਹੈ, ਜੋ ਰਹਿਣ ਯੋਗ ਹੈ। ਇਹ 4.5 ਬਿਲੀਅਨ ਸਾਲ ਪਹਿਲਾਂ ਬਣਿਆ ਸੀ, ਪਰ ਮਨੁੱਖ 18 ਲੱਖ ਸਾਲ ਪਹਿਲਾਂ ਵੀ ਧਰਤੀ ਉੱਤੇ ਪ੍ਰਗਟ ਨਹੀਂ ਹੋਇਆ ਸੀ। ਧਰਤੀ ‘ਤੇ ਮਨੁੱਖ ਦਾ ਵਿਕਾਸ ਲੰਬਾ ਸਮਾਂ ਲੱਗ ਸਕਦਾ ਹੈ, ਪਰ ਜੇਕਰ ਅਸੀਂ ਇਸ ਦੀ ਤੁਲਨਾ ਧਰਤੀ ਦੀ ਉਤਪਤੀ ਨਾਲ ਕਰੀਏ ਤਾਂ ਇਹ ਧਰਤੀ ਦੇ ਇਤਿਹਾਸ ਦਾ ਇੱਕ ਛੋਟਾ ਜਿਹਾ ਹਿੱਸਾ ਹੈ। ਕਲਪਨਾ ਕਰੋ ਕਿ ਧਰਤੀ ਦੇ ਪੂਰੇ ਇਤਿਹਾਸ ਨੂੰ ਸਿਰਫ਼ 12 ਘੰਟਿਆਂ ਵਿੱਚ ਨਿਚੋੜ ਦਿੱਤਾ ਗਿਆ ਹੈ। ਜਦੋਂ ਅਸੀਂ ਸਮੇਂ ਨੂੰ ਇਸ ਤਰੀਕੇ ਨਾਲ ਸੋਚਦੇ ਹਾਂ, ਤਾਂ ਮਨੁੱਖ ਸਿਰਫ 17-18 ਸਕਿੰਟ ਪਹਿਲਾਂ ਪ੍ਰਗਟ ਹੋਇਆ ਸੀ, ਪਰ ਇਸ ਥੋੜ੍ਹੇ ਸਮੇਂ ਵਿੱਚ ਮਨੁੱਖ ਨੇ ਧਰਤੀ ਉੱਤੇ ਬਹੁਤ ਵੱਡਾ ਪ੍ਰਭਾਵ ਪਾਇਆ। ਧਰਤੀ ਦੀ ਰਚਨਾ ਮਨੁੱਖਤਾ ਲਈ ਸਭ ਤੋਂ ਵੱਡਾ ਤੋਹਫ਼ਾ ਸੀ। ਪਰਮਾਤਮਾ ਨੇ ਇਸ ਨੂੰ ਬਿਨਾ ਕਿਸੇ ਵਿਤਕਰੇ ਅਤੇ ਬਿਨਾ ਕਿਸੇ ਰਾਜਨੀਤਿਕ ਹੱਦਾਂ ਦੇ ਸਾਰਿਆਂ ਲਈ ਬਣਾਇਆ ਹੈ। ਮਨੁੱਖ ਦੇ ਲਾਲਚ ਜਾਂ ਸਮੇਂ ਦੀ ਮੰਗ ਕਹਿ ਲਵੋ, ਮਨੁੱਖ ਨੇ ਧਰਤੀ ਨੂੰ ਮਹਾਂਦੀਪਾਂ, ਦੇਸ਼ਾਂ, ਰਾਜਾਂ ਅਤੇ ਸ਼ਹਿਰਾਂ ਦੇ ਰੂਪ ਵਿੱਚ ਰਾਜਨੀਤਿਕ ਹੱਦਾਂ ਵਿੱਚ ਵੰਡ ਦਿੱਤਾ।

ਗੁਰਬਾਣੀ ਅਨੁਸਾਰ ਧਰਤੀ ਨੂੰ ਮਾਤਾ ਕਿਹਾ ਗਿਆ ਹੈ, “ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤ॥” ਪਰ ਕੀ ਅਸੀਂ ਸੱਚਮੁੱਚ ਧਰਤੀ ਨੂੰ ਮਾਂ ਮੰਨਦੇ ਹਾਂ? ਜਵਾਬ ਨਾਂਹ ਵਿੱਚ ਹੈ। ਜਿਉਂ ਜਿਉਂ ਮਨੁੱਖ ਉੱਨਤ ਹੁੰਦਾ ਗਿਆ ਅਤੇ ਉਦਯੋਗਿਕ ਕ੍ਰਾਂਤੀ ਵਧਦੀ ਗਈ, ਮਨੁੱਖ ਨੇ ਧਰਤੀ ਮਾਂ ਨੂੰ ਵਿਗਾੜਨਾ ਸ਼ੁਰੂ ਕਰ ਦਿੱਤਾ। ਮਨੁੱਖ ਨੇ ਧਰਤੀ ਮਾਂ ਦੇ ਸੀਨੇ ਨੂੰ ਵਾਰ-ਵਾਰ ਛਲਣੀ ਕੀਤਾ- ਕਦੇ ਪਾਣੀ ਦੇ ਪੰਪਾਂ ਲਈ ਬੋਰ ਬਣਾ ਕੇ, ਕਦੇ ਇਮਾਰਤਾਂ ਦੀਆਂ ਨੀਂਹਾਂ ਪੁੱਟ ਕੇ, ਕਦੇ ਮੈਟਰੋ ਟਰੇਨਾਂ ਲਈ ਸੁਰੰਗਾਂ ਬਣਾ ਕੇ, ਕਦੇ ਸੜਕਾਂ ਬਣਾ ਕੇ ਆਦਿ। ਧਰਤੀ ਮਾਂ ਚੁੱਪ ਚਾਪ ਮਨੁੱਖ ਦੇ ਤਸੀਹੇ ਝੱਲਦੀ ਰਹੀ; ਪਰ ਜਦੋਂ ਮਨੁੱਖ ਨੇ ਧਰਤੀ ਦੇ ਆਲੇ-ਦੁਆਲੇ ਦੇ ਵਾਯੂਮੰਡਲ ਨੂੰ ਪ੍ਰਦੂਸ਼ਿਤ ਕਰਕੇ ਇਸਨੂੰ ਜ਼ਹਿਰੀਲਾ ਬਣਾਉਣਾ ਸ਼ੁਰੂ ਕਰ ਦਿੱਤਾ ਅਤੇ ਆਪਣੀਆਂ ਗਤੀਵਿਧੀਆਂ ਰਾਹੀਂ ਕੁਦਰਤੀ ਸੰਤੁਲਨ ਨੂੰ ਵਿਗਾੜਨਾ ਸ਼ੁਰੂ ਕਰ ਦਿੱਤਾ, ਫਿਰ ਕੁਦਰਤ ਨੇ ਵੱਖ-ਵੱਖ ਮਾੜੇ ਪ੍ਰਭਾਵਾਂ ਰਾਹੀਂ ਮਨੁੱਖ ਨੂੰ ਆਪਣੀ ਮੌਜੂਦਗੀ ਦੀ ਯਾਦ ਦਿਵਾਉਣੀ ਸ਼ੁਰੂ ਕਰ ਦਿੱਤੀ, ਜਿਵੇਂ ਕਿ ਧਰਤੀ ਦੇ ਭੂਚਾਲ, ਜਲਵਾਯੂ ਤਬਦੀਲੀ, ਬਿਮਾਰੀਆਂ, ਮਿੱਟੀ ਦੀ ਉਪਜਾਊ ਸ਼ਕਤੀ ਦੇ ਨੁਕਸਾਨ, ਕੁਪੋਸ਼ਣ, ਸਾਹ ਦੀ ਸਮੱਸਿਆ ਆਦਿ।

ਮਨੁੱਖ ਦੀ ਹੋਂਦ ਨੂੰ ਸੁਰੱਖਿਅਤ ਰੱਖਣ ਲਈ, ਸਾਨੂੰ ਧਰਤੀ ਦੀ ਰੱਖਿਆ ਅਤੇ ਇਸ ਦੀ ਸੰਭਾਲ ਕਰਨ ਦੀ ਲੋੜ ਹੈ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਾਰੇ ਜੀਵ ਜੰਤੂ ਜਿਉਂਦੇ ਰਹਿਣ ਲਈ ਧਰਤੀ ਉੱਤੇ ਨਿਰਭਰ ਹਨ। ਮਨੁੱਖ ਦੁਆਰਾ ਕੀਤੀ ਗਈ ਨਿਘਾਰ ਦੀ ਹੱਦ ਨਾ ਭਰਨਯੋਗ ਹੈ। ਇਸ ਲਈ ਧਰਤੀ ਨੂੰ ਬਚਾਉਣਾ ਸਾਡੀ ਮੁਢਲੀ ਲੋੜ ਹੈ ਅਤੇ ਸਾਨੂੰ ਧਰਤੀ ਨੂੰ ਰਹਿਣ ਲਈ ਵਧੀਆ ਜਗ੍ਹਾ ਬਣਾਉਣ ਲਈ ਸੁਚੇਤ ਫੈਸਲੇ ਲੈਣੇ ਚਾਹੀਦੇ ਹਨ। ਧਰਤੀ ਨੂੰ ਬਚਾਉਣ ਦੀ ਲੋੜ ਨੂੰ ਸਮਝਦੇ ਹੋਏ ਹਰ ਸਾਲ ‘ਵਿਸ਼ਵ ਧਰਤੀ ਦਿਵਸ’ ਮਨਾਉਣ ਦਾ ਫੈਸਲਾ ਕੀਤਾ ਗਿਆ। ਜਸ਼ਨ ਮਨਾਉਣ ਦਾ ਮੁੱਖ ਉਦੇਸ਼ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਦੇ ਕੁਦਰਤੀ ਸਰੋਤਾਂ ਦੀ ਰੱਖਿਆ ਕਰਨ ਦੀ ਲੋੜ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਹੈ।

ਪਹਿਲਾ ਧਰਤੀ ਦਿਵਸ 1970 ਵਿੱਚ ਮਨਾਇਆ ਗਿਆ ਸੀ, ਜਦੋਂ ਸੰਯੁਕਤ ਰਾਜ ਦੇ ਇੱਕ ਸੈਨੇਟਰ ਨੈਲਸਨ ਨੇ ਵਾਤਾਵਰਣ ਦੇ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਰਾਸ਼ਟਰੀ ਪ੍ਰਦਰਸ਼ਨ ਦਾ ਆਯੋਜਨ ਕੀਤਾ ਸੀ। 1990 ਤੱਕ ਧਰਤੀ ਦਿਵਸ ਵਿਸ਼ਵ ਭਰ ਦੇ 140 ਤੋਂ ਵੱਧ ਦੇਸ਼ਾਂ ਦੁਆਰਾ ਮਨਾਇਆ ਜਾਣ ਵਾਲਾ ਇੱਕ ਸਮਾਗਮ ਬਣ ਗਿਆ। 2009 ਵਿੱਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ 22 ਅਪ੍ਰੈਲ ਨੂੰ ਵਿਸ਼ਵ ਧਰਤੀ ਦਿਵਸ ਵਜੋਂ ਘੋਸ਼ਿਤ ਕੀਤਾ। ਵਿਸ਼ਵ ਧਰਤੀ ਦਿਵਸ ਵਾਤਾਵਰਨ ਸੰਬੰਧੀ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਧਰਤੀ ਦੇ ਕੁਦਰਤੀ ਸਰੋਤਾਂ ਦੀ ਰੱਖਿਆ ਲਈ ਵਿਸ਼ਵਵਿਆਪੀ ਯਤਨਾਂ ਨੂੰ ਉਤਸ਼ਾਹਿਤ ਕਰਨ ਲਈ 22 ਅਪ੍ਰੈਲ ਨੂੰ ਮਨਾਇਆ ਜਾਣ ਵਾਲਾ ਸਾਲਾਨਾ ਸਮਾਗਮ ਹੈ। ਪਹਿਲੇ ਧਰਤੀ ਦਿਵਸ ਤੋਂ ਇਹ ਇੱਕ ਵਿਸ਼ਵਵਿਆਪੀ ਅੰਦੋਲਨ ਬਣ ਗਿਆ ਹੈ, ਜਿਸ ਵਿੱਚ ਲੱਖਾਂ ਲੋਕਾਂ ਨੇ ਵਾਤਾਵਰਣ ਸੁਰੱਖਿਆ ਅਤੇ ਸਥਿਰਤਾ ਲਈ ਆਪਣਾ ਸਮਰਥਨ ਦਿਖਾਉਣ ਲਈ ਵੱਖ-ਵੱਖ ਸਮਾਗਮਾਂ, ਗਤੀਵਿਧੀਆਂ ਅਤੇ ਮੁਹਿੰਮਾਂ ਵਿੱਚ ਹਿੱਸਾ ਲਿਆ ਹੈ। ਇਹ ਸਮਾਗਮ ਹਰ ਸਾਲ ਇੱਕ ਖਾਸ ਥੀਮ ਨੂੰ ਧਿਆਨ ਵਿੱਚ ਰੱਖ ਕੇ ਮਨਾਇਆ ਜਾਂਦਾ ਹੈ।

ਇਸ ਸਾਲ ਦੇ ਧਰਤੀ ਦਿਵਸ ਦਾ ਥੀਮ ‘ਗ੍ਰਹਿ ਬਨਾਮ ਪਲਾਸਟਿਕ’ ਸੀ, ਇਸਦਾ ਉਦੇਸ਼ ਪਲਾਸਟਿਕ ਪ੍ਰਦੂਸ਼ਣ ਅਤੇ ਇਸਦੇ ਕੁਦਰਤ ਨੂੰ ਨੁਕਸਾਨ ਪਹੁੰਚਾਉਣ ਦੇ ਗੰਭੀਰ ਮੁੱਦੇ ਵੱਲ ਧਿਆਨ ਦਿਵਾਉਣਾ ਹੈ। ਇਹ ਥੀਮ ਅਜੋਕੇ ਹਾਲਾਤ ਵਿੱਚ ਬਹੁਤ ਢੁਕਵਾਂ ਹੈ, ਅਸੀਂ ਸਿੰਗਲ-ਯੂਜ਼ ਪਲਾਸਟਿਕ ਉਤਪਾਦਾਂ ਦੇ ਆਦੀ ਹੋ ਗਏ ਹਾਂ। ਇਹ ਸੋਚੇ ਬਿਨਾ ਕਿ ਉਹ ਵਾਤਾਵਰਣ, ਸਮਾਜਿਕ, ਆਰਥਿਕ ਅਤੇ ਸਿਹਤ ’ਤੇ ਗੰਭੀਰ ਮਾੜੇ ਪ੍ਰਭਾਵ ਪਾਉਂਦੇ ਹਨ। ਦੁਨੀਆ ਭਰ ਵਿੱਚ ਹਰ ਮਿੰਟ 10 ਲੱਖ ਪਲਾਸਟਿਕ ਦੀਆਂ ਬੋਤਲਾਂ ਖਰੀਦੀਆਂ ਜਾਂਦੀਆਂ ਹਨ, ਜਦੋਂ ਕਿ ਹਰ ਸਾਲ ਦੁਨੀਆ ਭਰ ਵਿੱਚ ਪੰਜ ਟ੍ਰਿਲੀਅਨ ਪਲਾਸਟਿਕ ਦੇ ਬੈਗ ਵਰਤੇ ਜਾਂਦੇ ਹਨ। ਕੁੱਲ ਮਿਲਾ ਕੇ, ਪੈਦਾ ਕੀਤੇ ਗਏ ਪਲਾਸਟਿਕ ਦਾ ਅੱਧਾ ਹਿੱਸਾ ਸਿੰਗਲ-ਵਰਤੋਂ ਦੇ ਉਦੇਸ਼ਾਂ ਲਈ ਤਿਆਰ ਕੀਤਾ ਜਾਂਦਾ ਹੈ।

1970 ਦੇ ਦਹਾਕੇ ਤੋਂ ਪਲਾਸਟਿਕ ਦੇ ਉਤਪਾਦਨ ਦੀ ਦਰ ਕਿਸੇ ਵੀ ਹੋਰ ਸਮੱਗਰੀ ਦੇ ਮੁਕਾਬਲੇ ਤੇਜ਼ੀ ਨਾਲ ਵਧੀ ਹੈ। ਜੇਕਰ ਅਜਿਹਾ ਰੁਝਾਨ ਜਾਰੀ ਰਹਿੰਦਾ ਹੈ ਤਾਂ 2050 ਤੱਕ ਪ੍ਰਾਇਮਰੀ ਪਲਾਸਟਿਕ ਦਾ ਵਿਸ਼ਵਵਿਆਪੀ ਉਤਪਾਦਨ 1,100 ਮਿਲੀਅਨ ਟਨ ਤੱਕ ਪਹੁੰਚਣ ਦਾ ਅਨੁਮਾਨ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਵਿਸ਼ਵ ਪੱਧਰ ‘ਤੇ ਪੈਦਾ ਹੋਣ ਵਾਲੇ ਸੱਤ ਅਰਬ ਟਨ ਪਲਾਸਟਿਕ ਦੇ ਕੂੜੇ ਵਿੱਚੋਂ 10 ਫੀਸਦੀ ਤੋਂ ਵੀ ਘੱਟ ਨੂੰ ਰੀਸਾਈਕਲ ਕੀਤਾ ਗਿਆ ਹੈ। ਲੱਖਾਂ ਟਨ ਪਲਾਸਟਿਕ ਦਾ ਕੂੜਾ ਵਾਤਾਵਰਨ ਵਿੱਚ ਸੁੱਟਿਆ ਜਾਂਦਾ ਹੈ। ਜ਼ਿਆਦਾਤਰ ਪਲਾਸਟਿਕ ਦੀਆਂ ਚੀਜ਼ਾਂ ਕਦੇ ਵੀ ਪੂਰੀ ਤਰ੍ਹਾਂ ਅਲੋਪ ਨਹੀਂ ਹੁੰਦੀਆਂ; ਉਹ ਸਿਰਫ ਛੋਟੇ-ਛੋਟੇ ਟੁਕੜਿਆਂ ਵਿੱਚ ਟੁੱਟ ਜਾਂਦੇ ਹਨ, ਜਿਸਨੂੰ ਮਾਈਕ੍ਰੋਪਲਾਸਟਿਕਸ ਕਿਹਾ ਜਾਂਦਾ ਹੈ। ਇਹ ਸੋਕਨ ਅਤੇ ਸਾਹ ਰਾਹੀਂ ਮਨੁੱਖੀ ਸਰੀਰ ਵਿੱਚ ਦਾਖਲ ਹੋ ਸਕਦੇ ਹਨ ਅਤੇ ਅੰਗਾਂ ਵਿੱਚ ਇਕੱਠੇ ਹੋ ਸਕਦੇ ਹਨ। ਮਾਈਕ੍ਰੋਪਲਾਸਟਿਕਸ ਸਾਡੇ ਫੇਫੜਿਆਂ, ਜਿਗਰ, ਤਿੱਲੀ ਅਤੇ ਗੁਰਦਿਆਂ ਵਿੱਚ ਪਾਇਆ ਗਿਆ ਹੈ। ਇੱਕ ਅਧਿਐਨ ਨੇ ਹਾਲ ਹੀ ਵਿੱਚ ਨਵਜੰਮੇ ਬੱਚਿਆਂ ਦੇ ਪਲੈਸੈਂਟਾ ਵਿੱਚ ਮਾਈਕ੍ਰੋਪਲਾਸਟਿਕਸ ਦਾ ਪਤਾ ਲਗਾਇਆ ਹੈ। ਇਸ ਗੱਲ ਦੇ ਪੁਖਤਾ ਸਬੂਤ ਹਨ ਕਿ ਪਲਾਸਟਿਕ ਨਾਲ ਜੁੜੇ ਰਸਾਇਣ, ਜਿਵੇਂ ਕਿ ਮਿਥਾਇਲ ਮਰਕਰੀ ਸਰੀਰ ਵਿੱਚ ਦਾਖਲ ਹੋ ਸਕਦੇ ਹਨ ਅਤੇ ਸਿਹਤ ਸੰਬੰਧੀ ਚਿੰਤਾਵਾਂ ਨਾਲ ਜੁੜੇ ਹੋਏ ਹਨ। ਇੱਕ ਵਾਰ ਵਰਤੋਂ ਵਿੱਚ ਆਉਣ ਵਾਲੇ ਪਲਾਸਟਿਕ ਦੇ ਥੈਲੇ ਸੀਵਰਾਂ ਨੂੰ ਬੰਦ ਕਰ ਸਕਦੇ ਹਨ ਅਤੇ ਮੱਛਰਾਂ ਅਤੇ ਕੀੜਿਆਂ ਲਈ ਪ੍ਰਜਨਨ ਦੇ ਆਧਾਰ ਪ੍ਰਦਾਨ ਕਰ ਸਕਦੇ ਹਨ। ਹਰੇਕ ਵਿਅਕਤੀ ਨੂੰ ਧਰਤੀ ਦੇ ਪਲਾਸਟਿਕ ਪ੍ਰਦੂਸ਼ਣ ਨੂੰ ਘੱਟ ਕਰਨ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਉਹ ਇੱਕ ਸਿਹਤਮੰਦ ਜੀਵਨ ਜੀਅ ਸਕੇ।

ਧਰਤੀ ਮਾਂ ਨੂੰ ਪਲਾਸਟਿਕ ਦੇ ਪ੍ਰਦੂਸ਼ਣ ਤੋਂ ਛੁਟਕਾਰਾ ਪਾਉਣ ਲਈ ਕੁਝ ਸੁਝਾਅ ਇਹ ਹੋ ਸਕਦੇ ਹਨ: ਜੂਸ ਪੀਣ ਦੀਆਂ ਪਾਈਪਾਂ ਨੂੰ ਨਾਂਹ ਕਹੋ, ਮੁੜ ਵਰਤੋਂ ਯੋਗ ਪਾਣੀ ਦੀਆਂ ਬੋਤਲਾਂ ਦੀ ਵਰਤੋਂ ਕਰੋ, ਦੁਕਾਨਾਂ ‘ਤੇ ਖਰੀਦਦਾਰੀ ਲਈ ਜਾਂਦੇ ਸਮੇਂ ਇਹ ਯਕੀਨੀ ਬਣਾਓ ਕਿ ਤੁਸੀਂ ਅਤੇ ਤੁਹਾਡਾ ਪਰਿਵਾਰ ਦੁਬਾਰਾ ਵਰਤੋਂ ਯੋਗ ਬੈਗ ਆਪਣੇ ਨਾਲ ਲੈ ਕੇ ਜਾਵੇ, ਆਪਣੇ ਪਰਿਵਾਰ ਨੂੰ ਥੋਕ ਖਰੀਦ ਲਈ ਉਤਸ਼ਾਹਿਤ ਕਰੋ, ਪਲਾਸਟਿਕ ਦੀਆਂ ਖਾਲੀ ਬੋਤਲਾਂ ਨੂੰ ਕਦੇ ਵੀ ਵਾਤਾਵਰਨ ਵਿੱਚ ਨਾ ਛੱਡੋ, ਕੂੜਾ ਚੁੱਕ ਕੇ ਕੁਦਰਤੀ ਸੰਸਾਰ ਨੂੰ ਸਾਫ਼ ਰੱਖੋ। ਦੁਨੀਆ ਇਸ ਸਮੱਸਿਆ ਪ੍ਰਤੀ ਜਾਗ ਰਹੀ ਹੈ ਅਤੇ ਸਰਕਾਰਾਂ, ਉਦਯੋਗ ਅਤੇ ਹੋਰ ਹਿੱਸੇਦਾਰ ਪਲਾਸਟਿਕ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਕੰਮ ਕਰਨਾ ਸ਼ੁਰੂ ਕਰ ਰਹੇ ਹਨ। ਭਾਰਤ ਵਿੱਚ 12 ਅਗਸਤ 2021 ਨੂੰ ਪਲਾਸਟਿਕ ਵੇਸਟ ਮੈਨੇਜਮੈਂਟ ਸੋਧ ਨਿਯਮ-2021 ਦੇ ਤਹਿਤ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੁਆਰਾ ਇੱਕ ਵਾਰ ਵਰਤੋਂ ਵਿੱਚ ਆਉਣ ਵਾਲੀਆਂ ਪਲਾਸਟਿਕ ਵਸਤੂਆਂ ‘ਤੇ ਪਾਬੰਦੀ ਲਗਾਈ ਗਈ ਸੀ, ਜੋ ਕਿ ਪਹਿਲੀ ਜੁਲਾਈ 2022 ਤੋਂ ਲਾਗੂ ਹੋਇਆ ਸੀ।

ਪਲਾਸਟਿਕ ਪ੍ਰਦੂਸ਼ਣ ਧਰਤੀ ਦਿਵਸ ਦਾ ਇੱਕੋ ਇੱਕ ਏਜੰਡਾ ਨਹੀਂ ਹੈ। ਵਿਸ਼ਵ ਧਰਤੀ ਦਿਵਸ ਇੱਕ ਸਾਲਾਨਾ ਸਮਾਗਮ ਹੈ, ਜਿੱਥੇ ਵਿਸ਼ਵ ਵਾਤਾਵਰਣ ਸੁਰੱਖਿਆ ਅਤੇ ਸਾਡੇ ਗ੍ਰਹਿ ਨੂੰ ਦਰਪੇਸ਼ ਚੁਣੌਤੀਆਂ ਦੇ ਸਬੰਧ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਮਰਪਿਤ ਇੱਕ ਦਿਨ ਦੀ ਸੇਵਾ ਕਰਨ ਲਈ ਇੱਕਜੁੱਟ ਹੁੰਦਾ ਹੈ। ਇਹ ਸਾਡੇ ਗ੍ਰਹਿ ਦੀ ਪ੍ਰਸ਼ੰਸਾ ਕਰਨ, ਵਾਤਾਵਰਣ ਸੰਬੰਧੀ ਚੁਣੌਤੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਇੱਕ ਟਿਕਾਊ ਭਵਿੱਖ ਲਈ ਕਾਰਵਾਈ ਨੂੰ ਪ੍ਰੇਰਿਤ ਕਰਨ ਦਾ ਦਿਨ ਹੈ। ਇਹ ਇੱਕ ਸਿਹਤਮੰਦ ਗ੍ਰਹਿ ਪ੍ਰਤੀ ਸਾਡੀ ਸਾਂਝੀ ਜ਼ਿੰਮੇਵਾਰੀ ਦੀ ਯਾਦ ਦਿਵਾਉਂਦਾ ਹੈ ਅਤੇ ਵਿਅਕਤੀਆਂ, ਸੰਸਥਾਵਾਂ ਅਤੇ ਸਰਕਾਰਾਂ ਲਈ ਕਾਰਵਾਈ ਕਰਨ ਦਾ ਸੱਦਾ ਹੈ। ਸਾਡਾ ਗ੍ਰਹਿ ਇੱਕ ਸ਼ਾਨਦਾਰ ਸਥਾਨ ਹੈ, ਪਰ ਇਸ ਨੂੰ ਵਧਣ-ਫੁੱਲਣ ਲਈ ਸਾਡੀ ਮਦਦ ਦੀ ਲੋੜ ਹੈ! ਧਰਤੀ ਨੂੰ ਪ੍ਰਦੂਸ਼ਣ ਅਤੇ ਜੰਗਲਾਂ ਦੀ ਕਟਾਈ ਵਰਗੀਆਂ ਚੀਜ਼ਾਂ ਤੋਂ ਬਚਾਉਣ ਲਈ ਵਿਸ਼ਵ ਭਰ ਵਿੱਚ ਇੱਕ ਅਰਬ ਤੋਂ ਵੱਧ ਲੋਕ ਧਰਤੀ ਦਿਵਸ ਮਨਾਉਂਦੇ ਹਨ। ਕੂੜਾ ਚੁੱਕਣ ਅਤੇ ਰੁੱਖ ਲਗਾਉਣ ਵਰਗੀਆਂ ਗਤੀਵਿਧੀਆਂ ਵਿੱਚ ਹਿੱਸਾ ਲੈ ਕੇ ਅਸੀਂ ਆਪਣੇ ਸੰਸਾਰ ਨੂੰ ਰਹਿਣ ਲਈ ਇੱਕ ਖੁਸ਼ਹਾਲ, ਸਿਹਤਮੰਦ ਸਥਾਨ ਬਣਾ ਰਹੇ ਹਾਂ। ਧਰਤੀ ਨੂੰ ਬਚਾਉਣਾ ਸਿਰਫ਼ ਸਮੇਂ ਦੀ ਲੋੜ ਹੀ ਨਹੀਂ, ਸਗੋਂ ਹੋਰ ਵੀ ਬਹੁਤ ਕੁਝ ਹੈ।

ਇਹ ਸਾਡੀ ਜ਼ਿੰਮੇਵਾਰੀ ਹੈ ਅਤੇ ਸਾਡੀ ਜ਼ਿੰਮੇਵਾਰੀ ਰਹੀ ਹੈ ਕਿ ਅਸੀਂ ਜਿਸ ਗ੍ਰਹਿ ਵਿੱਚ ਰਹਿੰਦੇ ਹਾਂ, ਉਸ ਦੀ ਰੱਖਿਆ ਕਰੀਏ, ਪਰ ਅਸੀਂ ਸੁਆਰਥੀ ਬਣ ਜਾਂਦੇ ਹਾਂ ਅਤੇ ਅਜਿਹੇ ਕੰਮ ਕਰਦੇ ਹਾਂ, ਜੋ ਸਾਡੇ ਵਾਤਾਵਰਣ ਵਿੱਚ ਹੋਰ ਪ੍ਰਦੂਸ਼ਣ ਪੈਦਾ ਕਰਦੇ ਹਨ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਾਡਾ ਗ੍ਰਹਿ ਹੀ ਇੱਕ ਅਜਿਹਾ ਗ੍ਰਹਿ ਹੈ, ਜੋ ਜੀਵਨ ਦਾ ਸਮਰਥਨ ਕਰਦਾ ਹੈ।

ਇਸ ਲਈ ਇਹ ਮਹੱਤਵਪੂਰਨ ਹੈ ਕਿ ਸਾਡੇ ਕੋਲ ਇਸ ਸਮੇਂ ਜੋ ਕੁਝ ਹੈ, ਉਸ ਦੀ ਵਰਤੋਂ ਟਿਕਾਊ ਢੰਗ ਨਾਲ ਕੀਤੀ ਜਾਵੇ। ਸਾਡੀ ਪਹੁੰਚ ਧਰਤੀ ਨੂੰ ਹੀ ਨਹੀਂ ਬਲਕਿ ਸਾਡੀਆਂ ਜ਼ਿੰਦਗੀਆਂ ਨੂੰ ਵੀ ਬਚਾਏਗੀ।

**ਜ਼ਰੂਰੀ**

‘ਪੰਜਾਬੀ ਪਰਵਾਜ਼’ ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ ‘ਪੰਜਾਬੀ ਪਰਵਾਜ਼’ ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

‘ਪੰਜਾਬੀ ਪਰਵਾਜ਼’ ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਅੰਮ੍ਰਿਤਪਾਲ ਸਿੰਘ ਗਿੱਲ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਬੱਬੂ (ਐਪਲਟਨ)
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਸੰਨੀ ਧੂੜ (ਮਿਸ਼ੀਗਨ)
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ

# ਲੋਕ ਸਭਾ ਚੋਣਾਂ: ਸਿਆਸੀ ਪਾਰਟੀਆਂ ਬਨਾਮ ਭਾਰਤ ਦੇ ਲੋਕ

ਚੋਣ ਚਰਚਾ

ਤਰਲੋਚਨ ਸਿੰਘ ਭੱਟੀ
ਸੇਵਾ ਮੁਕਤ ਪੀ.ਸੀ.ਐਸ.
ਫੋਨ:91-9876502607



ਭਾਰਤ ਦੀ 18ਵੀਂ ਲੋਕ ਸਭਾ ਦੇ 543 ਮੈਂਬਰਾਂ ਦੀ ਚੋਣ ਲਈ ਚੋਣ ਕਮਿਸ਼ਨ ਵੱਲੋਂ 19 ਅਪ੍ਰੈਲ 2024 ਤੋਂ 1 ਜੂਨ 2024 ਤੱਕ ਆਮ ਚੋਣਾਂ ਕਰਵਾਈਆਂ ਜਾ ਰਹੀਆ ਹਨ। ਚੋਣਾਂ ਸੱਤ ਪੜਾਵਾਂ ਵਿੱਚ ਹੋਣਗੀਆਂ ਅਤੇ ਨਤੀਜੇ 4 ਜੂਨ 2024 ਨੂੰ ਐਲਾਨੇ ਜਾਣਗੇ। ਪਿਛਲੀਆਂ ਚੋਣਾਂ ਦੇ ਮੁਕਾਬਲੇ ਇਸ ਵਾਰ ਲੋਕ ਸਭਾ ਦੀਆਂ ਚੋਣਾਂ ਵਿਲੱਖਣ ਹੋਣਗੀਆਂ, ਜੋ ਸਭ ਤੋਂ ਵੱਧ ਖਰਚੀਲੀਆਂ, ਵਿਵਾਦਗ੍ਰਸਤ ਅਤੇ ਸਭ ਤੋਂ ਲੰਮੀਆਂ 44 ਦਿਨ ਚਲਣਗੀਆਂ। ਲੋਕ ਸਭਾ ਵਿੱਚ ਸਾਰੀਆਂ 543 ਸੀਟਾਂ ਤੇ ਬਹੁਮਤ ਲਈ 272 ਸੀਟਾਂ ਦੀ ਲੋੜ ਹੋਵੇਗੀ। 1.4 ਬਿਲੀਅਨ ਦੀ ਆਬਾਦੀ ਵਿੱਚੋਂ 968 ਮਿਲੀਅਨ ਵਿਅਕਤੀ ਬਤੌਰ ਵੋਟਰ ਚੋਣਾਂ ਵਿੱਚ ਹਿੱਸਾ ਲੈਣਗੇ।

ਭਾਰਤ ਵਿੱਚ ਦੋ ਪ੍ਰਮੁੱਖ ਪਾਰਟੀਆਂ ਦੇ ਨਾਲ ਨਾਲ ਇੱਕ ਬਹੁ-ਪਾਰਟੀ ਪ੍ਰਣਾਲੀ ਹੈ। ਭਾਰਤ ਦੇ ਸੰਵਿਧਾਨ ਦੇ ਆਰਟੀਕਲ 83 ਅਨੁਸਾਰ ਲੋਕ ਸਭਾ ਦੀਆਂ ਚੋਣਾਂ ਹਰ ਪੰਜ ਸਾਲਾਂ ਵਿੱਚ ਇੱਕ ਵਾਰ ਹੋਣੀਆਂ ਲਾਜ਼ਮੀ ਹਨ। ਭਾਰਤ ਦੇ ਚੋਣ ਕਮਿਸ਼ਨ ਅਨੁਸਾਰ 2024 ਦੀਆਂ ਚੋਣਾਂ 'ਚੋਣਾਂ ਦਾ ਪਰਵ' ਅਤੇ 'ਦੇਸ਼ ਦਾ ਗੌਰਵ' ਭਾਵ ਲੋਕ ਸਭਾ ਦੀਆਂ ਚੋਣਾਂ, ਇੱਕ ਤਿਉਹਾਰ ਅਤੇ ਰਾਸ਼ਟਰ ਦਾ ਮਾਣ ਹਨ।

ਲੋਕ ਪ੍ਰਤੀਨਿਧਤਾ ਕਾਨੂੰਨ 1951 ਦੀ ਧਾਰਾ 29-ਏ ਅਤੇ ਚੋਣ ਨਿਯਮ 1961 ਅਨੁਸਾਰ ਚੋਣਾਂ ਵਿੱਚ ਹਿੱਸਾ ਲੈਣ ਲਈ ਹਰੇਕ ਸਿਆਸੀ ਪਾਰਟੀ ਨੂੰ ਚੋਣ ਕਮਿਸ਼ਨ ਪਾਸ ਆਪਣੀ ਪਾਰਟੀ ਨੂੰ ਰਜਿਸਟਰਡ ਕਰਵਾਉਣਾ ਲਾਜ਼ਮੀ ਹੈ। ਚੋਣ ਕਮਿਸ਼ਨ ਦੀ ਤਾਜ਼ਾ ਪ੍ਰਕਾਸ਼ਨਾ (15 ਮਈ 2023) ਅਨੁਸਾਰ 6 ਰਾਸ਼ਟਰੀ, 54 ਸਟੇਟ/ਖੇਤਰੀ ਅਤੇ 2597 ਰਜਿਸਟਰਡ, ਪਰ ਗੈਰ-ਮਾਨਤਾ ਪ੍ਰਾਪਤ ਪਾਰਟੀਆਂ ਹਨ। ਭਾਰਤ ਦੇ ਚੋਣ ਕਮਿਸ਼ਨ ਦੇ ਉਦੇਸ਼ ਮਾਪਦੰਡਾਂ ਦੇ ਆਧਾਰ 'ਤੇ ਰਾਸ਼ਟਰੀ ਅਤੇ ਰਾਜ/ਖੇਤਰੀ ਪੱਧਰੀ ਵਜੋਂ ਸਿਆਸੀ ਪਾਰਟੀਆਂ ਨੂੰ ਚੋਣ ਕਮਿਸ਼ਨ ਮਾਨਤਾ ਦਿੰਦਾ ਹੈ। ਇੱਕ ਮਾਨਤਾ ਪ੍ਰਾਪਤ ਸਿਆਸੀ ਪਾਰਟੀ ਇੱਕ ਪਾਰਟੀ ਚਿੰਨ, ਸਰਕਾਰੀ ਟੈਲੀਵਿਜ਼ਨ ਅਤੇ ਰੇਡੀਓ ਤੇ ਮੁਫਤ ਪ੍ਰਸਾਰਨ ਸਮਾਂ, ਚੋਣ ਤਰੀਕਾ ਦੀ ਸਥਾਪਨਾ ਵਿੱਚ ਸਲਾਹ ਮਸ਼ਵਰਾ, ਚੋਣ ਨਿਯਮਾਂ ਅਤੇ ਚੋਣ ਨਿਯਮਾਂ ਨੂੰ ਨਿਰਧਾਰਤ ਕਰਨ ਲਈ ਇਨਪੁੱਟ ਦੇਣ ਵਰਗੇ ਅਭਿਆਸਾਂ ਦਾ ਪ੍ਰਯੋਗ ਕਰ ਸਕਦੀ ਹੈ। ਚੋਣ ਕਮਿਸ਼ਨ ਵੱਲੋਂ ਮਾਨਤਾ ਪ੍ਰਾਪਤ ਰਾਸ਼ਟਰੀ ਅਤੇ ਖੇਤਰੀ ਵਜੋਂ ਪਾਰਟੀ ਨੂੰ ਮਿੱਥੇ ਮਾਪਦੰਡਾਂ ਦੇ ਆਧਾਰ 'ਤੇ ਅਪਗਰੇਡ ਜਾਂ ਡਾਊਨਗ੍ਰੇਡ ਕੀਤਾ ਜਾ ਸਕਦਾ ਹੈ। ਚੋਣ ਕਮਿਸ਼ਨ ਵੱਲੋਂ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 29-ਏ ਅਧੀਨ ਨਵੀਆਂ ਰਾਜਨੀਤਿਕ ਪਾਰਟੀਆਂ ਦੀ ਰਜਿਸਟਰੇਸ਼ਨ ਲਈ ਔਨਲਾਈਨ ਰਜਿਸਟਰੇਸ਼ਨ ਟਰੈਕਿੰਗ ਮੈਨੇਜਮੈਂਟ ਸਿਸਟਮ ਵੀ ਵਿਕਸਿਤ ਕੀਤਾ ਹੈ। ਚੋਣ ਕਮਿਸ਼ਨ ਦੇ ਹੁਕਮਾਂ ਰਾਹੀਂ ਪਾਰਟੀਆਂ ਦੀ ਰਜਿਸਟਰੇਸ਼ਨ ਲਈ ਪਾਰਟੀਆਂ ਦਾ ਆਪਣਾ ਸੰਵਿਧਾਨ ਸੰਗਠਨਾਤਮਕ ਚੋਣ ਅਤੇ ਪਾਰਟੀ ਫੰਡਾਂ ਅਤੇ ਚੋਣ ਖਰਚਿਆਂ ਦਾ ਲਿਖਤੀ ਵੇਰਵਾ ਪਾਰਟੀਆਂ ਨੂੰ ਦੇਣਾ ਲਾਜ਼ਮੀ ਹੈ ਤਾਂ ਕਿ ਪਾਰਟੀਆਂ ਦੀ ਪਾਰਦਰਸ਼ਤਾ ਅਤੇ ਜਵਾਬਦੇਹੀ ਨਿਰਧਾਰਤ ਕੀਤੀ ਜਾ ਸਕੇ। ਨਿਸਚੇ ਹੀ ਭਾਰਤ ਦਾ ਚੋਣ ਕਮਿਸ਼ਨ ਰਾਜਨੀਤਿਕ ਪਾਰਟੀਆਂ ਨੂੰ ਮਾਨਤਾ ਦੇਣ ਅਤੇ ਰੱਦ ਕਰਨ ਦੇ ਸਮਰਥ ਹੈ।

ਭਾਵੇਂ ਭਾਰਤ ਦੀ ਰਾਜਨੀਤੀ ਬਹੁ-ਪਾਰਟੀ ਸਿਸਟਮ ਉਤੇ ਆਧਾਰਤ ਹੈ, ਪਰ 2024 ਦੀਆਂ ਚੋਣਾਂ ਦੇ ਮੱਦੇਨਜ਼ਰ ਭਾਰਤ ਦੀ ਰਾਜਨੀਤੀ ਦੋ ਮੁੱਖ ਗਠਜੋੜਾਂ ਦੇ ਉਭਰਨ ਨਾਲ ਬੜੀ ਤੇਜੀ ਨਾਲ ਦੋ ਧਰੂਵੀ ਹੋ ਗਈ ਹੈ। ਮੌਜੂਦਾ ਹਾਕਮ ਧਿਰ, ਰਾਸ਼ਟਰੀ ਜਮਹੂਰੀ ਗਠਜੋੜ (ਐਨ.ਡੀ.ਏ.) ਅਤੇ ਵਿਰੋਧੀ ਧਿਰ ਭਾਰਤੀ ਰਾਸ਼ਟਰੀ ਵਿਕਾਸ ਸੰਮਲਿਤ ਗਠਜੋੜ (ਇੰਡੀਆ) ਹੈ। ਸੋ ਇਨ੍ਹਾਂ ਦੋਵਾਂ ਗਠਜੋੜਾਂ ਵੱਲੋਂ ਮੁੱਖ ਤੌਰ 'ਤੇ ਸਾਲ 2024 ਦੀਆਂ ਚੋਣਾਂ ਲੜੀਆਂ ਜਾ ਰਹੀਆਂ ਹਨ। ਚੋਣਾਂ ਲੜਨ ਵਾਲੇ ਚਾਹਵਾਨ ਉਮੀਦਵਾਰ ਚੋਣਾਂ ਲੜਨ ਪ੍ਰਤੀ ਐਨੇ ਉਤਾਵਲੇ ਹਨ ਕਿ ਉਹ ਇੱਕ ਪਾਰਟੀ ਤੋਂ ਦੂਜੀ ਪਾਰਟੀ ਅਤੇ ਦੂਜੀ ਤੋਂ ਤੀਜੀ ਪਾਰਟੀ ਵਿੱਚ ਦਾਖਲ ਹੋ ਰਹੇ ਹਨ। ਭਾਰਤ ਦੇ ਲੋਕ ਅਤੇ ਵਿਸ਼ੇਸ਼ ਕਰਕੇ ਵੋਟਰ ਸ਼ਸ਼ੋਪੰਜ ਵਿੱਚ ਹਨ ਕਿ ਕਿਹੜੀ ਪਾਰਟੀ ਦੀ ਕਿਹੜੀ ਵਿਚਾਰਧਾਰਾ ਜਾਂ ਕਿਸ ਗਠਜੋੜ ਦੀ ਵਿਚਾਰਧਾਰਾ ਤੇ ਉਮੀਦਵਾਰਾਂ ਨੂੰ ਚੋਣਾਂ ਦੌਰਾਨ ਵੋਟਾਂ ਪਾਉਣ! ਸਿਆਸੀ ਪਾਰਟੀਆਂ ਅਤੇ ਦੋ ਧਰੂਵੀ ਗਠਜੋੜਾਂ ਵੱਲੋਂ ਜਾਰੀ ਆਪਣੇ ਚੋਣ ਮੈਨੀਫੈਸਟੋ ਵਿੱਚ ਕੀਤੇ ਗਏ ਚੋਣ ਵਾਅਦਿਆਂ, ਐਲਾਨੀਆਂ ਗਈਆਂ ਗਾਰੰਟੀਆਂ, ਦਿੱਤੀਆ ਜਾਣ ਵਾਲੀਆਂ ਮੁਫ਼ਤ ਸਹੂਲਤਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਚੋਣ ਏਜੰਡੇ ਜਾਂ ਮੈਨੀਫੈਸਟੋ ਵਿੱਚ ਮਾਨਵੀ ਮੁੱਦੇ ਜਿੱਵੇਂ ਰੁਜ਼ਗਾਰ, ਜਨਤਕ ਸਿਹਤ, ਵਾਤਾਵਰਨ ਦੀ ਸੰਭਾਲ, ਭਾਰਤ ਦੇ ਸੰਵਿਧਾਨ, ਕਦਰਾਂ-ਕੀਮਤਾਂ ਅਤੇ ਸੰਸਥਾਵਾਂ ਦੀ ਸੰਭਾਲ ਅਤੇ ਰਖਵਾਲੀ ਗਾਇਬ ਹਨ। ਐਸੇ ਮੁੱਦੇ ਅਤੇ ਬਿਰਤਾਂਤ ਘੜੇ ਜਾ ਰਹੇ ਹਨ, ਜਿਨ੍ਹਾਂ ਦਾ ਭਾਰਤ ਦੇ ਲੋਕਾਂ ਅਤੇ ਵੋਟਰਾਂ ਨਾਲ ਕੋਈ ਵਾਸਤਾ ਨਹੀ। ਤ੍ਰਾਸਦੀ ਹੈ ਕਿ ਸਿਆਸੀ ਪਾਰਟੀਆਂ ਵੱਲੋਂ ਆਪਣੇ ਚੋਣ ਖਰਚਿਆਂ ਦਾ 80% ਤੋਂ ਵਧੇਰੇ ਹਿੱਸਾ ਆਪਣੀ ਪਾਰਟੀ ਦੀਆਂ ਖਾਮੀਆਂ ਨੂੰ ਛਿਪਾਉਣ ਲਈ ਖਰਚਿਆ ਜਾ ਰਿਹਾ ਹੈ। ਸਿਆਸੀ ਪਾਰਟੀ ਲਈ ਆਪਣੇ ਚੋਣ ਹਲਕੇ ਦੇ ਲੋਕ ਜਾਂ ਵੋਟਰ ਮਹੱਤਤਾ ਨਹੀਂ ਰੱਖਦੇ, ਸਗੋਂ ਉਨ੍ਹਾਂ ਲਈ ਤਾਂ ਉਨ੍ਹਾਂ ਦਾ ਆਪਣਾ ਪਰਿਵਾਰ, ਸਿਆਸੀ ਪਾਰਟੀ ਅਤੇ ਪਾਰਟੀ ਸੁਪਰੀਮੋ ਹੀ ਸਭ ਕੁੱਝ ਹਨ।

ਸਿਆਸੀ ਰੋਲ ਘਚੋਲੇ ਤੋਂ ਇਲਾਵਾ ਮੌਜੂਦਾ ਚੋਣਾਂ ਵਿੱਚ ਭਾਰਤ ਚੋਣ ਕਮਿਸ਼ਨ ਦੀ ਭੂਮਿਕਾ ਅਤੇ ਭਰੋਸੇਯੋਗਤਾ ਵੀ ਸ਼ੱਕ ਦੇ ਘੇਰੇ ਵਿੱਚ ਹੈ। ਭਾਰਤ ਦੇ ਲੋਕਾਂ ਵਿੱਚ ਇਹ ਤੌਖ਼ਲਾ ਹੈ ਕਿ ਇਸ ਵਾਰ ਦੀਆਂ ਚੋਣਾਂ ਦੁਨੀਆਂ ਦੀ ਸਭ ਤੋ ਵੱਧ ਭ੍ਰਿਸ਼ਟ ਅਤੇ ਖਰਚੀਲੀਆਂ ਹੋਣਗੀਆਂ। ਲੋਕਾਂ ਦੇ ਇਸ ਤੌਖ਼ਲੇ ਨੂੰ ਚੋਣ ਕਮਿਸ਼ਨ ਵੀ ਨਵਿਰਤ ਕਰਨ ਵਿੱਚ ਬਹੁਤਾ ਕਾਮਯਾਬ ਨਹੀ ਹੋ ਰਿਹਾ। ਭਾਰਤ ਦੇ ਲੋਕਾਂ ਦਾ ਤੌਖਲਾ ਹੈ ਕਿ ਇਸ ਵਾਰ ਦੀਆਂ ਚੋਣਾਂ ਇੱਕ ਮੈਚ ਫਿਕਸਿੰਗ ਵਾਂਗ ਹਨ। ਕਾਰਨ ਵੋਟਰ ਸੂਚੀਆਂ ਵਿੱਚ ਜਾਅਲੀ ਵੋਟਰਾਂ ਦੀ ਭਰਮਾਰ, ਈ.ਵੀ. ਮਸ਼ੀਨਾਂ ਰਾਹੀਂ ਵੋਟਾਂ ਦੀ ਪੋਲਿੰਗ ਅਤੇ ਗਿਣਤੀ ਜਿਸ ਨੂੰ ਹਾਕਮ ਧਿਰ ਆਪਣੇ ਮਨਸੂਬਿਆਂ ਅਨੁਸਾਰ ਤੋੜ-ਮਰੋੜ ਸਕਦੀ ਹੈ।

15 ਫਰਵਰੀ 2024 ਨੂੰ ਭਾਰਤ ਦੀ ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਹੈ ਕਿ ਚੋਣ ਬਾਂਡ ਪ੍ਰਣਾਲੀ 2017 ਵਿੱਚ ਮੋਦੀ ਸਰਕਾਰ ਦੁਵਾਰਾ ਸ਼ੁਰੂ ਕੀਤੀ ਗਈ ਸੀ, ਜੋ ਸਿਆਸੀ ਪਾਰਟੀਆਂ ਨੂੰ ਗੁੰਮਨਾਮ ਅਤੇ ਅਸੀਮਤ ਚੋਣ ਚੰਦਾ ਲੈਣ ਦੀ ਆਗਿਆਂ ਦਿੰਦੀ ਹੈ, ਗੈਰ-ਸੰਵਿਧਾਨਕ ਹੈ। ਇਲੈਕਟਰੋਲ ਬਾਂਡ ਸਕੀਮ ਦੁਨੀਆਂ ਦੀ ਸਭ ਤੋਂ ਭ੍ਰਿਸ਼ਟ ਚੋਣ ਫੰਡ ਘਪਲਾ ਹੈ, ਜਿਸ ਵਿੱਚ ਹਰੇਕ ਰਾਸ਼ਟਰੀ ਅਤੇ ਖੇਤਰੀ ਸਿਆਸੀ ਪਾਰਟੀਆਂ ਸੰਮਲਿਤ ਹੈ।

ਲੋਕ ਪ੍ਰਤੀਨਿਧਤਾ ਕਾਨੂੰਨ 1951 ਦੀ ਧਾਰਾ 29-ਏ ਅਨੁਸਾਰ ਸਿਰਫ ਬੈਂਕ ਚੈੱਕ ਜਾਂ ਡਿਜ਼ੀਟਲ ਭੁਗਤਾਨ ਦੇ ਰੂਪ ਵਿੱਚ ਯੋਗਦਾਨ ਜਾਂ ਦਾਨ ਟੈਕਸਯੋਗ ਵਿੱਚ ਕਟੌਤੀ ਲਈ ਯੋਗ ਹੈ। ਸੈਂਟਰ ਫਾਰ ਮੀਡੀਆ ਸਟਡੀਜ਼ ਅਨੁਸਾਰ 2019 ਦੀਆਂ ਭਾਰਤ ਦੀਆਂ 17ਵੀਂ ਲੋਕ ਸਭਾ ਚੋਣਾ ਦੌਰਾਨ 55,000 ਕਰੋੜ ਖਰਚ ਆਇਆ ਸੀ। ਖਦਸ਼ਾ ਹੈ ਕਿ ਇਸ ਵਾਰ ਇਹ ਖਰਚਾ 80,000 ਕਰੋੜ ਨੂੰ ਪਾਰ ਕਰੇਗਾ। ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ ਅਨੁਸਾਰ 2004-05 ਤੋਂ 2014-15 ਦੌਰਾਨ ਸਿਆਸੀ ਪਾਰਟੀਆਂ ਦੁਆਰਾ ਹਾਸਲ ਆਮਦਨ ਅਤੇ ਯੋਗਦਾਨ ਦਾ 69% ਹਿੱਸਾ ਅਣਦੱਸੇ ਸਰੋਤਾਂ ਤੋਂ ਆਇਆ ਹੈ। ਸਿਆਸੀ ਪਾਰਟੀਆਂ, ਇੱਕ ਜਨਤਕ ਅਥਾਰਟੀ ਦੇ ਤੌਰ 'ਤੇ ਸੂਚਨਾ ਦਾ ਅਧਿਕਾਰ ਕਾਨੂੰਨ ਦੇ ਘੇਰੇ ਵਿੱਚ ਆਉਣ ਅਤੇ ਚੋਣ ਸੁਧਾਰਾਂ ਨੂੰ ਲਾਗੂ ਕਰਨ ਲਈ ਰਜਾਮੰਦ ਨਹੀਂ ਹਨ। ਵੋਟਰ ਸੂਚੀਆਂ ਦੀ ਸ਼ੁੱਧਤਾ, ਵੋਟਾਂ ਪਾਉਣ, ਵੋਟਾਂ ਦੀ ਗਿਣਤੀ ਦੀਆਂ ਪ੍ਰਕ੍ਰਿਆਵਾਂ ਅਤੇ ਆਦਰਸ਼ ਚੋਣ ਜਾਬਤੇ ਨੂੰ ਬਿਨਾ ਪੱਖਪਾਤ ਦੇ ਚੋਣ ਕਮਿਸ਼ਨ ਵੱਲੋਂ ਲਾਗੂ ਕਰਨ ਦੀ ਵਚਨਬੱਧਤਾ ਵੀ ਸ਼ੱਕ ਦੇ ਘੇਰੇ ਵਿੱਚ ਹੈ। ਭਾਰਤ ਦੀ ਰਾਜਨੀਤੀ ਅਤੇ ਚੋਣ ਪ੍ਰਣਾਲੀ ਅਪਰਾਧੀਆਂ ਨੂੰ ਸਿਆਸੀ ਸਰਪ੍ਰਸਤੀ ਅਤੇ ਸੁਰਖਿਆ ਦੇਣ ਦੀ ਵਧਦੀ ਹੋੜ੍ਹ ਲੋਕਤੰਤਰ ਨੂੰ ਖੋਰਾ ਲਾ ਰਹੀ ਹੈ। ਚੋਣਾਂ ਇੱਕ ਪਰਵ ਜਾਂ ਤਿਉਹਾਰ ਦੀ ਬਜਾਏ ਜੰਗ ਦਾ ਮੈਦਾਨ ਬਣ ਗਈਆਂ ਹਨ, ਜਿਸ ਵਿੱਚ ਭਾਰਤ ਦੇ ਲੋਕ ਬੇਵੱਸ ਨਜ਼ਰ ਆ ਰਹੇ ਹਨ। ਲੋਕਾਂ ਦਾ ਜਾਗਰੂਕ ਅਤੇ ਸੰਗਠਿਤ ਹੋਣਾ ਲਾਜ਼ਮੀ ਹੈ।

ਲਾਜ਼ਮੀ ਹੈ ਕਿ ਲੋਕ ਸਿਵਲ ਸੁਸਾਇਟੀਜ਼, ਐਨ.ਜੀ.ਓਜ਼ ਅਤੇ ਪ੍ਰੈਸ਼ਰ ਗਰੁੱਪ ਵਜੋਂ ਵਿਚਰਨ। ਸਿਆਸੀ ਪਾਰਟੀਆਂ ਅਤੇ ਚੋਣ ਲੜ ਰਹੇ ਉਮੀਦਵਾਰਾਂ ਨੂੰ ਚੋਣ ਚੰਦਾ ਅਤੇ ਹੋਰ ਮਦਦ ਦੇਣੀ ਬੰਦ ਕੀਤੀ ਜਾਵੇ, ਉਨ੍ਹਾਂ ਦੇ ਚੋਣ ਪ੍ਰਚਾਰ ਦਾ ਹਿੱਸਾ ਨਾ ਬਣਿਆ ਜਾਵੇ ਅਤੇ ਉਨ੍ਹਾਂ ਨੂੰ ਮਜਬੂਰ ਕੀਤਾ ਜਾਵੇ ਕਿ ਉਹ ਲੋਕਾਂ ਪ੍ਰਤੀ ਜਵਾਬਦੇਹ ਹੋਣ। ਸਰਕਾਰਾਂ ਅਤੇ ਲੋਕਾਂ ਦੇ ਨੁਮਾਇੰਦਿਆਂ ਨੂੰ ਵੀ ਯਾਦ ਰੱਖਣਾ ਹੋਵੇਗਾ ਕਿ ਉਹ ਨਾ ਤਾਂ ਦੇਸ਼ ਦੇ ਕਾਨੂੰਨ ਤੋਂ ਉਚੇਰੇ ਹਨ ਅਤੇ ਨਾ ਹੀ ਲੋਕਾਂ ਤੋ ਵਡੇਰੇ ਹਨ। ਕਿਸੇ ਕਵੀ ਨੇ ਠੀਕ ਹੀ ਲਿਖਿਆ ਹੈ:

ਸਮੇਂ ਨਾਲ ਬਦਲੋਗੇ ਤਾਂ ਮੌਸਮ ਬਣੋਗੇ
ਅਗਰ ਚੁੱਪ ਰਹੋਗੇ ਤਾਂ ਮਾਤਮ ਬਣੋਗੇ,
ਬਣੋਗੇ ਜਾ ਗ਼ਮ ਵਿੱਚ ਕਿਸੇ ਦਾ ਸਾਥੀ
ਤਾਂ ਸੰਗੀਤ ਦੀ ਕੋਈ ਸਰਗਮ ਬਣੋਗੇ,
ਬਣ ਕੇ ਦੀਵਾਰ ਜੇ ਰੋਕੋਗੇ ਰਸਤਾ
ਤਾਂ ਕੋਈ ਬੇਦਰਦ ਹਾਕਮ ਬਣੋਗੇ।

# ਆਗੂਆਂ ਨੇ ਹੀ ਕੱਢਿਆ ਲੋਕਤੰਤਰ ਦਾ ਜਨਾਜ਼ਾ

ਅਹਿਮ ਗੱਲ

ਚੰਦਰਪਾਲ ਅੱਤਰੀ, ਲਾਲੜੂ
ਫੋਨ:+91-7889111988



ਪੱਤਰਕਾਰੀ ਨਾਲ ਨੇੜਿਓਂ ਜੁੜੇ ਹੋਣ ਕਾਰਨ ਸਾਡਾ ਬਾਵਸਤਾ ਅਕਸਰ ਆਗੂਆਂ ਨਾਲ ਪੈਂਦਾ ਰਹਿੰਦਾ ਹੈ। ਇੱਕ ਵਾਰ ਇੱਕ ਸਿਆਣੇ ਤੇ ਦਾਰਸ਼ਨਿਕ ਆਗੂ ਨਾਲ ਗੱਲਬਾਤ ਦੌਰਾਨ ਜਦੋਂ ਅਸੀਂ ਉਸ ਤੋਂ ਸਰਕਾਰ ਚਲਾਉਣ ਸਬੰਧੀ ਸਭ ਤੋਂ ਉਚਿਤ ਵਿਧੀ ਬਾਰੇ ਪੁੱਛਿਆ ਤਾਂ ਪਹਿਲਾਂ ਉਸ ਨੇ ਨਿੱਜੀ ਕਿਰਦਾਰ ਨੂੰ ਸਭ ਤੋਂ ਵੱਧ ਅਹਿਮੀਅਤ ਦਿੱਤੀ, ਪਰ ਫਿਰ ਨਾਲ ਹੀ ਕਿਹਾ ਕਿ ਸਮਾਜ ਦੇ ਵਿਕਾਸ ਲਈ ਲੋਕਤੰਤਰ ਤੋਂ ਵੱਡਾ ਕੁੱਝ ਵੀ ਨਹੀਂ ਹੈ ਤੇ ਦੁਨੀਆ ਵਿੱਚ ਲੋਕਤੰਤਰ ਹਰ ਹਾਲ ਵਿੱਚ ਮਜਬੂਤ ਹੋਣਾ ਚਾਹੀਦਾ ਹੈ। ਉਸ ਆਗੂ ਨੇ ਥੋੜ੍ਹਾ ਹੋਰ ਅਗਾਂਹ ਵਧਦਿਆਂ ਕਿਹਾ ਕਿ ਬਦਕਿਸਮਤੀ ਇਹ ਹੈ ਕਿ ਸਾਡੇ ਲੋਕਤੰਤਰ ਦਾ ਆਨੰਦ ਮਾਣ ਚੁੱਕੇ ਤੇ ਮਾਨਣ ਵਾਲੇ ਆਗੂ ਹੀ ਲੋਕਤੰਤਰ ਦਾ ਜਨਾਜ਼ਾ ਕੱਢਣ ਵਿੱਚ ਲੱਗੇ ਹੋਏ ਹਨ। ਲੋਕਤੰਤਰ ਦੀ ਮਜਬੂਤੀ ਸਬੰਧੀ ਵਿਸਥਾਰ ਤੋਂ ਪਹਿਲਾਂ ਆਮ ਚੋਣਾਂ ਦੇ ਐਲਾਨ ਬਾਰੇ ਜ਼ਿਕਰ ਕਰ ਲਈਏ। ਦੇਸ਼ ਅੰਦਰ ਕੁੱਲ 543 ਸੀਟਾਂ ਲਈ ਸੱਤ ਗੇੜਾਂ ਵਿੱਚ ਵੋਟਾਂ ਪੈਣੀਆਂ ਹਨ।

ਕਿਸੇ ਵੀ ਦੇਸ਼ ਦੀਆਂ ਆਮ ਚੋਣਾਂ ਨੇ ਉਸ ਦੇਸ਼ ਦਾ ਭਵਿੱਖ ਨਿਰਧਾਰਤ ਕਰਨਾ ਹੁੰਦਾ ਹੈ। ਇਹ ਭਵਿੱਖ ਸਿਆਸੀ ਪਾਰਟੀਆਂ ਤੇ ਆਮ ਲੋਕਾਂ ਦੀ ਸੋਚਣੀ ਉਪਰ ਵੀ ਨਿਰਭਰ ਹੁੰਦਾ ਹੈ। ਜੇ ਭਾਰਤ ਦੀ ਗੱਲ ਕਰੀਏ ਤਾਂ ਇਸ ਵਾਰ ਆਮ ਚੋਣਾਂ ਵਿੱਚ ਆਮ ਮੁੱਦੇ ਪੂਰੀ ਤਰ੍ਹਾਂ ਗਾਇਬ ਹਨ। ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਅਖੌਤੀ ਧਾਰਮਿਕਤਾ ਨਾਲ ਲਬਾ-ਲਬ ਹੈ, ਜਦਕਿ ਵਿਰੋਧੀ ਪਾਰਟੀਆਂ ਸਪਸ਼ਟ ਨੀਤੀ ਦੇਣ ਵਿੱਚ ਨਾਕਾਮ ਨਜ਼ਰ ਆ ਰਹੀਆਂ ਹਨ। ਸੱਤਾ ਦਾ ਆਨੰਦ ਮਾਣ ਰਹੀ ਪਾਰਟੀ ਨੇ ਇਸ ਕਦਰ ਧਰਮ ਨੂੰ ਸੱਤਾ ਲਈ ਵਰਤਣਾ ਸ਼ੁਰੂ ਕਰ ਦਿੱਤਾ ਸੀ ਕਿ ਸ੍ਰੀ ਰਾਮ ਮੰਦਰ ਦੇ ਉਦਘਾਟਨੀ ਸਮਾਗਮ ਵਿੱਚ ਉਨ੍ਹਾਂ ਨੇ ਵੱਡੀ ਧਾਰਮਿਕ ਆਸਥਾ ਰੱਖਣ ਵਾਲੇ ਤੇ ਸਨਾਤਨ ਧਰਮ ਦੇ ਮੁੱਖ ਸਤੰਭ ਮੰਨੇ ਜਾਂਦੇ ਸੰਕਰਾਚਾਰੀਆਂ ਨੂੰ ਵੀ ਅਣਗੌਲ ਦਿੱਤਾ, ਜਦਕਿ ਸਿਆਸਤਦਾਨ ਮੋਹਰੀ ਸਨ।

ਉਂਝ ਵੀ ਸਿਆਸਤ ਦੇ ਸਰਬ-ਪ੍ਰਵਾਨਿਤ ਨਿਯਮਾਂ ਮੁਤਾਬਕ ਰਾਜ ਦਾ ਕੋਈ ਧਰਮ ਨਹੀਂ ਹੁੰਦਾ ਤੇ ਰਾਜੇ ਨੇ ਸਭ ਧਰਮਾਂ ਦਾ ਬਰਾਬਰ ਸਨਮਾਨ ਕਰਨਾ ਹੁੰਦਾ ਹੈ। ਹਾਲਾਂਕਿ ਇਸ ਮਾਮਲੇ ਵਿੱਚ ਅਜੇ ਵਿਰੋਧੀ ਪਾਰਟੀਆਂ ਵੀ ਉਸ ਕਦਰ ਸਪਸ਼ਟ ਨਹੀਂ, ਜਿਸ ਤਰ੍ਹਾਂ ਦੀ ਉਨ੍ਹਾਂ ਤੋਂ ਉਮੀਦ ਸੀ। ਇਨ੍ਹਾਂ ਚੋਣਾਂ ਵਿੱਚ ਭਾਜਪਾ ਇੱਕ ਪਾਸੇ ਚਾਰ ਸੌ ਪਾਰ ਸੀਟਾਂ ਦਾ ਨਾਅਰਾ ਦੇ ਰਹੀ ਹੈ, ਜਦਕਿ ਦੂਜੇ ਪਾਸੇ ਉਹ ਕਿਸੇ ਵੀ ਕਾਂਗਰਸੀ ਜਾਂ ਹੋਰਨਾਂ ਪਾਰਟੀਆਂ ਦੇ ਆਗੂਆਂ ਨੂੰ ਭਾਜਪਾ ਵਿਚ ਸ਼ਾਮਿਲ ਕਰਨ ਤੋਂ ਗੁਰੇਜ਼ ਨਹੀਂ ਕਰ ਰਹੀ। ਸਿਤਮਜ਼ਰੀਫੀ ਤਾਂ ਇਹ ਹੈ ਕਿ ਭਾਜਪਾ ਵਿੱਚ ਸ਼ਾਮਲ ਹੋਣ ਦੇ ਅੱਧੇ ਘੰਟੇ ਬਾਅਦ ਹੀ ਕਾਂਗਰਸੀ ਆਗੂਆਂ ਨੂੰ ਟਿਕਟ ਮਿਲ ਜਾਂਦਾ ਹੈ। ਭਾਜਪਾਈ ਆਗੂ ਖਾਸ ਕਰ ਕੇ ਕਾਂਗਰਸ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਇਨ੍ਹਾਂ ਕਾਂਗਰਸੀ ਆਗੂਆਂ ਨੂੰ ਪਤਾ ਨਹੀਂ ਕੀ-ਕੀ ਕਹਿੰਦੇ ਨਹੀਂ ਥੱਕਦੇ ਸਨ, ਪਰ ਹੁਣ ਇਹ ਆਗੂ ਭਾਜਪਾ ਵਿੱਚ ਆ ਕੇ ਸਰਬ ਉੱਚ ਹੋ ਗਏ ਹਨ ਤੇ ਭਾਜਪਾ ਵਾਲੇ ਮੁੜ ਦਰੀਆਂ ਵਿਛਾਉਣ ਵਾਲੀ ਡਿਊਟੀ ਉਤੇ ਆ ਗਏ ਹਨ।

ਆਮ ਚੋਣਾਂ ਦੌਰਾਨ ਈ.ਡੀ. ਨੇ ਸੀ.ਬੀ.ਆਈ. ਦੀ ਥਾਂ ਲੈ ਲਈ ਹੈ। ਈ.ਡੀ. ਵਿਰੋਧੀ ਧਿਰ ਦੇ ਆਗੂਆਂ ਨੂੰ ਮਿੱਥ ਕੇ ਨਿਸ਼ਾਨਾ ਬਣਾ ਰਹੀ ਹੈ ਤੇ ਜੋ ਭਾਜਪਾ ਵਿੱਚ ਆ ਜਾਂਦਾ ਹੈ, ਉਸ ਦੇ 'ਸਾਰੇ ਖ਼ੂਨ ਮੁਆਫ਼' ਕਰ ਦਿੰਦੀ ਹੈ। ਈ.ਡੀ. ਤੇ ਇਨਕਮ ਟੈਕਸ ਦੀ ਕਾਰਵਾਈ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਉਕਤ ਏਜੰਸੀਆਂ ਦੇ ਹਾਲੀਆ ਆਕਾ ਵਿਰੋਧੀ ਧਿਰ ਤੋਂ ਬਰਾਬਰ ਦੇ ਮੌਕੇ ਖੋਹਣ ਦਾ ਯਤਨ ਕਰ ਰਹੇ ਹਨ। ਸੋਚਣ ਦੀ ਗੱਲ ਹੈ ਕਿ ਜੇ ਵਿਰੋਧੀ ਧਿਰ ਨੂੰ ਬਰਾਬਰ ਮੌਕੇ ਹੀ ਨਹੀਂ ਮਿਲਣੇ ਤਾਂ ਅਸੀਂ ਲੋਕਤੰਤਰ ਨੂੰ ਜੀਵੰਤ ਕਿਵੇਂ ਕਹਿ ਸਕਦੇ ਹਾਂ! ਭਾਜਪਾ ਇੱਕ ਪਾਸੇ ਤਾਂ ਇਲੈਕਸ਼ਨ ਬਾਂਡ ਬਾਰੇ ਸੂਚਨਾਵਾਂ ਜਨਤਕ ਕਰਨ ਦੀ ਵੀ ਹਾਮੀ ਨਹੀਂ ਹੈ, ਜਦਕਿ ਦੂਜੇ ਪਾਸੇ ਉਹ ਹੋਰਨਾਂ ਪਾਰਟੀਆਂ ਨੂੰ ਇਨਕਮ ਟੈਕਸ ਦੇ ਨੋਟਿਸ ਕੱਢਣ ਦੇ ਨਾਲ-ਨਾਲ ਜੇਲ੍ਹਾਂ ਵਿੱਚ ਵੀ ਸੁੱਟ ਰਹੀ ਹੈ। ਇਸੇ ਤਰ੍ਹਾਂ ਜੇ ਕਾਂਗਰਸ ਦੀ ਗੱਲ ਕਰੀਏ ਤਾਂ ਆਪਣੇ ਸ਼ਾਸਨ ਦੌਰਾਨ ਲੋਕਤੰਤਰ ਦਾ ਜਨਾਜ਼ਾ ਕੱਢਣ ਵਿੱਚ ਇਸ ਪਾਰਟੀ ਨੇ ਵੀ ਕੋਈ ਕਸਰ ਨਹੀਂ ਛੱਡੀ। ਦੇਸ਼ ਵਿੱਚ ਸਭ ਤੋਂ ਪਹਿਲਾਂ ਕਾਰਪੋਰੇਟ ਘਰਾਣਿਆਂ ਨੂੰ ਅਹਿਮੀਅਤ ਹੀ ਕਾਂਗਰਸ ਨੇ ਦਿੱਤੀ ਸੀ।

1991 ਦੀ ਆਰਥਿਕ ਨੀਤੀ ਨੇ ਦੇਸ਼ ਦਾ ਸਾਰਾ ਜਨਤਕ ਢਾਂਚਾ ਹੀ ਨੇਸਤੋ-ਨਾਬੂਦ ਕਰ ਦਿੱਤਾ ਸੀ। ਕਾਂਗਰਸ ਬਾਰੇ ਦੂਜੀ ਗੱਲ ਇਹ ਹੈ ਕਿ ਪੰਜਾਹ-ਪੰਜਾਹ ਸਾਲ ਕਾਂਗਰਸ ਵਿੱਚ ਮੌਜਾਂ ਮਾਣ ਚੁੱਕੇ ਤੇ ਮਾਨਣ ਵਾਲੇ ਲੋਕ ਵੀ ਇਸ ਨੂੰ ਇਸ ਕਦਰ ਬੁਰਾ-ਭਲਾ ਕਹਿ ਰਹੇ ਹਨ ਕਿ ਲੋਕਾਂ ਦਾ ਪਾਰਟੀ ਸਿਸਟਮ ਤੋਂ ਵਿਸ਼ਵਾਸ ਹੀ ਉਠ ਗਿਆ ਹੈ। ਵਿਚਾਰ ਵਾਲੀ ਗੱਲ ਇਹ ਹੈ ਕਿ ਕਾਂਗਰਸ ਆਪਣੇ ਆਗੂਆਂ ਨੂੰ ਸਿਧਾਂਤਕ ਗੁੜਤੀ ਦੇਣ ਵਿੱਚ ਨਾਕਾਮ ਕਿਉਂ ਰਹੀ? ਦੋ ਵਾਰੀਆਂ ਦਾ ਮੁੱਖ ਮੰਤਰੀ, ਤਿੰਨ-ਚਾਰ ਵਾਰੀਆਂ ਦੇ ਲੋਕ ਸਭਾ ਮੈਂਬਰ ਤੇ ਸੂਬਾ ਪ੍ਰਧਾਨ ਤੱਕ ਪਾਰਟੀ ਵਿੱਚੋਂ ਭੱਜ ਗਏ ਹਨ। ਇਸੇ ਤਰ੍ਹਾਂ ਦੀ ਹਾਲਤ ਸ਼੍ਰੋਮਣੀ ਅਕਾਲੀ ਦਲ ਦੀ ਹੈ। ਇਸ ਪਾਰਟੀ ਨੂੰ ਸੱਤਾ ਵਿੱਚ ਰਹਿੰਦਿਆਂ ਨਾ ਪੰਜਾਬ ਦੇ ਪਾਣੀਆਂ ਦੇ ਮਸਲੇ ਚਿੱਤ-ਚੇਤੇ ਰਹਿੰਦੇ ਹਨ ਤੇ ਨਾ ਹੀ ਬੰਦੀ ਸਿੰਘਾਂ ਦੀ ਰਿਹਾਈ; ਨਾ ਪੰਜਾਬੀ ਬੋਲਦੇ ਇਲਾਕੇ ਤੇ ਨਾ ਪੰਜਾਬ ਯੂਨੀਵਰਸਿਟੀ ਹੀ ਦਿਸਦੀ ਹੈ। ਸਭ ਤੋਂ ਵੱਧ ਗੰਭੀਰ ਵਰਤਾਰਾ ਨਵੀਂ-ਨਵੀਂ ਬਣੀ ਆਮ ਆਦਮੀ ਪਾਰਟੀ ਨਾਲ ਵਾਪਰ ਰਿਹਾ ਹੈ। ਸਾਨੂੰ ਇਸ ਦੇ ਆਗੂਆਂ ਨੂੰ ਜੇਲ੍ਹਾਂ ਵਿੱਚ ਸੁੱਟਣ ਉਤੇ ਇਤਰਾਜ਼ ਹੈ, ਪਰ ਪਾਰਟੀ ਨੂੰ ਵੀ ਤਾਂ ਇਹ ਸੋਚਣਾ ਚਾਹੀਦਾ ਸੀ ਕਿ ਉਹ ਸ਼ਰਾਬ ਵਰਗੇ ਗੈਰ-ਜ਼ਰੂਰੀ ਮੁੱਦੇ ਉਤੇ ਨੀਤੀ ਬਨਾਉਣ ਸਮੇਂ ਵਧੇਰੇ ਪਾਰਦਰਸ਼ਤਾ ਵਰਤਦੀ।

ਇਸ ਤਰ੍ਹਾਂ ਲੋਕਤੰਤਰ ਦੇ ਇਸ ਜਨਾਜ਼ੇ ਵਿੱਚ ਸਭ ਸ਼ਾਮਲ ਹਨ। ਨਾ ਹੀ ਕੋਈ ਕਿਸੇ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰਨ ਸਮੇਂ ਸਿਧਾਂਤ ਵੇਖ ਰਿਹਾ ਹੈ ਤੇ ਨਾ ਹੀ ਕੋਈ ਸ਼ਾਮਲ ਹੁੰਦਿਆਂ ਸ਼ਰਮ ਮਹਿਸੂਸ ਕਰ ਰਿਹਾ ਹੈ। ਇਹ ਸਭ ਸੱਤਾ ਲਈ ਹੋ ਰਿਹਾ ਹੈ। ਲੋਕ ਸੇਵਾ ਦੀ ਦੁਹਾਈ ਦੇਣ ਵਾਲੇ ਆਗੂ ਪਾਰਟੀ ਛੱਡਣ ਤੇ ਸ਼ਾਮਲ ਹੋਣ ਸਮੇਂ ਆਪਣੇ ਵੋਟਰ ਨੁਮਾ ਸਹਿਯੋਗੀਆਂ ਨੂੰ ਤਾਂ ਛੱਡੋ, ਆਪਣੇ ਉਸਤਾਦ ਆਗੂਆਂ ਤੱਕ ਨੂੰ ਨਹੀਂ ਪੁੱਛ ਰਹੇ। ਇਸ ਵਾਰ ਦੀਆਂ ਚੋਣਾਂ ਵਿੱਚ ਧਾਰਮਿਕ ਪਾਣ ਅਹਿਮ ਬਣੀ ਹੋਈ ਹੈ, ਜਦਕਿ ਲੋਕਾਂ ਦੇ ਅਹਿਮ ਮੁੱਦੇ ਨਦਾਰਦ ਹਨ।

ਇਸ ਸਭ ਦੇ ਬਾਵਜੂਦ ਅਜੇ ਵੀ ਬਹੁਤ ਲੋਕ ਅਜਿਹੇ ਹਨ, ਜੋ ਬੁਨਿਆਦੀ ਮੁੱਦਿਆਂ ਨੂੰ ਅਹਿਮੀਅਤ ਦੇਣਾ ਚਾਹੁੰਦੇ ਹਨ। ਅਜੇ ਵੀ ਜੇ ਅਸੀਂ ਲੋਕਤੰਤਰ ਨੂੰ ਬਚਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਰਾਜ ਨੂੰ ਧਰਮ ਦਾ ਹਿੱਸਾ ਨਾ ਬਨਣ ਦੇਈਏ। ਭਾਜਪਾ ਵਾਂਗ ਮਹਿਜ ਸਨਾਤਨੀ ਤੇ ਕਾਂਗਰਸ ਵਾਂਗ ਅਖੌਤੀ ਧਰਮ ਨਿਰਪੱਖਤਾ ਤੋਂ ਉਚਿਤ ਦੂਰੀ ਰੱਖੀਏ। ਰਾਜ ਦਾ ਮੁੱਖ ਕੰਮ ਲੋਕ ਮਸਲੇ ਹੱਲ ਕਰਨਾ ਹੈ। ਅਸੀਂ ਸਰਕਾਰਾਂ ਬਨਾਉਣ ਸਮੇਂ ਰੁਜ਼ਗਾਰ, ਪੜ੍ਹਾਈ, ਸਿੱਖਿਆ, ਸਿਹਤ ਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀਆਂ ਮੰਗਾਂ ਉਭਾਰੀਏ। ਕਿਸਾਨਾਂ, ਮਜ਼ਦੂਰਾਂ ਤੇ ਛੋਟੇ ਵਪਾਰੀਆਂ ਦੇ ਮਸਲੇ ਹੱਲ ਕਰੀਏ। ਅਸੀਂ ਸ਼ਾਂਤੀ ਦੀ ਗੱਲ ਕਰੀਏ। ਦਰਦਮੰਦਾਂ ਦਾ ਦਰਦ ਸਮਝੀਏ। ਕੁਰਾਹੇ ਪੈਣ ਵਾਲਿਆਂ ਨੂੰ ਸਮਝਾਈਏ ਤੇ ਖੁਦ ਕੁਰਾਹੇ ਪੈਣ ਤੋਂ ਬਚੀਏ। ਇਨ੍ਹਾਂ ਚੋਣਾਂ ਵਿੱਚ ਕੱਟੜ ਰਾਸ਼ਟਰਵਾਦ ਤੇ ਖੇਤਰਵਾਦ ਦੀਆਂ ਵਲਗਣਾਂ ਤੋਂ ਬਾਹਰ ਨਿਕਲ ਨਿਰੋਲ ਦੇਸ਼ ਅਤੇ ਦੇਸ਼ ਦੇ ਲੋਕਾਂ ਨਾਲ ਜੁੜੇ ਆਰਥਿਕ ਤੇ ਸਮਾਜਿਕ ਮਸਲਿਆਂ ਨੂੰ ਹੱਲ ਕਰਵਾਉਣ ਲਈ ਵੋਟ ਕਰਨ ਦੀ ਲੋੜ ਹੈ।

ਇੰਡੀਅਨਐਪੋਲਿਸ (ਇੰਡੀਆਨਾ) ਆਧਾਰਿਤ ਦੋ ਟਰੱਕਿੰਗ ਕੰਪਨੀਆਂ ਨੂੰ
ਡਰਾਈਵਰਾਂ ਦੀ ਫੌਰੀ ਲੋੜ ਹੈ
ਡਿਸਪੈਚਰ ਵੀ ਚਾਹੀਦੇ ਹਨ
ਪੱਕੇ ਡਰੌਪ ਐਂਡ ਹੁੱਕ
ਰੱਖ-ਰਖਾਅ ਲਈ ਮਕੈਨਿਕ ਵੀ ਚਾਹੀਦੇ ਹਨ
ਹੋਰ ਜਾਣਕਾਰੀ ਲਈ ਸੰਪਰਕ ਕਰੋ
R&P LOGISTICS INC
2802 W McCarty St.
Indianapolis, IN 46221
Ph: 317-440-5021
Sodey Trucking Ltd.
2802 West McCarty St.
Indianapolis, IN 46221
Ph: 317-319-3832
Email: sodeystl@gmail.com

ਸੱਚੋ-ਸੱਚ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000



# ਸਿਰਫ ਇੱਕ ਦਿਨ ਹੀ ਕਿਉਂ ਚੱਲਿਆ ਸੀ ਅਕਾਲੀ ਦਲ ਦਾ ਕਪੂਰੀ ਮੋਰਚਾ?

8 ਅਪਰੈਲ 1982 ਨੂੰ ਬੜੇ ਜੋਸ਼ ਨਾਲ ਲੱਗਿਆ ਕਪੂਰੀ ਮੋਰਚਾ ਅਗਲੇ ਹੀ ਦਿਨ ਠੰਡਾ ਪੈ ਗਿਆ। 19 ਜੁਲਾਈ 1982 ਨੂੰ ਬਾਬਾ ਠਾਰਾ ਸਿੰਘ ਅਤੇ ਭਾਈ ਅਮਰੀਕ ਸਿੰਘ ਦੀ ਰਿਹਾਈ ਲਈ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਮੰਜੀ ਸਾਹਿਬ (ਦਰਬਾਰ ਸਾਹਿਬ) ਕੰਪਲੈਕਸ ਤੋਂ ਇੱਕ ਮੋਰਚਾ ਸ਼ੁਰੂ ਕਰ ਦਿੱਤਾ। 4 ਅਗਸਤ 1982 ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਇੱਕ ਮੋਰਚਾ ਸ਼ੁਰੂ ਕਰ ਦਿੱਤਾ ਗਿਆ। ਇਸ ਮੋਰਚੇ ਦਾ ਏਜੰਡਾ ਦਲ ਵੱਲੋਂ ਸਤੰਬਰ 1981 ਨੂੰ ਕੇਂਦਰ ਸਰਕਾਰ ਕੋਲ ਪੇਸ਼ ਕੀਤਾ ਗਿਆ 40 ਮੰਗਾਂ ਵਾਲਾ ਚਾਰਟਰ ਸੀ। ਇਨ੍ਹਾਂ 40 ਮੰਗਾਂ ਤੋਂ ਇਲਾਵਾ 41ਵੀਂ ਮੰਗ ਬਾਬਾ ਠਾਰਾ ਸਿੰਘ ਅਤੇ ਭਾਈ ਅਮਰੀਕ ਸਿੰਘ ਦੀ ਰਿਹਾਈ ਵਾਲੀ ਸ਼ਾਮਲ ਕਰਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਮੋਰਚੇ ਨੂੰ ਵੀ ਅਪਨਾ ਲਿਆ ਜਾਂ ਕਹਿ ਲਓ ਕਿ ਆਪਣੇ ਮੋਰਚੇ ਵਿੱਚ ਮਰਜ ਕਰ ਲਿਆ। ਕਪੂਰੀ ਮੋਰਚੇ ਦੇ ਅੰਮ੍ਰਿਤਸਰ ਸ਼ਿਫ਼ਟ ਹੋ ਜਾਣੇ ਬਾਰੇ ਕਹਿ ਕੇ ਅਕਾਲੀ ਨੇ ਰਸਮੀ ਤੌਰ 'ਤੇ ਕਪੂਰੀ ਮੋਰਚਾ ਠੱਪ ਕਰ ਦਿੱਤਾ। ਇਹ ਮੋਰਚਾ ਭਾਵੇਂ 8 ਅਪਰੈਲ 1982 ਤੋਂ ਲੈ ਕੇ 4 ਅਗਸਤ 1982 ਤੱਕ ਚਾਰ ਮਹੀਨੇ ਰਸਮੀ ਤੌਰ 'ਤੇ ਤਾਂ ਚੱਲਿਆ, ਪਰ 8 ਅਪਰੈਲ ਤੋਂ ਅਗਲੇ ਹੀ ਇਹ ਏਨਾ ਠੰਡਾ ਹੋ ਗਿਆ ਕਿ 9 ਅਪਰੈਲ ਦੇ ਅਖਬਾਰ ਤੋਂ ਬਾਅਦ ਮੋਰਚੇ ਦੀ ਕੋਈ ਖ਼ਬਰ ਵੀ ਦੇਖਣ ਨੂੰ ਨਹੀਂ ਮਿਲਦੀ ਸੀ, ਯਾਨਿ ਇਹ ਮੋਰਚਾ ਸਿਰਫ ਇੱਕ ਦਿਨ ਹੀ ਚੱਲਿਆ।

4 ਅਗਸਤ 1982 ਨੂੰ ਸ਼ੁਰੂ ਕੀਤੇ ਮੋਰਚੇ ਦਾ ਨਾਂ ਅਕਾਲੀ ਦਲ ਨੇ ਧਰਮ ਯੁੱਧ ਮੋਰਚਾ ਰੱਖਿਆ। ਧਰਮ ਯੁੱਧ ਮੋਰਚੇ ਦੀ ਸ਼ੁਰੂਆਤ ਤੋਂ ਲੈ ਕੇ ਪੰਥਕ ਸਰਗਰਮੀਆਂ ਲਗਾਤਾਰ ਤੇਜ ਰਹੀਆਂ ਤੇ ਖਬਰਾਂ ਬਣ ਕੇ ਇਤਿਹਾਸ ਦਾ ਹਿੱਸਾ ਬਣੀਆਂ। ਇਸ ਇਤਿਹਾਸ ਮੂਹਰੇ ਕਪੂਰੀ ਮੋਰਚੇ ਦਾ ਇਤਿਹਾਸ ਬਹੁਤ ਫਿੱਕਾ ਹੈ। 8 ਅਪਰੈਲ ਨੂੰ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਘਨੌਰ ਨੇੜੇ ਸਤਲੁਜ-ਜਮਨਾ ਨਹਿਰ ਦਾ ਟੱਕ ਲਾਉਣ ਤੇ ਅਕਾਲੀ ਦਲ ਵੱਲੋਂ ਟੱਕ ਨੂੰ ਰੋਕਣ ਖ਼ਾਤਰ ਮੁਜ਼ਾਹਰਾ ਕਰਨ ਤੋਂ ਇਲਾਵਾ ਹੋਰ ਕੋਈ ਲਿਖਤ ਇਤਿਹਾਸ ਨਾ ਹੋਣ ਕਰਕੇ ਅਜੋਕੀ ਪੀੜ੍ਹੀ ਨੂੰ ਬਹੁਤਾ ਪਤਾ ਨਹੀਂ ਹੈ।

31 ਦਸੰਬਰ 1981 ਨੂੰ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਦਾਬ ਹੇਠ ਇੱਕ ਸਮਝੌਤੇ 'ਤੇ ਦਸਤਖ਼ਤ ਕੀਤੇ, ਜਿਸ ਤਹਿਤ ਪੰਜਾਬ ਦੀ ਮਾਲਕੀ ਵਾਲੇ ਦਰਿਆਈ ਪਾਣੀਆਂ 'ਤੇ 75 ਫੀਸਦੀ ਹੱਕ ਹਰਿਆਣਾ ਤੇ ਰਾਜਸਥਾਨ ਦਾ ਤਸਲੀਮ ਕਰ ਲਿਆ ਗਿਆ। ਨਾਲ ਦੀ ਨਾਲ ਹਰਿਆਣੇ ਨੂੰ ਨਹਿਰ ਪੱਟ ਕੇ ਦੇਣਾ ਵੀ ਮੰਨ ਲਿਆ ਗਿਆ। ਇੰਦਰਾ ਗਾਂਧੀ ਨੇ ਟੱਕ ਲਾ ਕੇ ਨਹਿਰ ਪੱਟਣ ਦੀ ਸ਼ੁਰੂਆਤ ਕਰਨ ਖ਼ਾਤਰ 8 ਅਪਰੈਲ 1982 ਦਾ ਦਿਨ ਵੀ ਮੁਕੱਰਰ ਕਰ ਦਿੱਤਾ। ਅਕਾਲੀ ਦਲ ਨੇ ਐਲਾਨ ਕੀਤਾ ਕਿ ਅਸੀਂ ਕਿਸੇ ਸੂਰਤ 'ਚ ਟੱਕ ਨਹੀਂ ਲਾਉਣ ਦੇਣਾ। ਦਲ ਨੇ ਵੀ 8 ਅਪਰੈਲ ਵਾਲੇ ਦਿਨ ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਪਟਿਆਲਾ 'ਚ ਇਕੱਠ ਰੱਖ ਲਿਆ।

ਸੋ, 8 ਅਪਰੈਲ ਨੂੰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿੱਚ ਅਕਾਲੀਆਂ ਦਾ ਇੱਕ ਵੱਡਾ ਇਕੱਠ ਹੋਇਆ, ਜਿਸ ਵਿੱਚ ਅਕਾਲੀ ਦਲ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ, ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਨੇ ਧੂੰਆਂ ਧਾਰ ਤਕਰੀਰਾਂ ਕਰਕੇ ਕਪੂਰੀ ਪਿੰਡ ਪਹੁੰਚਣ ਲਈ ਆਖਿਆ ਕਿ ਅਕਾਲੀ ਯੋਧੇ ਅੱਜ ਕਪੂਰੀ ਜਾ ਇੰਦਰਾ ਗਾਂਧੀ ਨੂੰ ਟੱਕ ਲਾਉਣੋਂ ਰੋਕਣਗੇ ਅਤੇ ਅਕਾਲੀਆਂ ਦਾ ਇਹ ਮੋਰਚਾ ਲਗਾਤਾਰ ਉਦੋਂ ਤੱਕ ਚੱਲੂਗਾ, ਜਦੋਂ ਤੱਕ ਨਹਿਰ ਦੀ ਪੁਟਾਈ ਰੁਕ ਨਹੀਂ ਜਾਂਦੀ। ਇਹ ਵੀ ਆਖਿਆ ਕਿ ਹਰ ਰੋਜ਼ ਹਜ਼ਾਰਾਂ ਦੀ ਗਿਣਤੀ 'ਚ ਅਕਾਲੀ ਵਰਕਰ ਨਹਿਰ ਦੀ ਪੁਟਾਈ ਨੂੰ ਰੋਕਣਗੇ; ਪਰ ਅਗਲੇ ਹੀ ਦਿਨ ਅਕਾਲੀਆਂ ਨੇ ਮੋਰਚਾ ਠੰਡਾ ਕਰ ਦਿੱਤਾ, ਸਿਰਫ ਇਕਵੰਜਾ ਬੰਦਿਆਂ ਦਾ ਜਥਾ ਤੋਰਿਆ ਤੇ ਓਹਤੋਂ ਵੀ ਅਗਲੇ ਦਿਨ ਸਿਰਫ ਪੰਜ ਬੰਦਿਆਂ ਦਾ। ਕਪੂਰੀ ਮੋਰਚੇ ਦੇ ਨਾਂ ਨਾਲ਼ ਮਸ਼ਹੂਰ ਹੋਇਆ ਇਹ ਮੋਰਚਾ ਅਸਲ ਵਿੱਚ ਕੋਈ ਮੋਰਚਾ ਨਹੀਂ ਸੀ, ਸਿਰਫ ਇੱਕ ਦਿਨ ਦਾ ਐਕਸ਼ਨ ਸੀ। ਅਕਾਲੀ ਮੋਰਚਿਆਂ ਦੇ ਇਤਿਹਾਸ 'ਚ ਇਹ ਸਭ ਤੋਂ ਛੋਟਾ ਮੋਰਚਾ ਸੀ। ਇਸ ਮੋਰਚੇ ਵਿੱਚ ਕਮਿਊਨਿਸਟ ਪਾਰਟੀ (ਸੀ.ਪੀ.ਐਮ.) ਦੀ ਵੀ ਸ਼ਮੂਲੀਅਤ ਸੀ। ਇਹਤੋਂ ਪਹਿਲਾਂ ਅਕਾਲੀ ਦਲ ਨੇ 1977 ਵਾਲੀ ਲੋਕ ਸਭਾ ਚੋਣ ਅਤੇ 1980 ਵਾਲੀ ਵਿਧਾਨ ਸਭਾ ਚੋਣ ਵੀ ਕਮਿਊਨਿਸਟ ਪਾਰਟੀ (ਸੀ.ਪੀ.ਐਮ.) ਨਾਲ਼ ਰਲ਼ ਕੇ ਲੜੀ ਸੀ। ਸੋ, ਉਸ ਵੇਲੇ ਤੱਕ ਦੋਹਾਂ ਪਾਰਟੀਆਂ ਦੀ ਆੜੀ ਬਰਕਰਾਰ ਸੀ। ਜਦੋਂ ਅਕਾਲੀ ਦਲ ਨੇ ਮੋਰਚੇ ਦਾ ਨਾਂ 'ਧਰਮ ਯੁੱਧ ਮੋਰਚਾ' ਰੱਖ ਦਿੱਤਾ ਤਾਂ ਸੀ.ਪੀ.ਐਮ. ਨੇ ਅਕਾਲੀ ਦਲ ਤੋਂ ਕਿਨਾਰਾਕਸ਼ੀ ਕਰ ਲਈ।



ਇਹ ਮੋਰਚਾ ਸਿਰਫ ਇੱਕ ਦਿਨ ਦੀ ਗਰਮੀ ਦਿਖਾ ਕੇ ਅਗਲੇ ਹੀ ਠੰਡਾ ਕਿਵੇਂ ਹੋਇਆ? ਇਹ ਮੈਂ ਸਭ ਕੁੱਝ ਖੁਦ ਨੇੜਿਓਂ ਦੇਖਿਆ ਹੈ। ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਾਲੇ ਇਕੱਠ 'ਚ ਜਾਣ ਤੋਂ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ, ਵਿਧਾਨ ਸਭਾ 'ਚ ਲੀਡਰ ਆਫ ਆਪੋਜੀਸ਼ਨ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਦੀ ਇੱਕ ਮੀਟਿੰਗ ਹੋਈ, ਜੀਹਦੇ 'ਚ ਮੋਰਚੇ ਦੀ ਹਿਕਮਤੇ-ਅਮਲੀ ਤੈਅ ਕੀਤੀ ਗਈ। ਪਟਿਆਲੇ ਦੇ ਰਜਬਾਹਾ ਰੋਡ 'ਤੇ ਪੈਂਦੀਆਂ ਸਰਕਾਰੀ ਕੋਠੀਆਂ ਵਿੱਚ ਇੱਕ ਕੋਠੀ 'ਚ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਇੱਕ ਮੈਂਬਰ ਸੁਰਿੰਦਰਪਾਲ ਸਿੰਘ ਮਾਨ ਦੀ ਰਿਹਾਇਸ਼ ਸੀ। ਸੁਰਿੰਦਰਪਾਲ ਸਿੰਘ ਮਾਨ ਨੂੰ ਸ. ਬਾਦਲ ਨੇ ਆਪਣੀ 1977 ਵਾਲੀ ਸਰਕਾਰ ਦੌਰਾਨ ਕਮਿਸ਼ਨ ਦਾ ਮੈਂਬਰ ਥਾਪਿਆ ਸੀ। ਸ. ਮਾਨ ਪੁਰਾਣੇ ਅਕਾਲੀ ਸੀਗੇ ਤੇ ਕਮਿਸ਼ਨ ਦੀ ਮੈਂਬਰੀ ਦੌਰਾਨ ਵੀ ਉਹ ਅਕਾਲੀਆਂ ਵਰਗੀ ਨੀਲੀ ਪੱਗ ਬੰਨ੍ਹ ਕੇ ਰੱਖਦੇ ਹੁੰਦੇ ਸੀ। ਅਕਾਲੀ ਦਲ ਦੇ ਉਕਤ ਤਿੰਨੇ ਲੀਡਰਾਂ ਦੀ ਇਹ ਮੀਟਿੰਗ ਸ. ਮਾਨ ਦੀ ਕੋਠੀ ਵਿੱਚ ਹੀ ਹੋਈ ਸੀ। ਮੈਂ ਵੀ ਗੁਰਦਾਸਪੁਰ ਤੋਂ ਸ਼੍ਰੋਮਣੀ ਕਮੇਟੀ ਦੇ ਇੱਕ ਮੈਂਬਰ ਨਾਲ ਮਾਸਟਰ ਅਜੀਤ ਸਿੰਘ ਸੇਖੋਂ ਨਾਲ ਪਹੁੰਚ ਗਿਆ। ਕੋਠੀ ਦੇ ਡਰਾਇੰਗ ਰੂਮ 'ਚ ਕੁੱਝ ਮੋਹਤਬਰ ਸੱਜਣ ਪਹਿਲਾਂ ਹੀ ਬੈਠੇ ਹੋਏ ਸਨ। ਡਰਾਇੰਗ ਰੂਮ 'ਚ ਮੇਰਾ ਦਾਖਲਾ ਵੀ ਸ. ਸੇਖੋਂ ਦੇ ਕਹਿਣ 'ਤੇ ਸੰਭਵ ਹੋਇਆ। ਉਥੇ ਆ ਕੇ ਦਬਵੀਂ ਸੁਰ 'ਚ ਨੀਲੀ ਪੱਗ ਵਾਲੇ ਸੁਰਿੰਦਰਪਾਲ ਸਿੰਘ ਮਾਨ ਨੇ ਦੱਸਿਆ ਕਿ ਚੌਧਰੀ ਦੇਵੀ ਲਾਲ ਦਾ ਸੁਨੇਹਾ ਆਇਆ ਹੈ ਕਿ ਤੁਸੀਂ ਮੋਰਚਾ ਬੰਦ ਕਰੋ, ਕਿਉਂਕਿ ਹਰਿਆਣੇ ਵਿੱਚ ਇਸ ਗੱਲ ਦਾ ਮੈਨੂੰ ਨੁਕਸਾਨ ਹੁੰਦਾ ਹੈ। ਹਰਿਆਣੇ ਵਿੱਚ ਕਾਂਗਰਸ ਦੀ ਭਜਨ ਲਾਲ ਸਰਕਾਰ ਨੂੰ ਵਿਰੋਧੀ ਧਿਰ ਦਾ ਲੀਡਰ ਚੌਧਰੀ ਦੇਵੀ ਲਾਲ ਇਹ ਕਹਿ ਕੇ ਭੰਡ ਰਿਹਾ ਸੀ ਕਿ ਹਰਿਆਣੇ ਨੂੰ ਕਾਂਗਰਸ ਦੀ ਸੈਂਟਰ ਸਰਕਾਰ ਨੇ ਘੱਟ ਪਾਣੀ ਦੇ ਕੇ ਪੰਜਾਬ ਦਾ ਫਾਇਦਾ ਕੀਤਾ ਹੈ। ਦੇਵੀ ਲਾਲ ਨੇ ਸੁਨੇਹੇ ਵਿੱਚ ਆਖਿਆ ਸੀ ਕਿ ਜੇ ਪੰਜਾਬ ਇਸ ਗੱਲ ਦਾ ਰੌਲ਼ਾ ਪਾਉਂਦਾ ਹੈ ਕਿ ਇੰਦਰਾ ਨੇ ਹਰਿਆਣੇ ਨੂੰ ਵੱਧ ਪਾਣੀ ਦੇ ਦਿੱਤਾ ਹੈ ਤਾਂ ਸਾਡੇ ਵੱਲੋਂ ਭਜਨ ਲਾਲ 'ਤੇ ਲਾਇਆ ਦੋਸ਼ ਝੂਠਾ ਪੈਂਦਾ ਹੈ; ਯਾਨਿ ਅਕਾਲੀ ਦਲ ਦੇ ਮੋਰਚੇ ਦੀ ਗਰਮੀ ਦੇਵੀ ਲਾਲ ਦਾ ਨੁਕਸਾਨ ਕਰੂਗੀ।

ਇਸੇ ਦੌਰਾਨ ਤਿੰਨੇ ਅਕਾਲੀ ਲੀਡਰ ਵੀ ਮੀਟਿੰਗ ਵਾਲੇ ਕਮਰੇ ਤੋਂ ਬਾਹਰ ਆ ਗਏ, ਤਾਂ ਅਜੀਤ ਸਿੰਘ ਸੇਖੋਂ ਨੇ ਲੀਡਰਾਂ ਤੋਂ ਸ. ਮਾਨ ਦੀ ਗੱਲ ਦੀ ਤਸਦੀਕ ਕਰਨੀ ਚਾਹੀ। ਲੀਡਰਾਂ ਦਾ ਜਵਾਬ ਹੂ-ਬ-ਹੂ ਮੈਨੂੰ ਯਾਦ ਨਹੀਂ, ਪਰ ਉਨ੍ਹਾਂ ਦੇ ਕਹਿਣ ਦਾ ਮਤਲਬ ਇਹ ਸੀ ਕਿ ਮਈ ਤੱਕ ਹਰਿਆਣੇ ਦੇ ਇਲੈਕਸ਼ਨ ਹੋ ਜਾਣ ਦੇਈਏ, ਬਾਅਦ ਵਿੱਚ ਮੋਰਚਾ ਤੇਜ਼ ਕਰ ਦਿਆਂਗੇ। ਕੋਠੀ ਵਿੱਚ ਪੰਜਾਬੀ ਯੂਨੀਵਰਸਿਟੀ ਵਾਲੇ ਪ੍ਰੋਫੈਸਰ ਬਲਕਾਰ ਸਿੰਘ ਵੀ ਹਾਜ਼ਰ ਸਨ। ਚੌਧਰੀ ਦੇਵੀ ਲਾਲ ਨੇ ਇਲੈਕਸ਼ਨਾਂ ਵਿੱਚ ਇੰਦਰਾ ਗਾਂਧੀ ਵੱਲੋਂ ਹਰਿਆਣੇ ਨਾਲ ਧੱਕੇ ਦੀ ਗੱਲ ਨੂੰ ਖ਼ੂਬ ਪ੍ਰਚਾਰਿਆ ਤੇ ਇਲੈਕਸ਼ਨਾਂ ਜਿੱਤੀਆ ਵੀ, ਭਾਵੇਂ ਬਹੁਮਤ ਹੁੰਦਿਆਂ ਸੁੰਦਿਆਂ ਵੀ ਇੰਦਰਾ ਨੇ ਓਹਦੀ ਸਰਕਾਰ ਨਹੀਂ ਬਣਨ ਦਿੱਤੀ। ਸੋ, ਇਹ ਵਜ੍ਹਾ ਸੀ ਅਗਲੇ ਹੀ ਦਿਨ ਮੋਰਚਾ ਠੰਡਾ ਕਰਨ ਦੀ।

ਆਪਣੇ ਪਰਿਵਾਰਕ ਦੋਸਤ ਚੌਧਰੀ ਦੇਵੀ ਲਾਲ ਦਾ ਹਰਿਆਣੇ 'ਚ ਸਿਆਸੀ ਫ਼ਾਇਦਾ ਕਰਨ ਖ਼ਾਤਰ ਪੰਜਾਬ ਦੇ ਹਿੱਤ ਕੁਰਬਾਨ ਕਰਨ ਦੇ ਇਲਜ਼ਾਮ ਪ੍ਰਕਾਸ਼ ਸਿੰਘ ਬਾਦਲ 'ਤੇ ਕਪੂਰੀ ਮੋਰਚੇ ਤੋਂ ਪਹਿਲਾਂ ਵੀ ਲਗਦੇ ਰਹੇ ਸਨ ਤੇ ਮਗਰੋਂ ਵੀ ਲਗਦੇ ਰਹੇ।

8 ਅਪਰੈਲ ਨੂੰ ਪਟਿਆਲਾ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਤੋਂ ਹਜ਼ਾਰਾਂ ਅਕਾਲੀ ਵਰਕਰ ਕਪੂਰੀ ਪਹੁੰਚੇ, ਪਰ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਜਲਸੇ ਨੇੜੇ ਪੁਲਿਸ ਨੇ ਪੁੱਜਣ ਨਹੀਂ ਦਿੱਤਾ। ਪੁਲਿਸ ਲਾਠੀਚਾਰਜ 'ਚ ਦਰਜਨਾਂ ਅਕਾਲੀ ਫੱਟੜ ਤੇ ਸੈਂਕੜੇ ਗ੍ਰਿਫਤਾਰ ਵੀ ਹੋਏ। ਇੱਕ ਪੱਤਰਕਾਰ ਨਾਲ ਅਗਲੇ ਦਿਨ ਮੈਂ ਰਾਜਪੁਰਾ ਦੇ ਸਰਕਾਰੀ ਹਸਪਤਾਲ 'ਚ ਫੱਟੜ ਅਕਾਲੀ ਵਰਕਰਾਂ ਦਾ ਹਾਲ ਚਾਲ ਪੁੱਛਿਆ। ਹੋਰ ਤਾਂ ਚੇਤੇ ਨਹੀਂ, ਪਰ ਇੱਕ ਅਕਾਲੀ ਜ਼ਰੂਰ ਯਾਦ ਹੈ, ਜੀਹਨੇ ਆਪਦੇ ਜੂੜੇ 'ਤੇ ਚਿੱਟਾ ਰੁਮਾਲ ਇਓਂ ਬੰਨ੍ਹਿਆ ਹੋਇਆ ਸੀ ਜਿਵੇਂ ਜੂੜੇ ਵਾਲੇ ਹਾਕੀ ਖਿਡਾਰੀ ਆਪਣੇ ਜੂੜੇ 'ਤੇ ਬੰਨ੍ਹਦੇ ਨੇ। ਇਸ ਅਕਾਲੀ ਦਾ ਨਾਂ ਜਸਮੇਰ ਸਿੰਘ ਸੀ, ਜੋ ਅੱਜ ਦੇ ਸੀਨੀਅਰ ਅਕਾਲੀ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦੇ ਰਾਜਪੁਰਾ ਨੇੜੇ ਪੈਂਦੇ ਪਿੰਡ ਚੰਦੂਮਾਜਰਾ ਦਾ ਹੀ ਵਸਨੀਕ ਸੀ। ਜਸਮੇਰ ਸਿੰਘ ਦੀ ਆਪਣੇ ਗਰਾਈਂ ਪ੍ਰੇਮ ਸਿੰਘ ਨਾਲ ਸਿਆਸੀ ਅਣਬਣ ਉਦੋਂ ਹੀ ਸਾਹਮਣੇ ਆ ਗਈ ਸੀ, ਜਦੋਂ ਉਹ ਫੱਟੜ ਹਾਲਤ 'ਚ ਵੀ ਪ੍ਰੇਮ ਸਿੰਘ ਦੀ ਵੱਢਵੀਂ ਕਰ ਰਿਹਾ ਸੀ।

ਅਕਾਲੀ ਅੰਦੋਲਨਕਾਰੀਆਂ ਵੱਲੋਂ ਟੱਕ ਲਾਉਣ ਵਾਲੀ ਕਹੀ ਇੰਦਰਾ ਹੱਥੋਂ ਖੋਹਣ ਜਾਂ ਉਸ ਵੇਲੇ ਦੇ ਕਾਂਗਰਸੀ ਐਮ.ਪੀ. ਅਮਰਿੰਦਰ ਸਿੰਘ ਕੋਲ਼ੋਂ ਬੱਠਲ਼ ਖੋਹ ਲੈਣ ਵਾਲੀ ਗੱਲ ਵੀ ਬਹੁਤ ਮਸ਼ਹੂਰ ਹੈ, ਪਰ ਅਸਲੀਅਤ 'ਚ ਅਜਿਹਾ ਕੁਝ ਨਹੀਂ ਵਾਪਰਿਆ। ਪਟਿਆਲੇ ਤੋਂ ਤੁਰੇ ਅਕਾਲੀਆਂ ਨੂੰ ਪੁਲਿਸ ਨੇ ਟੱਕ ਲਾਉਣ ਵਾਲੀ ਥਾਂ ਤੋਂ 10 ਕਿਲੋਮੀਟਰ ਦੂਰ ਘਨੌਰ ਤੋਂ ਪਹਿਲਾਂ ਹੀ ਰੋਕ ਲਿਆ ਸੀ। ਟੱਕ ਲਾਉਣ ਦੀ ਜਗ੍ਹਾ ਪਿੰਡ ਕਪੂਰੀ ਤੋਂ 3 ਕਿਲੋਮੀਟਰ ਦੂਰ ਪਿੰਡ ਸਰਾ਼ਲਾ ਕਲਾਂ ਵਿੱਚ ਸੀ। ਪ੍ਰਧਾਨ ਮੰਤਰੀ ਦਾ ਜਲਸਾ ਵੀ ਇੱਥੇ ਹੀ ਸੀ। ਜਲਸੇ ਵਿੱਚ ਕਿਸੇ ਕਿਸਮ ਦਾ ਕੋਈ ਵਿਘਨ ਨਹੀਂ ਪਿਆ ਸੀ, ਪ੍ਰਧਾਨ ਮੰਤਰੀ ਦੇ ਖਿਲਾਫ ਕੋਈ ਨਾਅਰਾ ਤੱਕ ਲੱਗਣ ਦੀ ਖ਼ਬਰ ਵੀ ਕਿਸੇ ਅਖਬਾਰ 'ਚ ਛਾਇਆ ਨਹੀਂ ਹੋਈ। ਹਾਲਾਂਕਿ ਕਿਸੇ ਵੱਡੇ ਜਲਸੇ 'ਚ ਪ੍ਰਧਾਨ ਮੰਤਰੀ ਦੇ ਨੇੜੇ ਕੋਈ ਬੰਦਾ ਛਿੱਕ ਵੀ ਮਾਰ ਜਾਵੇ ਤਾਂ ਵੀ ਉਹ ਖ਼ਬਰ ਬਣ ਜਾਂਦੀ ਹੈ। ਸੋ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਹੱਥੋਂ ਕਹੀ ਜਾਂ ਵੇਲੇ ਦੇ ਲੋਕਲ ਐਮ.ਪੀ. ਅਮਰਿੰਦਰ ਸਿੰਘ ਹੱਥੋਂ ਬੱਠਲ਼ ਖੋਹੇ ਜਾਣ ਦੀ ਖ਼ਬਰ ਨੂੰ ਕੋਈ ਅਖਬਾਰ ਨਜ਼ਰ ਅੰਦਾਜ਼ ਕਰ ਦੇਵੇ, ਇਹ ਗੱਲ ਇਤਬਾਰ ਲਾਇਕ ਨਹੀਂ ਹੈ।

ਪ੍ਰਧਾਨ ਮੰਤਰੀ ਦੇ ਜਲਸੇ ਨੂੰ ਕਵਰ ਕਰਨ ਵਾਸਤੇ ਪਟਿਆਲੇ ਦੇ ਸਾਰੇ ਵੱਡੇ ਪੱਤਰਕਾਰ ਪੁੱਜੇ ਹੋਏ ਸਨ। ਹਾਂ! ਏਨੀ ਕੁ ਗੱਲ ਜ਼ਰੂਰ ਹੋਈ ਸੀ, ਜੋ ਅਖਬਾਰਾਂ 'ਚ ਵੀ ਛਪੀ ਸੀ ਕਿ ਉਸ ਵੇਲੇ ਦੀ ਮੈਂਬਰ ਰਾਜ ਸਭਾ ਅਤੇ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਰਜਿੰਦਰ ਕੌਰ ਕੁਝ ਬੀਬੀਆਂ ਨੂੰ ਲੈ ਕੇ ਕਪੂਰੀ ਦੇ ਗੁਰਦੁਆਰੇ 'ਚ ਦਾਖਲ ਹੋਣ 'ਚ ਕਾਮਯਾਬ ਹੋ ਗਏ ਸਨ। ਉਨ੍ਹਾਂ ਗੁਰਦੁਆਰੇ ਅੰਦਰੋਂ ਕੁਝ ਆਤਿਸ਼ਬਾਜੀਆਂ ਛੱਡੀਆਂ, ਜਿਨ੍ਹਾਂ ਦੇ ਭੜਾਕੇ ਪੁਲਿਸ ਅਫਸਰਾਂ ਨੂੰ ਕੁਝ ਹੱਦ ਤੱਕ ਵਖਤ ਪਾਉਣ 'ਚ ਕਾਮਯਾਬ ਰਹੇ।

---

ਵਿਅੰਗ

ਐਡਵੋਕੇਟ ਮਲਕੀਤ ਸਿੰਘ

# ਘੋੜਿਆਂ ਜਾਂ ਗਧਿਆਂ ਦਾ ਵਪਾਰ !



ਘੋੜਿਆਂ ਦੀ ਮੰਡੀ ਵਿੱਚ ਖਰੀਦਦਾਰ ਸੌਦਾ ਕਰਨ ਆਉਂਦੇ ਨੇ ਘੋੜਿਆਂ ਦਾ। ਮੰਡੀ ਲੱਗਦੀ ਏ ਤਾਂ ਮਾਲਕ ਆਪੋ-ਆਪਣੇ ਘੋੜੇ ਵੇਚਣ ਲਈ ਸਮੇਤ ਘੋੜਿਆਂ ਦੇ ਸ਼ਿਰਕਤ ਕਰਦੇ ਨੇ। ਸੌਦਾ ਹੁੰਦਾ ਏ ਘੋੜੇ ਦੇ ਮਾਲਕ ਅਤੇ ਖਰੀਦਦਾਰ ਵਿਚਾਲੇ। ਖਰੀਦ ਤੋਂ ਪਹਿਲਾਂ ਘੋੜੇ ਦੀ ਜਿਨਸ, ਉਸਦੇ ਸੁਭਾਅ ਅਤੇ ਹੋਰ ਖ਼ੂਬੀਆਂ-ਖ਼ਾਮੀਆਂ ਦੀ ਚੰਗੀ ਤਰ੍ਹਾਂ ਖੋਜ-ਪੜਤਾਲ ਹੁੰਦੀ ਏ। ਇੱਥੋਂ ਤੱਕ ਕਿ ਮਨੁੱਖ ਨਾਲੋਂ ਵੀ ਵੱਧ ਘੋੜੇ ਦਾ ਕੁਰਸੀਨਾਮਾ ਖੰਘਾਲਿਆ ਜਾਂਦਾ ਹੈ। ਸਭ ਕੁੱਝ ਤਸੱਲੀਬਖਸ਼ ਹੋਣ 'ਤੇ ਹੀ ਮਾਲਕ ਅਤੇ ਖਰੀਦਦਾਰ ਵਿਚਾਲੇ ਸੌਦਾ ਤੈਅ ਹੁੰਦਾ ਏ।

ਗਧਿਆਂ ਬਾਰੇ ਇੰਝ ਨਹੀਂ ਹੁੰਦਾ ਜਿਵੇਂ ਘੋੜਿਆਂ ਬਾਰੇ ਹੁੰਦਾ। ਜਿੱਥੇ ਘੋੜੇ ਨੂੰ ਕਈ ਜ਼ਿੰਮੇਵਾਰੀ ਵਾਲੇ ਕੰਮਾਂ ਅਤੇ ਰੇਸ ਲਈ ਵਰਤਿਆ ਜਾਂਦਾ ਹੈ, ਉਥੇ ਗਧਾ ਤਾਂ ਕੇਵਲ ਉਸਦੀ ਭਾਰ ਢੋਹਣ ਦੀ ਸਮਰੱਥਾ ਅਨੁਸਾਰ ਹੀ ਆਂਕਿਆ ਜਾਂਦਾ ਹੈ।

ਲੋਕਤੰਤਰ ਵਿੱਚ ਸੂਬਾਈ ਵਿਧਾਨ ਸਭਾਵਾਂ ਜਾਂ ਰਾਸ਼ਟਰੀ ਪਾਰਲੀਮੈਂਟ ਅੰਦਰ ਵੀ ਘੋੜਿਆਂ ਦੀ ਖਰੀਦ-ਓ-ਫ਼ਰੋਖ਼ਤ ਹੋਣਾ ਅਕਸਰ ਚਰਚਾ ਵਿੱਚ ਆਉਂਦਾ ਰਹਿੰਦਾ ਹੈ। ਲੱਗਦਾ ਇੰਝ ਹੀ ਹੈ ਜਿਵੇਂ ਸੂਬਾਈ ਵਿਧਾਨ ਸਭਾਵਾਂ ਜਾਂ ਰਾਸ਼ਟਰੀ ਪਾਰਲੀਮੈਂਟ ਅੰਦਰ ਵੀ ਘੋੜਿਆਂ ਦੀ ਮੰਡੀ ਲੱਗਦੀ ਹੋਵੇ; ਪਰ ਇਹ ਸਭ ਭੁਲੇਖਾ ਹੈ! ਅਸਲ ਵਿੱਚ ਉਥੇ ਕੋਈ ਮੰਡੀ ਨਹੀਂ ਲੱਗਦੀ ਅਤੇ ਨਾ ਹੀ ਉਥੇ ਸਾਰੇ ਘੋੜੇ ਹੁੰਦੇ ਨੇ। ਉਥੇ ਕੇਵਲ ਵਿਕਣ ਵਾਲੇ, ਅਤੇ ਖਰੀਦਦਾਰ ਹੀ ਹੁੰਦੇ ਨੇ। ਮਾਲਕ ਆਪਣਾ ਜਾਨਵਰ ਵੇਚਣ ਨਹੀਂ ਆਉਂਦੇ। ਹਾਂ! ਇਹ ਗੱਲ ਸਹੀ ਹੈ ਕਿ ਉਥੇ ਵੀ ਆਮ ਮੰਡੀਆਂ ਦੀ ਤਰ੍ਹਾਂ ਦਲਾਲ ਜਰੂਰ ਹੁੰਦੇ ਹਨ।

ਮੈਨੂੰ ਜਾਪਦਾ ਹੈ ਕਿ ਸੂਬਾਈ ਵਿਧਾਨ ਸਭਾਵਾਂ ਜਾਂ ਰਾਸ਼ਟਰੀ ਪਾਰਲੀਮੈਂਟ ਅੰਦਰ ਘੋੜਿਆਂ ਨਾਲੋਂ ਵੱਧ ਗਧਿਆਂ ਦੀ ਗਿਣਤੀ ਹੈ, ਜੋ ਆਪ-ਮੁਹਾਰੇ ਇੱਧਰ-ਉਧਰ ਘੁੰਮਦੇ ਰਹਿੰਦੇ ਨੇ ਕਿਸੇ ਅਸਬਾਬ ਦੀ ਤਲਾਸ਼ ਵਿੱਚ, ਜੋ ਉਹ ਵੱਧ ਦਮੜੀਆਂ ਲੈ ਕੇ ਢੋਹ ਸਕਣ। ਉਹ ਕਿਸੇ ਮਾਲਕ ਦੇ ਨਹੀਂ ਹੁੰਦੇ, ਬੱਸ ਉਨ੍ਹਾਂ ਉਤੇ ਲੱਦੇ ਜਾਣ ਵਾਲੇ ਭਾਰ ਦੇ ਮਾਲਕ ਦੇ ਹੋ ਜਾਂਦੇ ਹਨ। ਉਹ ਵੀ ਤੱਦ ਤੱਕ, ਜਦ ਤੱਕ ਉਨ੍ਹਾਂ ਦਾ ਨਵਾਂ ਮਾਲਕ ਉਨ੍ਹਾਂ ਉਤੇ ਭਾਰ ਲੱਦਦਾ ਰਹੇ।

ਗਧਿਆਂ ਦਾ ਅਸਲ ਵਿੱਚ ਕੋਈ ਮੁੱਲ ਨਹੀਂ ਹੁੰਦਾ। ਜਿੰਨਾ ਚਿਰ ਉਹ ਭਾਰ ਢੋਹਣ ਦੇ ਕਾਬਲ ਹੁੰਦੇ ਹਨ, ਉਨਾ ਚਿਰ ਹੀ ਉਨ੍ਹਾਂ ਨੂੰ ਕਿੱਲੇ 'ਤੇ ਬੰਨ੍ਹਿਆ ਜਾਂਦਾ ਹੈ। ਕਿੱਲੇ ਤੋਂ ਖੁੱਲ੍ਹੇ ਨਹੀਂ ਤਾਂ ਗਧੇ ਫਿਰ ਤੋਂ ਆਪਣੀ ਉਸੇ ਅਵਾਰਾ ਹਾਲਤ ਵਿੱਚ ਪਹੁੰਚ ਜਾਂਦੇ ਨੇ। ਭਾਵ ਗਧੇ, ਗਧੇ ਹੀ ਰਹਿੰਦੇ ਨੇ।

ਖੈਰ! ਭਾਰਤੀ ਸਿਆਸਤ ਵਿੱਚ ਘੋੜੇ ਤਾਂ ਥੋੜ੍ਹੇ ਹੀ ਚਾਹੀਦੇ ਨੇ, ਬਾਕੀ ਦੀ ਸਿਆਸਤ ਤਾਂ ਗਧਿਆਂ ਸਿਰ ਹੀ ਚਲਾਈ ਜਾਂਦੇ ਏ। ਲਿਹਾਜ਼ਾ, ਗਧਿਆਂ ਦਾ ਦੌਰ ਵੀ ਚੱਲਦਾ ਰਹਿੰਦਾ ਹੈ। ਇਹ ਘਰ ਬਦਲਣ ਵਿੱਚ ਮੁਹਾਰਤ ਹਾਸਲ ਕਰ ਗਏ ਨੇ। ਇਹ 'ਮੁੜ-ਗਿੜ ਖੋਤੀ ਬੋਹੜ ਥੱਲੇ' ਵਾਲੀ ਗੱਲ ਵੀ ਜਾਣ ਗਏ ਨੇ। ਇਨ੍ਹਾਂ ਨੂੰ ਪਤਾ ਹੈ ਕਿ ਸਿਆਸੀ ਧਿਰਾਂ, ਬੇਸ਼ੱਕ ਘੋੜਿਆਂ ਬਿਨਾ ਤਾਂ ਸਾਰ ਲੈਣਗੀਆਂ, ਪਰ ਗਧਿਆਂ ਬਿਨਾ ਨਹੀਂ।

ਲੱਗਦਾ ਹੁਣ ਤਾਂ ਦੌਰ ਹੀ ਗਧਿਆਂ ਦਾ ਹੈ!

# ਅਰਥ ਭਰਪੂਰ ਸੰਵਾਦ ਤੇ ਵਿਵੇਕਸ਼ੀਲ ਦ੍ਰਿਸ਼ਟੀਕੋਣ ਦਾ ਮਹੱਤਵ

**ਸੱਚੋ-ਸੱਚ**

ਡਾ. ਅਰਵਿੰਦਰ ਸਿੰਘ ਭੱਲਾ
ਫੋਨ: +91-9463062603



ਕਿਸੇ ਵੀ ਵਰਤਾਰੇ, ਬਿਰਤਾਂਤ ਅਤੇ ਮੁੱਦੇ ਬਾਰੇ ਵੱਖ-ਵੱਖ ਪਹਿਲੂਆਂ ਨੂੰ ਘੋਖਣ, ਵਿਚਾਰਨ ਅਤੇ ਸਮਝਣ ਤੋਂ ਬਿਨਾ ਜਦੋਂ ਅਸੀਂ ਮਨਪਸੰਦ ਨਤੀਜੇ ਕੱਢਣ ਜਾਂ ਕੁਝ ਧਾਰਨਾਵਾਂ ਸਿਰਜਣ ਦਾ ਯਤਨ ਕਰਦੇ ਹਾਂ ਤਾਂ ਉਹ ਆਪਣੇ ਆਪ ਵਿੱਚ ਨਾਮੁਕੰਮਲ ਹੁੰਦੀਆਂ ਹਨ। ਸਾਹਿਲ ਉੱਪਰ ਖੜ੍ਹੇ ਹੋ ਕੇ ਜਿਵੇਂ ਸਮੁੰਦਰ ਦੀ ਗਹਿਰਾਈ ਮਾਪਣਾ ਅਤੇ ਕਿਸੇ ਕਿਤਾਬ ਦੇ ਸਿਰਲੇਖ ਨੂੰ ਪੜ੍ਹ ਕੇ ਉਸ ਕਿਤਾਬ ਬਾਰੇ ਕੋਈ ਰਾਇ ਕਾਇਮ ਕਰਨਾ ਸਾਡੀ ਅਗਿਆਨਤਾ ਅਤੇ ਅਨਾੜੀਪੁਣੇ ਦਾ ਪ੍ਰਤੀਕ ਹੈ।

ਦਰਅਸਲ ਸਤਹੀ ਪੱਧਰ ਦਾ ਗਿਆਨ ਅਤੇ ਅਨੁਭਵ ਸਾਨੂੰ ਕਿਸੇ ਠੋਸ, ਸਟੀਕ ਅਤੇ ਢੁਕਵੇਂ ਨਤੀਜੇ ਉੱਪਰ ਪਹੁੰਚਣ ਨਹੀਂ ਦਿੰਦਾ ਹੈ। ਆਪਣੇ ਅਧੂਰੇਪਣ ਦੇ ਕਾਰਨ ਹੀ ਅਸੀਂ ਆਪਣੇ ਆਸ-ਪਾਸ ਦੇ ਵਰਤਾਰਿਆਂ ਅਤੇ ਲੋਕਾਂ ਦੇ ਅਮਲਾਂ ਨੂੰ ਤਹਿ ਤੱਕ ਜਾ ਕੇ ਸਮਝਣ ਦੀ ਬਜਾਏ ਜਲਦਬਾਜ਼ੀ ਵਿੱਚ ਉਹ ਸਿੱਟੇ ਕੱਢਣ ਲੱਗ ਪੈਂਦੇ ਹਾਂ, ਜੋ ਸਾਨੂੰ ਆਪਣੀ ਸਮਝ ਅਨੁਸਾਰ ਠੀਕ ਜਾਪਦੇ ਹਨ। ਕਿਸੇ ਵੀ ਇਨਸਾਨ ਦੇ ਤਰਜ਼-ਏ-ਜ਼ਿੰਦਗੀ ਅਤੇ ਨੁਕਤਾ-ਏ-ਨਜ਼ਰ ਬਾਰੇ ਇੱਕ ਬੇਹੱਦ ਅਹਿਮ ਅਤੇ ਗ਼ੌਰਤਲਬ ਪਹਿਲੂ ਇਹ ਹੁੰਦਾ ਹੈ ਕਿ ਅਪਣੇ ਨਿਜੀ ਮੁਫਾਦ ਅਤੇ ਸਹੂਲਤ ਅਨੁਸਾਰ ਹਰ ਇਨਸਾਨ ਇੱਕੋ ਵੇਲੇ ਆਪਣੇ ਅਮਲਾਂ ਤੇ ਜ਼ਾਵੀਏ ਦੀ ਜ਼ਬਰਦਸਤ ਵਕਾਲਤ ਕਰ ਰਿਹਾ ਹੁੰਦਾ ਹੈ ਅਤੇ ਮੁਨਸਫ਼ ਬਣ ਕੇ ਦੂਜੇ ਮਨੁੱਖ ਦੇ ਅਮਲਾਂ ਤੇ ਉਸ ਦੇ ਸੋਚਣ ਦੇ ਨਜ਼ਰੀਏ ਨੂੰ ਸਿਰਿਉਂ ਰੱਦ ਕਰ ਰਿਹਾ ਹੁੰਦਾ ਹੈ। ਇਸ ਨੂੰ ਇਨਸਾਨ ਦੀ ਖੁਦਪ੍ਰਸਤੀ, ਉਸ ਦੀ ਮੁਨਾਫ਼ਕਤ ਅਤੇ ਉਸ ਦਾ ਸਵਾਰਥੀ ਰਵੱਈਆ ਹੀ ਕਿਹਾ ਜਾ ਸਕਦਾ ਹੈ ਕਿ ਉਸ ਲਈ ਆਪਣੀ ਸੋਚ ਦੇ ਤੰਗ ਦਾਇਰੇ ਤੋਂ ਬਾਹਰ ਨਿਕਲ ਕੇ ਸੋਚਣਾ ਅਤੇ ਵਿਚਰਨਾ ਹਮੇਸ਼ਾ ਦੁਸ਼ਵਾਰ ਤੇ ਤਕਲੀਫ਼ਦੇਹ ਹੁੰਦਾ ਹੈ। ਇਨਸਾਨ ਆਪਣੇ ਖਿਆਲਾਂ ਦੇ ਝਰੋਖੇ ਵਿੱਚੋਂ ਸੰਸਾਰ ਨੂੰ ਦੇਖਣਾ ਪਸੰਦ ਕਰਦਾ ਹੈ। ਆਪਣੇ ਖ਼ਿਆਲਾਂ ਦੇ ਸੰਸਾਰ ਵਿੱਚ ਉਹ ਕੇਵਲ ਉਨ੍ਹਾਂ ਨੂੰ ਪ੍ਰਵੇਸ਼ ਕਰਨ ਦੀ ਆਗਿਆ ਦਿੰਦਾ ਹੈ, ਜੋ ਲੋਕ ਉਸ ਦੀ ਹਾਂ ਵਿੱਚ ਹਾਂ ਮਿਲਾਉਂਦੇ ਹਨ।

ਚਾਹੇ ਇਨਸਾਨ ਹੁਕਮਰਾਨ ਹੋਵੇ ਜਾਂ ਸਮੁੱਚੇ ਨਿਜ਼ਾਮ ਦਾ ਇੱਕ ਅਦਨਾ ਜਿਹਾ ਹਿੱਸਾ ਹੋਵੇ, ਚਾਹੇ ਉਹ ਆਲਮ-ਫ਼ਾਜ਼ਲ ਹੋਵੇ ਜਾਂ ਫਿਰ ਜ਼ਹਾਲਤ ਦੀ ਦਲਦਲ ਵਿੱਚ ਧਸਿਆ ਕੋਈ ਸਧਾਰਨ ਮਨੁੱਖ ਹੋਵੇ, ਚਾਹੇ ਉਹ ਦੌਲਤਮੰਦ ਹੋਵੇ ਜਾਂ ਗ਼ੁਰਬਤ ਦੇ ਚੱਕਰਵਿਊ ਵਿੱਚ ਫ਼ਸਿਆ ਹੋਵੇ ਅਤੇ ਚਾਹੇ ਉਹ ਸਾਰੀ ਦੁਨੀਆਂ ਨੂੰ ਜਿੱਤਣ ਦਾ ਦਾਅਵਾ ਕਰਦਾ ਹੋਵੇ ਜਾਂ ਫਿਰ ਆਪਣੀ ਨਫ਼ਸ ਦੇ ਹੱਥੋਂ ਹਾਰਿਆ ਹੋਵੇ; ਅਸਲ ਵਿੱਚ ਇੱਕ ਸਮਾਨਤਾ ਸਭ ਲੋਕਾਂ ਵਿੱਚ ਇਹ ਪਾਈ ਜਾਂਦੀ ਹੈ ਕਿ ਹਰ ਮਨੁੱਖ ਕਿਸੇ ਦੀ ਗੱਲ ਨੂੰ ਸੁਣਨ ਤੇ ਮੰਨਣ ਨਾਲੋਂ ਆਪਣੀ ਗੱਲ ਨੂੰ ਕਹਿਣ ਉੱਪਰ ਵਧੇਰੇ ਬਲ ਦਿੰਦਾ ਹੈ। ਇਹੀ ਵਜ੍ਹਾ ਹੈ ਕਿ ਅਸੀਂ ਲੋਕ ਸੁਣਦੇ ਵੀ ਅਧੂਰਾ ਹਾਂ, ਸਾਡੀ ਸਮਝ ਵੀ ਅਧੂਰੀ ਹੁੰਦੀ ਹੈ ਅਤੇ ਸਾਡਾ ਪ੍ਰਤੀਕਰਮ ਵੀ ਅਧੂਰਾ ਹੀ ਹੁੰਦਾ ਹੈ। ਸਾਡੀ ਜ਼ਿੰਦਗੀ ਵਿੱਚੋਂ ਸੁਣਨਾ ਮਨਫੀ ਹੁੰਦਾ ਜਾ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਬੇਫ਼ਜ਼ੂਲ ਬੋਲਣ ਤੇ ਵਿਵਾਦ ਖੜ੍ਹੇ ਕਰਨ ਦੀ ਬਿਰਤੀ ਵਿੱਚ ਚੋਖਾ ਇਜ਼ਾਫਾ ਹੋਇਆ ਹੈ।

ਜੇਕਰ ਅਸੀਂ ਰੋਜ਼ਮਰਾ ਦੀ ਜ਼ਿੰਦਗੀ ਉੱਪਰ ਗੌਰ ਕਰੀਏ ਤਾਂ ਅਸੀਂ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਸਵੇਰ ਤੋਂ ਲੈ ਕੇ ਰਾਤ ਤੱਕ ਅਸੀਂ ਲੋਕ ਕਿੰਨੀ ਫਜ਼ੂਲ ਦੀ ਝੱਖ ਮਾਰਦੇ ਹਾਂ, ਹਰੇਕ ਵਿਸ਼ੇ ਬਾਰੇ ਆਪਣੀ ਕੋਈ ਨਾ ਕੋਈ ਰਾਇ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਸੰਵਾਦ ਦਾ ਰਾਹ ਅਖਤਿਆਰ ਕਰਨ ਦੀ ਬਜਾਏ ਅਸੀਂ ਅਕਸਰ ਤਕਰਾਰਬਾਜ਼ੀ ਵਿੱਚ ਉਲਝ ਕੇ ਆਪਸੀ ਰਿਸ਼ਤਿਆਂ ਵਿੱਚ ਕਿੰਨੀ ਕਸ਼ੀਦਗੀ ਤੇ ਕੁੜੱਤਣ ਪੈਦਾ ਕਰ ਲੈਂਦੇ ਹਾਂ। ਸਾਨੂੰ ਇਸ ਗੱਲ ਦਾ ਜ਼ਰਾ ਮਾਤਰ ਵੀ ਅਹਿਸਾਸ ਨਹੀਂ ਹੁੰਦਾ ਕਿ ਇਹ ਵਿਚਾਰ-ਤਕਰਾਰ ਸਾਡੇ ਕੋਲੋਂ ਸਾਡੇ ਹਾਸੇ-ਖੇੜੇ, ਜਿਊਣ ਦਾ ਚਾਅ, ਸਕੂਨ ਅਤੇ ਸਹਿਜ ਖੋਹ ਰਹੇ ਹਨ। ਬੋਲਣ ਤੋਂ ਪਹਿਲਾਂ ਵਿਚਾਰਨ ਦੀ ਆਦਤ ਅਸੀਂ ਕਦੋਂ ਦੀ ਛੱਡ ਦਿੱਤੀ ਹੈ! ਅਸੀਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਖਾਹਿਸ਼ਮੰਦ ਤਾਂ ਹਾਂ, ਪਰ ਇਹ ਭੁੱਲ ਜਾਂਦੇ ਹਾਂ ਕਿ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਤਦ ਹੀ ਸਲਾਮਤ ਰਹੇਗੀ ਜੇਕਰ ਅਸੀਂ ਦੂਜਿਆਂ ਦੇ ਵਿਚਾਰਾਂ ਨੂੰ ਸੁਣਨ ਤੇ ਸਮਝਣ ਦੇ ਨਾਲ-ਨਾਲ ਦੂਜਿਆਂ ਦੇ ਵਿਚਾਰਾਂ ਦਾ ਸਤਿਕਾਰ ਕਰਨ ਅਤੇ ਲੋਕਾਂ ਦੇ ਵਿਚਾਰਾਂ ਨੂੰ ਸਹਿਣ ਕਰਨ ਦੀ ਕਲਾ ਸਿੱਖਣ ਦੀ ਕੋਸ਼ਿਸ਼ ਕਰਾਂਗੇ। ਜੇਕਰ ਹਰੇਕ ਮਨੁੱਖ ਆਪਣੀ-ਆਪਣੀ ਡਫ਼ਲੀ ਵਜਾ ਕੇ ਅੱਗੇ ਵੱਧਣ ਦੀ ਕੋਸ਼ਿਸ਼ ਕਰੇਗਾ ਜਾਂ ਆਪਣਾ-ਆਪਣਾ ਰਾਗ ਅਲਾਪੇਗਾ, ਜੇਕਰ ਸਾਨੂੰ ਕਿਸੇ ਦੀ ਸੁਰ ਨਾਲ ਸੁਰ ਮਿਲਾਉਣ ਵਿੱਚ ਹਿਚਕਚਾਹਟ ਮਹਿਸੂਸ ਹੋਵੇਗੀ ਅਤੇ ਜੇਕਰ ਸਾਡੇ ਵਿੱਚ ਬਰਦਾਸ਼ਤ ਦਾ ਮਾਦਾ ਘਟੇਗਾ ਤਾਂ ਅਸੀਂ ਕਿਸੇ ਵੀ ਪੱਖੋਂ ਸਭਿਅਕ ਕਹਿਲਾਉਣ ਦੇ ਕਾਬਿਲ ਨਹੀਂ ਰਹਾਂਗੇ।



ਇੱਕ ਤਰੱਕੀ ਯਾਫ਼ਤਾ ਅਤੇ ਮੁਹੱਜਬ ਮੁਆਸ਼ਰਾ ਉਸ ਸਮੇਂ ਹੋਂਦ ਵਿੱਚ ਆਉਂਦਾ ਹੈ, ਜਦੋਂ ਲੋਕ ਆਪਣੇ ਗਿਆਨ ਤੇ ਅਨੁਭਵ ਦੇ ਆਧਾਰ ਉੱਪਰ ਆਪਣੇ ਵਿਚਾਰਾਂ ਨੂੰ ਇਸ ਤਰ੍ਹਾਂ ਪੇਸ਼ ਕਰਨ ਕਿ ਦੂਜਿਆਂ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ ਅਤੇ ਇੱਕ-ਦੂਜੇ ਦੇ ਵਿਚਾਰ ਬੇਲੋੜੇ ਵਿਵਾਦ ਖੜ੍ਹੇ ਨਾ ਕਰਨ। ਸਾਨੂੰ ਆਪਣੇ ਅੰਦਰ ਸੁਣਨ ਦੀ ਸਲਾਹੀਅਤ ਇਸ ਹੱਦ ਤੱਕ ਵਧਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਸੀਂ ਸ਼ਾਂਤਚਿੱਤ ਰਹਿੰਦਿਆਂ ਪੂਰੇ ਠਰੰਮੇ ਨਾਲ ਦੂਜੇ ਇਨਸਾਨ ਦੇ ਨੁਕਤਾ-ਏ-ਨਿਗਾਹ ਨੂੰ ਸਮਝ ਪਾਈਏ।

ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਜਦੋਂ ਅਸੀਂ ਲੋਕ ਆਪਣੀਆਂ ਤਰਜ਼ੀਹਾਂ ਅਤੇ ਮੁਫਾਦ ਦੀ ਖ਼ਾਤਰ ਕਿਸੇ ਮਨੁੱਖ ਵੱਲੋਂ ਕਹੀ ਕਿਸੇ ਗੱਲ ਜਾਂ ਸਮੁੱਚੇ ਵਰਤਾਰੇ ਬਾਰੇ ਮਨਪਸੰਦ ਅਰਥ ਕੱਢਣ ਦੀ ਕੋਸ਼ਿਸ਼ ਜਾਂ ਸ਼ਰਾਰਤ ਕਰਦੇ ਹਾਂ ਤਾਂ ਨਿਸਚਿਤ ਤੌਰ ਉੱਪਰ ਸਾਡੇ ਦੂਜਿਆਂ ਨਾਲ ਸੰਬੰਧ ਸੁਖਾਵੇਂ ਨਹੀਂ ਰਹਿੰਦੇ ਹਨ। ਸਾਡੇ ਵਿੱਚ ਖ਼ੁਦ ਨੂੰ ਸਹੀ ਅਤੇ ਦੂਸਰੇ ਨੂੰ ਗ਼ਲਤ ਸਾਬਤ ਕਰਨ ਦੀ ਬਿਰਤੀ ਸਾਡੇ ਜ਼ਿਹਨੀ ਤਵਾਜ਼ਨ ਨੂੰ ਖ਼ਰਾਬ ਕਰਦੀ ਹੈ। ਇਸ ਸਭ ਦੇ ਫ਼ਲਸਰੂਪ ਅਸੀਂ ਦਲੀਲਬਾਜ਼ੀ ਦਾ ਰਾਹ ਅਖਤਿਆਰ ਕਰਕੇ ਸ਼ਬਦਾਂ ਅਤੇ ਤਰਕਾਂ ਦੇ ਤੀਰਾਂ ਨਾਲ ਸਾਹਮਣੇ ਵਾਲੇ ਨੂੰ ਵਿੰਨ੍ਹਣ ਤੋਂ ਭੋਰਾ ਵੀ ਸੰਕੋਚ ਨਹੀਂ ਕਰਦੇ ਹਾਂ। ਸਾਨੂੰ ਆਪਣੇ ਗਿਆਨ ਅਤੇ ਤਰਕਸ਼ੀਲਤਾ ਦਾ ਇੰਨਾ ਭਾਰੀ ਗ਼ਰੂਰ ਹੁੰਦਾ ਹੈ ਕਿ ਅਸੀਂ ਇਹ ਬਰਦਾਸ਼ਤ ਹੀ ਨਹੀਂ ਕਰ ਪਾਉਂਦੇ ਹਾਂ ਕਿ ਕੋਈ ਸਾਡਾ ਵਿਚਾਰਾਤਮਕ ਵਿਰੋਧ ਕਰਨ ਦੀ ਜੁਰਅਤ ਕਰੇ।

ਲਿਹਾਜ਼ਾ ਜੇਕਰ ਅਸੀਂ ਚਾਹੁੰਦੇ ਹਾਂ ਕਿ ਅਸੀਂ ਸਹਿਜ ਅਵਸਥਾ ਵਿੱਚ ਰਹਿੰਦੇ ਹੋਏ ਪ੍ਰਸੰਨਤਾ ਪੂਰਵਕ ਆਪਣਾ ਹਰ ਕਾਰਜ ਕਰੀਏ ਤਾਂ ਸਾਨੂੰ ਸੁਣਨ ਦਾ ਸਲੀਕਾ ਵਿਕਸਿਤ ਕਰਨਾ ਪਵੇਗਾ, ਅਧੂਰੇ ਗਿਆਨ ਤੇ ਸਤਹੀ ਪੱਧਰ ਦੀ ਜਾਣਕਾਰੀ ਦੇ ਸਹਾਰੇ ਕਿਸੇ ਨਤੀਜੇ ਉੱਪਰ ਪਹੁੰਚਣ ਦੀ ਬਿਰਤੀ ਨੂੰ ਛੱਡਣਾ ਪਵੇਗਾ, ਸਾਨੂੰ ਬੋਲਣ ਨਾਲੋਂ ਸੁਣਨ ਨੂੰ ਵਧੇਰੇ ਤਰਜੀਹ ਦੇਣੀ ਪਵੇਗੀ ਅਤੇ ਕੋਈ ਵੀ ਨਵਾਂ ਬਿਰਤਾਂਤ ਸਿਰਜਣ ਤੋਂ ਪਹਿਲਾਂ ਸਾਨੂੰ ਇਹ ਧੁਰ ਅੰਦਰੋਂ ਸਵੀਕਾਰ ਕਰਨਾ ਪਵੇਗਾ ਕਿ 'ਦੂਸਰਾ ਵੀ ਠੀਕ ਹੋ ਸਕਦਾ ਹੈ।'

ਅਸਲ ਵਿੱਚ ਵਿਚਾਰਾਂ ਦਾ ਮੰਥਨ ਬਹੁਤ ਜ਼ਰੂਰੀ ਹੈ। ਜਲਦਬਾਜ਼ੀ ਤੇ ਉਤਾਵਲਾਪਣ ਨਾ ਤਾਂ ਸਾਨੂੰ ਕਿਸੇ ਦੀ ਗੱਲ ਨੂੰ ਸੁਣਨ ਤੇ ਸਮਝਣ ਦਾ ਪੂਰਾ ਮੌਕਾ ਦਿੰਦਾ ਹੈ ਅਤੇ ਨਾ ਹੀ ਅਸੀਂ ਜ਼ਾਬਤੇ ਵਿੱਚ ਰਹਿੰਦੇ ਹੋਏ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰ ਪਾਉਂਦੇ ਹਾਂ। ਵਿਚਾਰ-ਵਟਾਂਦਰੇ ਦੌਰਾਨ ਸਾਡੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਅਸੀਂ ਅਰਥ ਭਰਪੂਰ ਤੇ ਬਾਮਕਸਦ ਸੰਵਾਦ ਰਚਾਉਣ ਦਾ ਯਤਨ ਕਰੀਏ ਅਤੇ ਕਿਸੇ ਵੀ ਸੂਰਤ ਵਿੱਚ ਆਪਸੀ ਗੱਲਬਾਤ ਨੂੰ ਤਕਰਾਰ ਦਾ ਰੂਪ ਧਾਰਨ ਨਾ ਕਰਨ ਦਈਏ। ਅਜਿਹਾ ਕੇਵਲ ਉਸ ਸੂਰਤ ਵਿੱਚ ਹੀ ਸੰਭਵ ਹੁੰਦਾ ਹੈ, ਜਦੋਂ ਅਸੀਂ ਆਪਣੇ ਤਰਕ ਨਾ ਤਾਂ ਬਿਨਾ ਵਜ੍ਹਾ ਤੀਰ ਵਾਂਗ ਇਸਤੇਮਾਲ ਕਰੀਏ ਅਤੇ ਨਾ ਹੀ ਆਪਣੇ ਤਰਕ ਨੂੰ ਬਿਨਾ ਵਜ੍ਹਾ ਆਪਣੀ ਢਾਲ ਬਣੀਏ। ਹਰਫ਼ਾਂ, ਅਲਫਾਜ਼ਾਂ ਅਤੇ ਵਾਕਾਂ ਦੀ ਵਰਤੋਂ ਆਪਣਾ ਜ਼ਿਹਨੀ ਤਵਾਜ਼ਨ ਕਾਇਮ ਰੱਖਦਿਆਂ, ਸਮੇਂ ਦੀ ਨਜ਼ਾਕਤ ਨੂੰ ਧਿਆਨ ਵਿੱਚ ਰੱਖਦਿਆਂ, ਦੂਸਰਿਆਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਤੇ ਸਹਿਣਸ਼ੀਲ ਰਹਿੰਦਿਆਂ ਕਰਨੀ ਚਾਹੀਦੀ ਹੈ।

ਸਾਨੂੰ ਇਹ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਬਿਨਾ ਸੋਚੇ, ਸਮਝੇ ਅਤੇ ਵਿਚਾਰੇ ਮੂੰਹੋਂ ਨਿਕਲੇ ਹਰੇਕ ਸ਼ਬਦ ਜਾਂ ਵਾਕ ਤੋਂ ਬਾਅਦ ਸਾਨੂੰ ਪਛਤਾਉਣਾ ਪੈ ਸਕਦਾ ਹੈ। ਤਦੇ ਹੀ ਤਾਂ ਸਿਆਣੇ ਅਕਸਰ ਕਹਿੰਦੇ ਹਨ ਕਿ ਕਮਾਨੋਂ ਨਿਕਲਿਆਂ ਤੀਰ ਅਤੇ ਮੂੰਹੋਂ ਨਿਕਲਿਆ ਵਾਕ ਕਦੇ ਵਾਪਸ ਨਹੀਂ ਪਰਤਦੇ ਹਨ। ਸਾਡੀ ਹਮੇਸ਼ਾ ਇਹ ਕੋਸ਼ਿਸ਼ ਰਹਿਣੀ ਚਾਹੀਦੀ ਹੈ ਕਿ ਸਾਡੇ ਮੂੰਹ ਤੋਂ ਨਿਕਲਿਆ ਹਰ ਸ਼ਬਦ ਸਾਡੇ ਸਭਿਅਕ ਹੋਣ ਦਾ ਸਬੂਤ ਦੇਵੇ ਅਤੇ ਸਾਡੇ ਬੋਲ ਕਦੇ ਕਿਸੇ ਦਾ ਹਿਰਦਾ ਨਾ ਵਲੂੰਧਰਨ। ਕੋਈ ਵੀ ਧਾਰਨਾ, ਸੰਕਲਪ ਜਾਂ ਬਿਰਤਾਂਤ ਸਿਰਜਣ ਤੋਂ ਪਹਿਲਾਂ ਕਿਸੇ ਸ਼ਖ਼ਸ ਜਾਂ ਵਰਤਾਰੇ ਬਾਰੇ ਸਾਰੇ ਪਹਿਲੂਆਂ ਨੂੰ ਸਮਝਦਿਆਂ ਅਤੇ ਹਾਲਾਤ ਦਾ ਜਾਇਜ਼ਾ ਲੈ ਕੇ ਸਾਨੂੰ ਪੂਰੀ ਤਰ੍ਹਾਂ ਘੋਖ-ਪੜਤਾਲ ਕਰਨ ਪਿੱਛੋਂ ਪੂਰੀ ਸਾਵਧਾਨੀ ਵਰਤਦਿਆਂ ਤੇ ਜ਼ਿੰਮੇਵਾਰੀ ਦੇ ਅਹਿਸਾਸ ਨਾਲ ਕਿਸੇ ਨਤੀਜੇ ਉੱਤੇ ਪਹੁੰਚਣ ਦਾ ਯਤਨ ਕਰਨਾ ਚਾਹੀਦਾ ਹੈ।

ਕਿਸੇ ਵੀ ਸਥਿਤੀ ਵਿੱਚ ਜੇਕਰ ਅਸੀਂ ਗ਼ਲਤ ਸਾਬਤ ਹੋਈਏ ਤਾਂ ਆਪਣੇ ਅਧੂਰੇ ਗਿਆਨ, ਜਾਣਕਾਰੀ ਅਤੇ ਅਨੁਭਵ ਦੇ ਫ਼ਲਸਰੂਪ ਸਾਨੂੰ ਕ੍ਰੋਧ ਕਰਨ ਅਤੇ ਆਪਣੀ ਗੱਲ ਉੱਪਰ ਰਹਿਣ ਦੀ ਬਜਾਏ ਸਾਨੂੰ ਆਪਣੇ ਵਿਚਾਰਾਂ ਵਿੱਚ ਸੋਧ ਕਰਨ ਵੱਲ ਤਵੱਜੋ ਦੇਣੀ ਚਾਹੀਦੀ ਹੈ। ਸਾਨੂੰ ਇਹ ਗੱਲ ਵੀ ਹਮੇਸ਼ਾ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਜਜ਼ਬਾਤੀ ਰੌਅ ਵਿੱਚ ਬਿਨਾ ਸੋਚੇ-ਸਮਝੇ ਬੋਲਣ ਵਾਲੇ ਲੋਕ ਅਕਸਰ ਆਪਣੀ ਵਿਚਾਰਾਤਮਕ ਸੰਕੀਰਣਤਾ ਤੇ ਮਾਨਸਿਕ ਕੰਗਾਲੀ ਦਰਸਾਉਣ ਦੇ ਨਾਲ-ਨਾਲ ਜ਼ਿਹਨੀ ਤੌਰ ਉੱਪਰ ਬੀਮਾਰ ਹੋਣ ਦਾ ਸਬੂਤ ਦਿੰਦੇ ਹਨ। ਇਹ ਫੈਸਲਾ ਅਸੀਂ ਹੀ ਕਰਨਾ ਹੁੰਦਾ ਹੈ ਕਿ ਅਸੀਂ ਕਿਸੇ ਨਾਲ ਬਾਮਕਸਦ ਸੰਵਾਦ ਰਚਾਉਣ ਦਾ ਰਾਹ ਅਪਨਾਉਣਾ ਹੈ ਜਾਂ ਹਰ ਵਕਤ ਲੋਕਾਂ ਨਾਲ ਫ਼ਜ਼ੂਲ ਦੀ ਝੱਖ ਮਾਰਨੀ ਹੈ। ਦਰਅਸਲ ਸਟੀਕ ਸਿੱਟਿਆ ਲਈ ਵਿਵੇਕਸ਼ੀਲ ਵਿਚਾਰਾਂ ਤੇ ਸੰਵਾਦ ਦੇ ਮਹੱਤਵ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ।

ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

Serving the Sikh Community with Dignity and Care



ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ
-ਅੰਤਿਮ ਦਰਸ਼ਨਾਂ ਲਈ ਕਮਰਾ
-ਵੱਡਾ ਤੇ ਸੁੰਦਰ ਚੈਪਲ
-ਘੱਟ ਖਰਚ ਉਤੇ ਸੇਵਾਵਾਂ

-On Site Crematory
-Viewing Room Available
-Large, Beautiful Chapels
-Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at
www.davenportfamily.com

Davenport
FAMILY FUNERAL HOMES AND CREMATORY

# ਪੀ.ਸੀ.ਐਸ. ਦੇ 'ਰੰਗਲੇ ਪੰਜਾਬ' ਦੀ ਚੜ੍ਹਤ ਮੱਚੀ

## *ਰੰਗਾਂ ਦੀ ਮਜਲਸ ਹੋ ਨਿਬੜਿਆ ਵਿਸਾਖੀ ਨੂੰ ਸਮਰਪਿਤ ਸਮਾਗਮ*

ਕੁਲਜੀਤ ਦਿਆਲਪੁਰੀ




**ਸ਼ਿਕਾਗੋ:** ਜਿਸ ਤਰ੍ਹਾਂ ਵਿਆਹ ਭੁਗਤਾਉਣ ਆਇਆ ਹਲਵਾਈ ਭੱਠੀ ਚੜ੍ਹਨ ਵਾਲੇ ਦਿਨ ਆਪਣਾ ਅੱਡਾ-ਪੀੜ੍ਹਾ ਫਿੱਟ ਕਰਦਾ ਘਰਦਿਆਂ ਵੱਲੋਂ ਉਸ ਕੋਲ ਛੱਡੇ ਬੰਦਿਆਂ ਨੂੰ ਕੰਮ ਲਾਈ ਰੱਖਦਾ ਹੈ, ਐਨ ਉਸੇ ਤਰ੍ਹਾਂ ਪੀ.ਸੀ.ਐਸ. ਦਾ 'ਰੰਗਲਾ ਪੰਜਾਬ' ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਭੰਗੜੇ ਦੀਆਂ ਟੀਮਾਂ ਤਿਆਰ ਕਰਨ ਵਾਲੇ ਕੋਚ ਅਤੇ ਮਾਪੇ ਰੁੱਝੇ ਰੁੱਝੇ ਨਜ਼ਰ ਆਏ। ਕਿਸੇ ਨੂੰ ਪੱਗਾਂ ਬੰਨ੍ਹਣ ਦਾ ਫਿਕਰ, ਕਿਸੇ ਨੂੰ ਚਾਦਰੇ ਲਾਉਣ ਦੀ ਚਿੰਤਾ ਅਤੇ ਕਿਸੇ ਨੂੰ ਹਾਰ-ਸ਼ਿੰਗਾਰ ਲਾ ਸ਼ੀਸ਼ੇ ਵਿੱਚੋਂ ਦੀ ਖੁਦ ਨੂੰ ਨਿਹਾਰਨ ਦਾ ਚਾਅ! ਇਉਂ ਕਿਹਾ ਜਾ ਸਕਦਾ ਹੈ ਕਿ ਕਲਾਕਾਰਾਂ ਦੀ ਖੁਸ਼ੀ ਅਤੇ ਦਰਸ਼ਕਾਂ ਨੂੰ ਉਨ੍ਹਾਂ ਦੀ ਪੇਸ਼ਕਾਰੀ ਦੀ ਉਡੀਕ ਕੁਝ ਇਸ ਤਰ੍ਹਾਂ ਸੀ, ਜਿਸ ਤਰ੍ਹਾਂ ਦੋਹੀਂ ਹੱਥੀਂ ਲੱਡੂ ਵੱਟਣ ਵਾਲੇ ਨੂੰ ਚਾਅ ਹੁੰਦਾ ਹੈ ਅਤੇ ਜਲੇਬੀਆਂ ਨੂੰ ਚਾਸ਼ਣੀ ਵਿੱਚ ਡੁਬੋਣ ਵਾਲੇ ਨੂੰ ਜਲੇਬੀਆਂ ਤਲ਼ੇ ਜਾਣ ਦੀ ਉਡੀਕ ਹੁੰਦੀ ਹੈ; ਅਤੇ ਪੀ.ਸੀ.ਐਸ. ਦੇ ਪ੍ਰਬੰਧਕ ਵਿਆਹ ਵਾਲੇ ਘਰ ਦੇ ਉਨ੍ਹਾਂ ਜੀਆਂ ਵਾਂਗ ਵਿਚਰ ਰਹੇ ਸਨ, ਜਿਨ੍ਹਾਂ ਸਿਰ ਸਾਰੇ ਕੰਮ ਵੇਲੇ ਸਿਰ ਤੇ ਚਾਈਂ ਚਾਈਂ ਭੁਗਤਾਉਣ ਦਾ ਜ਼ਿੰਮਾ ਹੋਵੇ।

ਦੂਜੇ ਪਾਸੇ ਸਿਕਿਉਰਿਟੀ ਵਾਲੇ 'ਕੱਲੇ-'ਕੱਲੇ ਦੀ ਤਲਾਸ਼ੀ ਲੈ ਕੇ ਅੰਦਰ ਜਾਣ ਦੇ ਰਹੇ ਸਨ। ਟੀਮਾਂ ਤੇ ਕੋਚਾਂ ਦੇ ਬੈਗ ਉਹ ਇਉਂ ਤਲਾਸ਼ ਰਹੇ ਸਨ ਜਿਵੇਂ ਚੰਡੀਗੜ੍ਹ ਬੈਰੀਅਰ ਟੱਪਦਿਆਂ ਖੜ੍ਹੀ ਪੰਜਾਬ ਪੁਲਿਸ ਸ਼ੱਕੀ ਲੋਕਾਂ ਨੂੰ ਨਜ਼ਰਾਂ 'ਚੋਂ ਕੱਢਦੀ ਹੈ, ਮਤਾਂ ਕਿਤੇ ਕੋਈ ਚੰਡੀਗੜ੍ਹ ਤੋਂ ਸ਼ਰਾਬ ਦੀ ਬੋਤਲ ਨਾ ਲੈ ਕੇ ਆਉਂਦਾ ਹੋਵੇ! ਮਰਦ ਸੁਰੱਖਿਆ ਕਰਮੀ ਬੰਦਿਆਂ ਦੀ 'ਜਾਮਾ-ਤਲਾਸ਼ੀ' ਲੈ ਰਹੇ ਸਨ ਤੇ ਔਰਤ ਕਰਮੀ ਬੀਬੀਆਂ ਦੀ। ਜ਼ਿਕਰਯੋਗ ਹੈ ਕਿ ਵੱਖ-ਵੱਖ ਗਿੱਧੇ-ਭੰਗੜੇ ਦੀਆਂ ਟੀਮਾਂ ਆਪਣੇ ਨਾਲ ਬੈਗ-ਅਟੈਚੀ ਵਗੈਰਾ ਲੈ ਕੇ ਆ ਰਹੀਆਂ ਸਨ, ਜਿਨ੍ਹਾਂ ਵਿੱਚ ਉਨ੍ਹਾਂ ਦੀਆਂ ਵਰਦੀਆਂ, ਪੱਗਾਂ, ਹਾਰ-ਸ਼ਿੰਗਾਰ ਅਤੇ ਪੇਸ਼ਕਾਰੀ ਦੌਰਾਨ ਵਰਤਿਆ ਜਾਣ ਵਾਲਾ ਸਾਮਾਨ ਸੀ।

ਇੱਥੋਂ ਤੱਕ ਕੇ ਸਿਕਿਉਰਿਟੀ ਚੈੱਕ ਪੋਸਟ 'ਤੇ ਪਾਣੀ ਜਾਂ ਖਾਣ ਲਈ ਨਿੱਕ-ਸੁੱਕ ਚੀਜ਼ਾਂ ਵੀ ਅੰਦਰ ਲੈ ਕੇ ਆਉਣ ਉਤੇ ਮੁਕੰਮਲ ਰੋਕ ਸੀ। ਉਂਜ ਇਹ ਸਭ ਸੁਰੱਖਿਆ ਦੇ ਮੱਦੇਨਜ਼ਰ ਕੀਤਾ ਜਾ ਰਿਹਾ ਸੀ, ਕਿਉਂਕਿ 'ਰੰਗਲਾ ਪੰਜਾਬ' ਵਿੱਚ ਵੱਡੀ ਗਿਣਤੀ ਵਿੱਚ ਬੱਚਿਆਂ ਨੇ ਪੇਸ਼ਕਾਰੀ ਜੋ ਕਰਨੀ ਸੀ। ਕਿਸੇ ਕਥਿਤ ਮਾੜੇ ਅਨਸਰ ਪ੍ਰਤੀ ਮੁਸ਼ਤੈਦ ਰਹਿਣ ਅਤੇ ਲੋੜੀਂਦੇ ਸੁਰੱਖਿਆ ਪ੍ਰਬੰਧਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਜ਼ਰੂਰੀ ਵੀ ਸੀ।

ਇਸ ਵਾਰ ਦਾ 'ਰੰਗਲਾ ਪੰਜਾਬ' ਇਸ ਲਈ ਵੀ ਵਿਸ਼ੇਸ਼ ਸੀ, ਕਿਉਂਕਿ ਪੰਜਾਬੀ ਕਲਚਰ ਸੁਸਾਇਟੀ (ਸ਼ਿਕਾਗੋ) ਨੂੰ ਸੱਭਿਆਚਾਰਕ ਤੇ ਭਾਈਚਾਰਕ ਸਮਾਗਮਾਂ ਰਾਹੀਂ ਵਿਚਰਦਿਆਂ ਤੀਹ ਸਾਲ ਹੋ ਗਏ ਹਨ। ਵਿਸਾਖੀ ਨੂੰ ਸਮਰਪਿਤ ਕਰਵਾਏ ਗਏ ਇਸ ਸਮਾਗਮ ਲਈ ਉਲੀਕੀ ਗਈ ਰੂਪ-ਰੇਖਾ ਮੁਤਾਬਕ ਸੰਸਥਾ ਪਿਛਲੇ ਕਈ ਹਫਤਿਆਂ ਤੋਂ ਯਤਨਸ਼ੀਲ ਸੀ ਅਤੇ ਪੂਰੀ ਟੀਮ ਦੇ ਸ਼ਲਾਘਾਯੋਗ ਯਤਨਾਂ ਨੂੰ ਬੂਰ ਪਿਆ ਵੀ ਨਜ਼ਰ ਆਇਆ। ਇਸੇ ਤਰ੍ਹਾਂ ਬੱਚਿਆਂ ਦੀ ਮਿਹਨਤ ਅਤੇ ਉਨ੍ਹਾਂ ਦੀ ਟੀਮ ਤਿਆਰ ਕਰਨ ਵਾਲੇ ਕੋਆਰਡੀਨੇਟਰਾਂ ਦੀ ਹਫਤਿਆਂਬੱਧੀ ਘਾਲਣਾ ਤੋਂ ਸਪਸ਼ਟ ਸੀ ਕਿ ਸਭ ਨੇ ਖੂਬ ਚਾਰਾਜੋਈਆਂ ਕੀਤੀਆਂ ਹਨ।

ਸਮਾਗਮ ਦੌਰਾਨ ਹਾਲ ਦੇ ਅੰਦਰ ਪੇਸ਼ਕਾਰੀਆਂ ਦੀ ਲਹਿਰ ਫੈਲੀ ਹੋਈ ਸੀ, ਤਾਂ ਹਾਲ ਦੇ ਬਾਹਰ ਵੀ ਲੋਕ ਇੱਕ-ਦੂਜੇ ਨਾਲ ਗੱਲਾਂਬਾਤਾਂ ਕਰਨ, 'ਟੇਸਟ ਆਫ ਇੰਡੀਆ' ਦੇ ਫੂਡ ਸਟਾਲ ਤੋਂ ਸਵਾਦਿਸ਼ਟ ਖਾਣੇ ਦਾ ਅਨੰਦ ਮਾਨਣ, ਇੱਕ-ਦੂਜੇ ਨਾਲ ਤਸਵੀਰਾਂ ਖਿਚਵਾਉਣ ਆਦਿ ਸਮੇਤ ਹਵਾ-ਪਿਆਜ਼ੀ ਹੋਏ ਲੋਕ ਆਪੋ-ਆਪਣੇ ਰੰਗ ਵਿੱਚ ਸਨ। ਕੁਝ ਸ਼ੌਕੀਨ ਕੌਫੀ ਵਾਲੇ ਕੱਪਾਂ ਵਿੱਚ ਸਟਰਾਅ ਰਾਹੀਂ 'ਬਿਨਾ ਦੁੱਧ ਵਾਲੀ ਕੌਫੀ' ਪੀ ਕੇ ਅੱਖ ਖੜ੍ਹੀ ਕਰ ਰਹੇ ਸਨ- ਅਖੇ! ਨਾ ਹਿੰਗ ਲੱਗੇ ਨਾ ਫਟਕੜੀ, ਰੰਗ ਚੋਖਾ ਆਵੇ! ਇਸ ਮੌਕੇ ਸ਼ਾਇਦ ਹੀ ਕੋਈ ਹੋਵੇ, ਜੋ ਮੇਲੇ ਵਿੱਚ ਚੱਕੀਰਾਹੇ ਦੇ ਨਿਆਈਂ ਹੋਵੇ, ਨਹੀਂ ਤਾਂ ਸਭ ਆਪੋ ਆਪਣੇ ਮਾਹੌਲ ਬਣਾਈ ਰੱਖਿਆ। ਹਾਲ ਵਿੱਚ ਬੜ੍ਹਕਾਂ, ਤਾੜੀਆਂ, ਸੀਟੀਆਂ ਤੇ ਕੂਕਾਂ ਦਾ ਮਾਹੌਲ ਤਾਰੀ ਸੀ।

ਇਸ ਮੌਕੇ ਕੁਝ ਗਿੱਧੇ ਤੇ ਭੰਗੜੇ ਦੀਆਂ ਟੀਮਾਂ ਇਸ




ਲੈਅ ਤੇ ਤਾਲ ਵਿੱਚ ਨੱਚੀਆਂ, ਜਿਵੇਂ ਮੱਠੀ ਮੱਠੀ ਹਵਾ ਦੇ ਵਗਦਿਆਂ ਕਣਕ ਦੀਆਂ ਬੱਲੀਆਂ ਹੁਲਾਰੇ ਖਾਂਦੀਆਂ ਹੋਣ। ਕਢਾਈਦਾਰ ਤੇ ਗੋਟੇ-ਕਿਨਾਰੀਆਂ ਵਾਲੀਆਂ ਰੰਗ-ਬਰੰਗੀਆਂ ਵਰਦੀਆਂ ਵਿੱਚ ਨੱਚਦੀਆਂ ਟੀਮਾਂ ਇਹ ਭੁਲੇਖਾ ਪਾ ਰਹੀਆਂ ਸਨ, ਜਿਵੇਂ ਸਟੇਜ ਉਤੇ ਸਤਰੰਗੀ ਪੀਂਘ ਪੈ ਗਈ ਹੋਵੇ। ਉਤੋਂ ਹੱਥਾਂ ਵਿੱਚ ਫੜ੍ਹੇ ਖੂੰਡੇ, ਸੱਪ/ਛਿੱਕੇ ਅਤੇ ਗਲ਼ਾਂ ਵਿੱਚ ਪਾਏ ਕੈਂਠੇ, ਹਾਰ, ਸੱਗੀਫੁੱਲ, ਫੁੰਮਣ ਸਮੇਤ ਪੱਗਾਂ-ਚੁੰਨੀਆਂ ਦਾ ਪੂਰਾ ਟੌਹਰ ਸੀ।

'ਤੀਆਂ ਪੰਜਾਬ ਦੀਆਂ' (ਕੋਆਰਡੀਨੇਟਰ ਪਰਮ ਢਿੱਲੋਂ ਤੇ ਸੁਖਵੀਰ ਢਿੱਲੋਂ), 'ਮੁਟਿਆਰਾਂ ਸਾਊਥ ਵੈਸਟ ਦੀਆਂ' (ਕੋਆਰਡੀਨੇਟਰ ਹਰਮਨ ਕੌਰ), 'ਸ਼ੌਂਕਣਾਂ ਸ਼ਿਕਾਗੋ ਦੀਆਂ' (ਕੋਆਰਡੀਨੇਟਰ ਰਾਜਪ੍ਰੀਤ ਕੌਰ, ਕੰਵਲਜੀਤ ਕੌਰ ਤੇ ਪਾਇਲ ਵਿਰਦੀ) ਅਤੇ 'ਕੁੜੀਆਂ ਚਿੜੀਆਂ ਦਾ ਗਿੱਧਾ' (ਕੋਆਰਡੀਨੇਟਰ ਪਾਇਲ ਵਿਰਦੀ) ਟੀਮਾਂ ਨੇ ਨਵੀਂਆਂ-ਪੁਰਣੀਆਂ ਤੇ ਦਿਲਚਸਪ ਰਿਕਾਰਡਡ ਬੋਲੀਆਂ ਉਤੇ ਗਿੱਧੇ ਦਾ ਖੂਬ ਧਮੱਚੜ ਪਾਇਆ।

ਤੀਆਂ ਦੇ ਪੇਸ਼ ਦ੍ਰਿਸ਼ ਦੌਰਾਨ 'ਇਹ ਦਿਨ ਤੀਆਂ ਦੇ ਆਏ ਪੀਂਘਾਂ ਲੈਣ ਹੁਲਾਰੇ ਜੋਰ', 'ਨੀ ਤੀਆਂ ਵਿੱਚ ਪੈਣ ਲੁੱਡੀਆਂ, ਤੈਨੂੰ ਹਾਕ ਗਿੱਧੇ ਨੇ ਮਾਰੀ', 'ਪੈਂਦੀ ਵੇਖ ਧਮਾਲ ਹੇਠ ਬਰੋਟੇ ਦੇ', 'ਸੁੱਖ ਵੱਸੇ ਵੇ ਪਟਵਾਰੀਆ ਤੇਰੀ ਨਗਰੀ, ਤੀਆਂ ਦਾ ਮਰੱਬਾ ਕੱਟਿਆ' ਅਤੇ 'ਵੀਰ-ਮਾਪੇ ਨਿੱਤ ਮਿਲਦੇ, ਕੋਈ ਮਿਲਦੀ ਨਾ ਵਿਛੜੀ ਸਹੇਲੀ' ਸਮੇਤ ਹੋਰ ਬਹੁਤ ਸਾਰੀਆਂ ਬੋਲੀਆਂ ਕੰਨੀਂ ਰਸ ਘੋਲ ਰਹੀਆਂ ਸਨ। ਇਸ ਤੋਂ ਇਲਾਵਾ ਹੋਰ ਪੇਸ਼ਕਾਰੀਆਂ ਵਿੱਚ ਕੁਝ ਬੋਲੀਆਂ ਸਨ: 'ਬਾਲਟੀ ਨੂੰ ਟੱਲੀਆਂ ਲੁਆ ਦੇ ਵੇ ਮੈਂ ਧਾਰ ਚੋਣ ਚੱਲੀ ਆਂ', 'ਨੀ ਨਾ ਝਿੜਕੀਂ ਨੀ ਭਾਬੀ, ਰੰਗ ਉਡ'ਜੂਗਾ ਗੁਲਾਬੀ', 'ਨੱਚਦੀ ਭੰਬੂਕੇ ਵਾਂਗੂੰ ਮੱਚਦੀ, ਗਿੱਧੇ 'ਚ ਭੁਚਾਲ ਆ ਗਿਆ', 'ਗਿੱਧਾ ਪਾਉਂਦੀਆਂ ਮਜਾਜਾਂ ਵਾਲੀਆਂ ਨੀ', 'ਧੀਆਂ ਘਰਾਂ ਨੂੰ ਆਈਆਂ ਮਾਪਿਓ ਜੀ ਥੋਡੇ ਰਾਜ ਦੇ ਥੱਲੇ।'





ਗਰੁੱਪਾਂ ਜਾਂ ਟੋਲੀਆਂ ਵਿੱਚ ਮੇਲੀ ਬਣੇ ਨਜ਼ਰ ਆ ਰਹੇ ਸਨ।

ਸਮਾਗਮ ਦੀ ਸ਼ੁਰੂਆਤ ਮਿੰਨੀ ਸਿੰਘ ਵੱਲੋਂ ਨੈਸ਼ਨਲ ਐਂਥਮ ਗਾਏ ਜਾਣ ਨਾਲ ਹੋਈ। ਉਪਰੰਤ ਭੰਗੜੇ-ਗਿੱਧੇ ਦੀਆਂ ਟੀਮਾਂ ਵਿੱਚ ਸ਼ਾਮਲ ਬੱਚਿਆਂ ਵੱਲੋਂ ਸ਼ਬਦ ਦਾ ਗਾਇਨ ਕੀਤਾ ਗਿਆ। ਬਾਅਦ ਵਿੱਚ ਵਿਸਾਖੀ ਦਾ ਜਸ਼ਨ ਮਨਾਉਂਦਿਆਂ ਇੱਕ ਪਿੱਛੋਂ ਇੱਕ ਟੀਮ ਆਉਂਦੀ ਗਈ ਅਤੇ ਆਪੋ-ਆਪਣੇ ਅੰਦਾਜ਼ ਦੀ ਪੇਸ਼ਕਾਰੀ ਕਰਦੀ ਰਹੀ। ਕੁਲ 31 ਕਲਾਕ੍ਰਿਤਾਂ ਦੀ ਪੇਸ਼ਕਾਰੀ ਕੀਤੀ ਗਈ, ਜਿਸ ਵਿੱਚ ਅੰਦਾਜ਼ਨ ਸਾਢੇ ਤਿੰਨ ਸੌ ਕਲਾਕਾਰਾਂ ਨੇ ਆਪਣੀ ਪ੍ਰਤਿਭਾ ਰਾਹੀਂ ਅਨੰਦਮਈ



ਪਿੰਡਾਂ ਦੀ ਰਹਿਣੀ-ਸਹਿਣੀ ਨਾਲ ਜੁੜੀਆਂ, ਵਿਆਹਾਂ-ਸ਼ਗਨਾਂ, ਤੀਆਂ-ਤ੍ਰਿੰਜਣਾਂ ਅਤੇ ਪਰਿਵਾਰਕ, ਭਾਈਚਾਰਕ ਤੇ ਸਮਾਜਿਕ ਰੰਗ ਦੀਆਂ ਬੋਲੀਆਂ ਦਾ ਪੂਰਾ ਪਿੜ ਬੱਝਿਆ ਹੋਇਆ ਸੀ। ਸਟੇਜ ਉਤੇ ਬਾਲਟੀਆਂ, ਚਰਖਾ, ਛਤਰੀ, ਸੰਧਾਰੇ ਵਾਲਾ ਪੀਪਾ, ਨਕਲੀ ਖੂਹ ਆਦਿ ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਸਨ।

ਕਿਸੇ ਸਮੇਂ ਆਪਣੀ ਟੀਮ ਤਿਆਰ ਕਰਕੇ ਭੰਗੜਾ ਪਾਉਂਦੇ ਰਹੇ ਸੋਨੀ ਜੱਜ ਤੇ ਹਰਬੀਰ ਵਿਰਕ ਅਤੇ ਦਿਲਪ੍ਰੀਤ ਜੱਜ ਵੱਲੋਂ ਤਿਆਰ ਟੀਮ 'ਗੱਭਰੂ ਪੰਜਾਬ ਦੇ' ਨੇ 'ਨਹੀਂਓਂ ਤਾਰੇ ਤੋੜਨ ਦੀ ਗੱਲ ਕਰਦੇ, ਓਹੀਓ ਕਹੀਏ ਜੋ ਕਰਨਾ ਜਾਣਦੇ ਹਾਂ' ਅਤੇ 'ਸਾਡੇ ਢੋਲ ਨੂੰ ਸਾਰਾ ਹੀ ਜੱਗ ਜਾਣੇ, ਭਰ ਭਰ ਖੜਕਾਉਣ ਨੂੰ ਜੀ ਕਰਿਆ' ਦੇ ਬੋਲਾਂ ਵਿੱਚ ਜਜ਼ਬੇ ਅਤੇ ਮੁਸਕਾਨ ਨਾਲ ਪੇਸ਼ ਕੀਤੇ ਭੰਗੜੇ ਨੇ ਪੂਰਾ ਭੜਥੂ ਪਾਇਆ। ਮੋਢਿਆਂ 'ਤੇ ਡਾਂਗਾਂ ਰੱਖ ਨੱਚਦੇ ਗੱਭਰੂਆਂ ਨੂੰ ਜਦੋਂ 'ਓ ਸਰਦਾਰ' ਕਿਹਾ ਗਿਆ ਤਾਂ ਉਨ੍ਹਾਂ ਅਣਖ ਦਿਖਾਉਂਦਿਆਂ ਡਾਂਗਾਂ ਕੱਢ ਲਈਆਂ ਅਤੇ ਫਿਰ 'ਜੀ...

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ




# 'ਰੰਗਲੇ ਪੰਜਾਬ' ਦੀ ਚੜ੍ਹਤ

ਸਰਦਾਰ ਜੀ' ਕਹਿਣ ਦੀ ਸਮਝਾਉਣੀ ਦੇ ਕੇ ਭੰਗੜੇ 'ਚ ਪੱਬ ਚੱਕ ਲਏ। ਰਵਾਇਤੀ ਭੰਗੜੇ ਦੇ ਐਕਸ਼ਨ ਕਰਦਿਆਂ ਉਨ੍ਹਾਂ ਪੂਰਾ ਸਿੱਕਾ ਚਲਾਇਆ ਅਤੇ ਆਪ ਠੁਮਕਦਿਆਂ ਹੱਥਾਂ 'ਚ ਫੜੀਆਂ ਕਾਟੋਆਂ ਨੂੰ ਨੱਚਣ ਲਾਇਆ ਤੇ ਛਿੱਕਿਆਂ ਨੂੰ ਵੀ ਖੜਕਾਇਆ। ਇਸ ਪੇਸ਼ਕਾਰੀ ਵਿੱਚ ਵੱਖ-ਵੱਖ ਗੀਤਾਂ ਦੇ ਬੋਲਾਂ ਦਾ ਆਪਸ ਵਿੱਚ ਜਜ਼ਬ ਹੋਣਾ ਤੇ ਢੋਲ ਬੀਟ ਪ੍ਰਧਾਨ ਸੀ। ਅਖੀਰ ਵਿੱਚ ਉਨ੍ਹਾਂ ਗੱਡਾ-ਬਲਦਜੋੜ ਬਣਾ ਕੇ ਦਰਸ਼ਕਾਂ ਦੀ ਵਾਹ ਵਾਹ ਲੁੱਟ ਲਈ।

'ਅਸ਼ਕੇ ਭੰਗੜਾ ਕਲੱਬ ਸ਼ਿਕਾਗੋ' (ਕੋਆਰਡੀਨੇਟਰ ਨਵਜੋਧ ਬਾਜਵਾ), 'ਪੰਜ ਆਬ' (ਕੋਆਰਡੀਨੇਟਰ ਜਸਲੀਨ), 'ਰੂਹ ਪੰਜਾਬ ਦੀ' (ਕੋਆਰਡੀਨੇਟਰ ਹਰਪ੍ਰੀਤ ਕੌਰ ਤੇ ਨਵਜੀਤ ਕੌਰ), 'ਵਿਰਸੇ ਦੇ ਵਾਰਿਸ' (ਕੋਆਰਡੀਨੇਟਰ ਰੁਪਿੰਦਰ ਕੌਰ), 'ਫੋਕ ਭੰਗੜਾ ਕਰਿਊ' (ਕੋਆਰਡੀਨੇਟਰ ਅੰਮ੍ਰਿਤਾ ਰੰਧਾਵਾ ਤੇ ਹਰਲੀਨ ਸੈਣੀ), 'ਪੀ.ਸੀ.ਐਸ. ਯੂਥ ਭੰਗੜਾ' (ਕੋਆਰਡੀਨੇਟਰ ਨਵਤੇਜ ਸੋਹੀ), 'ਟੀਮ ਰਾਵੀ' (ਕੋਆਰਡੀਨੇਟਰ ਬਲਰਾਜ ਸੋਹੀ) ਅਤੇ 'ਭੰਗੜਾ ਰਾਈਮਜ਼ ਸ਼ਿਕਾਗੋ ਤੇ ਮਿਲਵਾਕੀ' (ਕੋਆਰਡੀਨੇਟਰ ਅਮਨਦੀਪ ਕੁਲਾਰ) ਦੀਆਂ ਟੀਮਾਂ ਦੀ ਪੇਸ਼ਕਾਰੀ ਦੌਰਾਨ ਦਰਸ਼ਕ ਅਸ਼ ਅਸ਼ ਕਰ ਉਠੇ।

ਨੰਨ੍ਹੇ ਨੰਨ੍ਹੇ ਬੱਚਿਆਂ ਦੀਆਂ ਟੀਮਾਂ 'ਨਵੀਂ ਪਨੀਰੀ' (ਕੋਆਰਡੀਨੇਟਰ ਕਮਲਜੀਤ ਗਿੱਲ ਤੇ ਕੰਵਲਜੀਤ ਜੱਜ), 'ਗੱਭਰੂ ਚੰਨ ਵਰਗੇ' (ਕੋਆਰਡੀਨੇਟਰ ਅਮਰਜੋਤ ਮਹਿਰਾ), 'ਨੱਚਦਾ ਪੰਜਾਬ' (ਕੋਆਰਡੀਨੇਟਰ ਕਿਰਨ ਪਰਮਾਰ) ਟੀਮ ਦੇ ਬੱਚੇ ਭੋਲੇਭਾਅ ਨੱਚ ਕੇ ਆਪਣੀ ਪ੍ਰਤਿਭਾ ਪੇਸ਼ ਕਰ ਰਹੇ ਸਨ। ਟੀਮਾਂ ਦੀ ਪੇਸ਼ਕਾਰੀ ਦੌਰਾਨ ਸਟੇਜ 'ਤੇ ਲੱਗੀ ਵੱਡੀ ਸਕਰੀਨ ਉਤੇ 'ੳ ਅ ੲ', ਫੁਲਕਾਰੀ ਤੇ ਛਤਰੀ ਅਤੇ ਕਣਕ ਦੇ ਖੇਤ ਦੇ ਦ੍ਰਿਸ਼ ਚੱਲ ਰਹੇ ਸਨ। ਕਦੇ ਕਦੇ ਤਾਂ ਇਉਂ ਭੁਲੇਖਾ ਪੈਂਦਾ ਸੀ, ਜਿਵੇਂ ਭੰਗੜਚੀ ਵਿਸਾਖੀ ਦੇ ਜਸ਼ਨ ਮਨਾਉਂਦੇ ਹੋਏ ਕਣਕ ਦੇ ਖੇਤ ਵਿੱਚ ਨੱਚਦੇ ਹੋਣ ਜਾਂ ਗਿੱਧਾ ਪਾਉਂਦੀਆਂ ਮੁਟਿਆਰਾਂ-ਬੀਬੀਆਂ ਦੇ ਸਿਰ ਉਤੇ ਫੁਲਕਾਰੀ ਤਣੀ ਹੋਵੇ।





ਇਸ ਤੋਂ ਇਲਾਵਾ 'ਟੀਮ ਮੁਲਤਾਨ' (ਕੋਆਰਡੀਨੇਟਰ ਰਮਨਦੀਪ ਹਾਂਸੀ), 'ਸ਼ੌਂਕੀ ਭੰਗੜੇ ਦੇ' (ਕੋਆਰਡੀਨੇਟਰ ਜਨਮਜੀਤ ਚਾਹਲ), 'ਸ਼ੌਕੀਨ ਜੱਟੀਆਂ' (ਕੋਆਰਡੀਨੇਟਰ ਸ਼ੁਭਲੀਨ ਕੇ. ਨਾਗਰਾ), 'ਵਿੰਡੀਸਿਟੀ ਭੰਗੜਾ' ਤੇ 'ਕੁੜੀਆਂ ਪਟੋਲਾ' (ਕੋਆਰਡੀਨੇਟਰ ਸੋਨੀਆ ਸੇਠੀ ਕੋਹਲੀ ਤੇ ਵਿੰਨੀ ਕੌਰ), 'ਭੰਗੜਾ ਫਿਊਜ਼ਨ ਫੋਰਸ' (ਕੋਆਰਡੀਨੇਟਰ ਤਜਿੰਦਰ ਕੌਰ) ਅਤੇ 'ਸਾਡਾ ਵਿਰਸਾ' (ਕੋਆਰਡੀਨੇਟਰ ਹਰਮਨ ਕੌਰ) ਦੀਆਂ ਟੀਮਾਂ ਦਾ ਵੀ ਆਪਣਾ ਹੀ ਰੰਗ ਸੀ। ਕਿਉਂਕਿ ਹਾਲ ਅੰਦਰ ਵੱਖ-ਵੱਖ ਵੰਨਗੀਆਂ ਦੀ ਪੇਸ਼ਕਾਰੀ ਦੇਖਣ ਦੇ ਚਾਹਵਾਨ ਪੂਰੇ ਤਰਾਰੇ ਵਿੱਚ ਆਏ ਹੋਏ ਸਨ, ਇਸ ਲਈ ਉਹ ਆਪਣੀ ਪਸੰਦੀਦਾ ਟੀਮ ਦੀ ਹੌਸਲਾ ਅਫਜ਼ਾਈ ਵਿੱਚ ਬੜ੍ਹਕਾਂ ਤੇ ਤਾੜੀਆਂ ਮਾਰ ਰਹੇ ਸਨ।

'ਦੇਸੀ ਠੁਮਕਾ' (ਕੋਆਰਡੀਨੇਟਰ ਜੋਨੀਤਾ ਵਰਮਾ ਤੇ ਆਯੂਸ਼ੀ ਠੱਕਰ) ਅਤੇ 'ਆਪਣਾ ਭੰਗੜਾ ਕਰਿਊ' ਤੇ 'ਵੱਖਰਾ ਸਵੈਗ' (ਕੋਆਰਡੀਨੇਟਰ ਨੇਹਾ ਸੋਬਤੀ) ਵਿੱਚ ਦੱਖਣ ਭਾਰਤ, ਮਹਾਰਾਸ਼ਟਰ ਤੇ ਗੁਜਰਾਤ ਸੂਬੇ ਨਾਲ ਸਬੰਧਤ ਕਲਾਕਾਰਾਂ ਨੇ ਭੰਗੜੇ ਤੇ ਡਾਂਸ ਨੂੰ ਕਲੀ-ਜੋਟਾ ਬਣਾ ਕੇ ਪੇਸ਼ ਕੀਤਾ।

ਕੋਆਰਡੀਨੇਟਰ ਨਵਤੇਜ ਸਿੰਘ ਸੋਹੀ ਦੀ 'ਮਲਵਈ ਗਿੱਧਾ' ਟੀਮ ਦੀ ਪੇਸ਼ਕਾਰੀ ਵੀ ਠੀਕ ਰਹੀ। ਚਿੱਟੇ ਕੁੜਤੇ-ਚਾਦਰਿਆਂ ਤੇ ਸ਼ਮਲੇ ਵਾਲੀਆਂ ਪੱਗਾਂ ਵਿੱਚ ਜੱਚਦੇ ਗੱਭਰੂ ਢੋਲਕੀ, ਛਿੱਕਿਆਂ, ਤੂੰਬੀ, ਛੈਣੇ, ਕਾਟੋਆਂ ਤੇ ਗੁਬਚੂ ਨੂੰ ਸੁਰ ਕਰੀ ਆਪਣੀ ਆਪਣੀ ਲੈਅ ਵਿੱਚ ਨੱਚ ਰਹੇ ਸਨ।

ਉਹ ਨਜ਼ਾਰਾ ਦਿਲਚਸਪ ਸੀ, ਜਦੋਂ ਆਪਣੇ ਨਾਂ ਦੀ ਬੋਲੀ ਉਤੇ ਪੀ.ਸੀ.ਐਸ. ਦੇ ਬੋਰਡ ਆਫ ਗਵਰਨਰ ਰਾਜਿੰਦਰ ਸਿੰਘ ਮਾਗੋ ਟੀਮ ਦੇ ਗੱਭਰੂਆਂ ਨਾਲੋਂ ਵੱਧ ਜੋਸ਼ ਵਿੱਚ ਆ ਕੇ ਨੱਚਣ ਲੱਗੇ। ਕੁਝ ਬੋਲੀਆਂ ਦਿਲਚਸਪ ਸਨ, ਪਰ ਪੇਸ਼ਕਾਰੀ ਦੌਰਾਨ ਕਿਤੇ ਕਿਤੇ ਵਕਫੇ ਦਾ ਪੈਂਦਾ ਖੱਪਾ ਰੜਕ ਰਿਹਾ ਸੀ। ਕੁਲ ਮਿਲਾ ਕੇ ਦਰਸ਼ਕਾਂ ਨੇ ਮਲਵਈ ਗਿੱਧੇ ਦਾ ਅਨੰਦ ਮਾਣਿਆ। ਢੋਲ 'ਤੇ ਸਾਥ ਮਨਮੀਤ ਸਿੰਘ ਨੇ ਦਿੱਤਾ।



ਸੁਖਪਾਲ ਗਿੱਲ ਨੇ 'ਹੀਰ' ਦੇ ਕੁਝ ਬੰਦ ਵੀ ਸੁਣਾਏ।

ਸਮਾਗਮ ਦੀ ਵਿਸ਼ੇਸ਼ਤਾ ਇਹ ਵੀ ਸੀ ਕਿ ਸੰਸਥਾ ਨਾਲ ਜੁੜੇ ਨਵੀਂ ਪੀੜ੍ਹੀ ਦੇ ਬੱਚਿਆਂ ਨੇ ਵਾਰੋ-ਵਾਰੀ ਮੰਚ ਦਾ ਬਾਖੂਬੀ ਸੰਚਾਲਨ ਕੀਤਾ। ਗੁਰਨਾਜ਼ ਸੋਹੀ ਤੇ ਹਰਸਿਮਰਨ ਕੌਰ ਨੇ 'ਕਣਕਾਂ ਦਾ ਹੋ ਗਿਆ ਸੁਨਹਿਰੀ ਰੰਗ ਵੇ, ਹਵਾ ਦੇ ਹੁਲਾਰੇ ਨਾਲ ਡੋਲ ਬੱਲੀਏ, ਭੰਗੜੇ 'ਚ ਵੱਜਦੇ ਨੇ ਢੋਲ ਬੱਲੀਏ' ਅਤੇ ਹੋਰ ਸ਼ੇਅਰੋ-ਸ਼ਾਇਰੀ ਕਰਦਿਆਂ ਤੇ ਹਾਸੇ-ਠੱਠੇ ਦੀਆਂ ਗੱਲਾਂ ਨਾਲ ਬਾਖੂਬੀ ਮੰਚ ਸੰਭਾਲਿਆ। ਉਪਰੰਤ ਕਬੀਰ ਵਿਰਕ, ਸਹਿਜ ਸਿੱਧੂ, ਗੁਰਨੀਰ ਸਿੱਧੂ, ਮਨਕੀਰਥ ਸਿੰਘ ਅਤੇ ਗੁਰਨੂਰ ਸਿੰਘ ਨੇ ਆਪੋ-ਆਪਣੇ ਅੰਦਾਜ਼ ਵਿੱਚ ਸਟੇਜ ਦੀ ਸੇਵਾ ਨਿਭਾਈ।



ਇਸ ਮੌਕੇ ਬੋਲਦਿਆਂ ਸੰਸਥਾ ਦੇ ਚੇਅਰਮੈਨ ਡਾ. ਵਿਕਰਮ ਗਿੱਲ ਨੇ ਕਿਹਾ ਕਿ 'ਰੰਗਲਾ ਪੰਜਾਬ' ਦੇਖ ਕੇ ਇਸ ਤਰ੍ਹਾਂ ਲੱਗ ਰਿਹਾ ਹੈ ਕਿ ਸੱਭਿਆਚਾਰ ਦੇ ਇਸ ਵਹਿਣ ਵਿੱਚ ਜਿਵੇਂ ਵੱਖ-ਵੱਖ ਨਦੀਆਂ, ਝਰਨੇ ਆ ਰਲ਼ੇ ਹੋਣ। ਕਿਉਂਕਿ ਸੱਭਿਆਚਾਰ ਦਾ ਘੇਰਾ ਵਿਸ਼ਾਲ ਹੈ ਅਤੇ ਸੱਭਿਆਚਾਰਕ ਤੌਰ 'ਤੇ ਅਸੀਂ ਵੱਖ ਨਹੀਂ ਹਾਂ। ਇਸ ਮੰਚ ਉਤੇ ਪੰਜਾਬੀ ਕਲਾਕਾਰਾਂ ਨਾਲ ਭਾਰਤ ਦੇ ਹੋਰ ਸੂਬਿਆਂ ਨਾਲ ਸਬੰਧਤ ਕਲਾਕਾਰਾਂ ਦਾ ਰਲੇਵਾਂ ਦੇਖ ਕੇ ਕਹਿ ਸਕਦੇ ਹਾਂ ਕਿ ਪੰਜਾਬ ਹੀ ਹਿੰਦ ਹੈ ਤੇ ਪੰਜਾਬ ਹੀ ਸਿੰਧ ਹੈ।

ਬਾਲੀਵੁੱਡ ਅਦਾਕਾਰ, ਲੇਖਕ ਤੇ ਫਿਲਮਸਾਜ਼ ਕਵੀ ਰਾਜ ਮੁੱਖ ਮਹਿਮਾਨ ਸਨ ਅਤੇ ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਵਿਸਾਖੀ ਦੀ ਵਧਾਈ ਦਿੰਦਿਆਂ ਸੰਸਥਾ ਨੂੰ ਮਿਲ ਰਹੇ ਭਾਈਚਾਰਕ ਸਹਿਯੋਗ ਦੀ ਸ਼ਲਾਘਾ ਕੀਤੀ। ਜ਼ਿਕਰਯੋਗ ਹੈ ਕਿ ਉਹ ਬਾਲੀਵੁੱਡ ਦੇ ਨਾਲ ਨਾਲ ਹਾਲੀਵੁੱਡ ਵਿੱਚ ਵੀ ਵਿਚਰ ਰਹੇ ਹਨ। ਉਨ੍ਹਾਂ ਦੀ ਰੁਚੀ ਇਤਿਹਾਸ ਨਾਲ ਜੁੜੀਆਂ ਫਿਲਮਾਂ ਬਣਾਉਣ ਵਿੱਚ ਹੈ। ਪਿੱਛੇ ਜਿਹੇ ਉਨ੍ਹਾਂ ਨੇ ਫਿਲਮ 'ਸਰਾਭਾ' ਬਣਾਈ ਹੈ ਅਤੇ ਉਸ ਤੋਂ ਪਹਿਲਾਂ ਮਹਾਰਾਜਾ ਦਲੀਪ ਸਿੰਘ ਉਤੇ ਫਿਲਮ 'ਬਲੈਕ ਪ੍ਰਿੰਸ' ਬਣਾਈ ਸੀ। ਹਾਲ ਹੀ ਵਿੱਚ ਕਵੀ ਰਾਜ ਨੇ ਫਿਲਮ 'ਇੱਕ ਓਅੰਕਾਰ' ਦੀ ਸ਼ੂਟਿੰਗ ਮੁਕੰਮਲ ਕੀਤੀ ਹੈ, ਜੋ ਜਲਦੀ ਹੀ ਰਿਲੀਜ਼ ਹੋਵੇਗੀ। ਇਹ ਫਿਲਮ 5 ਅਗਸਤ 2012 ਨੂੰ ਗੁਰਦੁਆਰਾ ਓਕ ਕਰੀਕ (ਵਿਸਕਾਨਸਿਨ) ਵਿੱਚ ਹੋਏ ਨਸਲੀ ਹਮਲੇ ਦੇ ਆਧਾਰ ਉਤੇ ਬਣਾਈ ਗਈ ਹੈ।

ਸੰਸਥਾ ਦੇ ਪ੍ਰਧਾਨ ਮਨਜੀਤ ਸਿੰਘ ਭੱਲਾ ਅਤੇ ਵਿਸ਼ੇਸ਼ ਮਹਿਮਾਨ ਡਾ. ਮਿਹਰਬਾਨ ਸਿੰਘ ਨੇ ਵਿਸਾਖੀ ਦੀ ਵਧਾਈ ਦਿੰਦਿਆਂ ਸੰਸਥਾ ਵੱਲੋਂ ਦਿੱਤੇ ਗਏ ਮਾਣ-ਤਾਣ ਲਈ ਧੰਨਵਾਦ ਕੀਤਾ। ਮੀਤ ਪ੍ਰਧਾਨ ਨਵਤੇਜ ਸੋਹੀ ਨੇ ਦੱਸਿਆ ਕਿ ਪੀ.ਸੀ.ਐਸ. 1994 ਵਿੱਚ ਹੋਂਦ ਵਿੱਚ ਆਈ ਸੀ ਅਤੇ ਪਿਛਲੇ ਤੀਹ ਸਾਲਾਂ ਤੋਂ ਭਾਈਚਾਰੇ ਵਿੱਚ ਸਰਗਰਮ ਹੈ। ਇਸ ਦੇ ਬਾਨੀ ਮੈਂਬਰਾਂ ਨੇ ਸੰਸਥਾ ਨੂੰ ਇਸ ਮੁਕਾਮ 'ਤੇ ਲਿਆਉਣ ਲਈ ਬਹੁਤ ਘਾਲਣਾ ਕੀਤੀ ਹੈ।

ਸੰਸਥਾ ਦੇ ਬੋਰਡ ਆਫ਼ ਗਵਰਨਰ ਐਮਰੀਟਸ ਸ. ਸੁਖਮੇਲ ਸਿੰਘ ਅਟਵਾਲ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਸੰਸਥਾ ਵੱਲੋਂ ਸਨਮਾਨਿਤ ਕੀਤਾ ਗਿਆ। ਸ. ਅਟਵਾਲ ਪਹਿਲੀ ਜਨਵਰੀ 2024 ਤੋਂ ਪੀ.ਸੀ.ਐਸ. ਬੋਰਡ ਆਫ਼ ਗਵਰਨਰਜ਼ ਤੋਂ ਕਰੀਬ ਤੀਹ ਸਾਲਾਂ ਦੀ ਸਵੈ-ਇੱਛੁਕ ਸੇਵਾ ਤੋਂ ਬਾਅਦ ਸੇਵਾਮੁਕਤ ਹੋ ਗਏ ਹਨ। ਉਹ ਆਪਣੇ ਪਰਿਵਾਰ ਸਮੇਤ ਪੀ.ਸੀ.ਐਸ. ਨਾਲ ਨੇੜਿਓਂ ਜੁੜੇ ਰਹੇ ਹਨ। ਉਹ 1997 ਵਿੱਚ ਅਤੇ ਫਿਰ 2017 ਵਿੱਚ ਸੰਸਥਾ ਦੇ ਪ੍ਰਧਾਨ ਵੀ ਰਹੇ ਹਨ।

ਇਸ ਮੌਕੇ ਗੁਰਦੁਆਰਾ ਪੈਲਾਟਾਈਨ ਕਾਰਸੇਵਾ ਜਥੇ ਦੇ ਮੋਢੀ ਮੈਂਬਰ ਸ. ਸਤਨਾਮ ਸਿੰਘ ਔਲਖ ਦੀ ਨਵੀਂ ਕਿਤਾਬ ਦੀ ਵਿਕਰੀ ਲਈ ਸਟਾਲ ਵੀ ਲਾਇਆ ਗਿਆ ਸੀ। ਸਮਾਗਮ ਦੌਰਾਨ ਸਟੇਜ ਤੋਂ ਇਹ ਪੁਸਤਕ ਰਸਮੀ ਤੌਰ 'ਤੇ ਜਾਰੀ ਵੀ ਕੀਤੀ ਗਈ। ਕਿਸਾਨਾਂ/ਫਸਲਾਂ/ਵਿਸਾਖੀ ਆਦਿ ਨਾਲ ਸਬੰਧ ਛਾਪੇ ਵਾਲੀਆਂ ਟੀ-ਸ਼ਟਰਾਂ ਦੀ ਵਿਕਰੀ ਵਾਲਾ ਸਟਾਲ ਵੀ ਲੱਗਿਆ ਹੋਇਆ ਸੀ। ਖਾਸ ਮਹਿਮਾਨਾਂ ਲਈ 'ਟੇਸਟ ਆਫ ਇੰਡੀਆ' ਦੇ ਮਨਜੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਦੇ ਮੈਂਬਰ ਸਵਾਦਿਸ਼ਟ ਖਾਣਾ ਪਰੋਸਣ ਵਿੱਚ ਮਸਰੂਫ ਸਨ ਅਤੇ ਉਚੇਚਾ ਮਹਿਮਾਨ-ਨਵਾਜ਼ੀ ਕਰ ਰਹੇ ਸਨ।



ਸਮਾਗਮ ਦੀ ਕਾਮਯਾਬੀ ਲਈ ਸੰਸਥਾ ਦੇ ਸਾਰੇ ਨੁਮਾਇੰਦਿਆਂ ਨੇ ਆਪਣੋ ਆਪਣੀਆਂ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਈਆਂ, ਜਿਨ੍ਹਾਂ ਵਿੱਚ ਚੇਅਰਮੈਨ ਡਾ. ਵਿਕਰਮ ਗਿੱਲ ਤੇ ਪ੍ਰਧਾਨ ਮਨਜੀਤ ਸਿੰਘ ਭੱਲਾ ਤੋਂ ਇਲਾਵਾ ਸੰਸਥਾ ਦੇ ਬੋਰਡ ਆਫ ਡਾਇਰੈਕਟਰਾਂ ਵਿੱਚ ਮੀਤ ਪ੍ਰਧਾਨ ਨਵਤੇਜ ਸਿੰਘ ਸੋਹੀ, ਕਾਰਜਕਾਰੀ ਸਕੱਤਰ ਪਰਮਜੋਤ ਸਿੰਘ ਪਰਮਾਰ, ਸਪੋਰਟਸ ਡਾਇਰੈਕਟਰ ਬਿਕਰਮ ਸੋਹੀ, ਫਾਇਨਾਂਸ ਡਾਇਰੈਕਟਰ ਗੁਰਲਾਲ ਸਿੰਘ ਭੱਠਲ, ਅਸਿਸਟੈਂਟ ਫਾਇਨਾਂਸ ਤੇ ਆਈ.ਟੀ. ਡਾਇਰੈਕਟਰ ਗੁਰਪ੍ਰੀਤ ਸਿੰਘ ਸਿੱਧੂ, ਇੰਟਰਕਮਿਊਨਿਟੀ ਡਾਇਰੈਕਟਰ ਜਿਗਰਦੀਪ ਸਿੰਘ ਢਿੱਲੋਂ, ਯੂਥ ਡਾਇਰੈਕਟਰ ਪਰਮਵੀਰ ਕੌਰ ਤੇ ਸਪੈਸ਼ਲ ਪ੍ਰੋਜੈਕਟਸ ਡਾਇਰੈਕਟਰ ਤੇਜਵੀਰ ਸਿੰਘ ਸੂਦਨ ਸ਼ਾਮਲ ਹਨ। ਬੋਰਡ ਆਫ ਐਡਵਾਈਜ਼ਰ ਪਰਵਿੰਦਰ ਸਿੰਘ ਨੰਨੂਆ, ਗੁਰਮੀਤ ਸਿੰਘ ਢਿੱਲੋਂ ਤੇ ਸੁਰਿੰਦਰ ਸਿੰਘ ਪਾਲੀਆ ਹਨ, ਜਦਕਿ ਬੋਰਡ ਆਫ ਗਵਰਨਰਜ਼ ਵਿੱਚ ਰਾਜਿੰਦਰ ਸਿੰਘ ਮਾਗੋ, ਮੋਹਿੰਦਰਜੀਤ ਸਿੰਘ ਸੈਣੀ, ਬਲਵਿੰਦਰ ਸਿੰਘ ਗਿਰਨ, ਅਮਰਜੀਤ ਕੌਰ ਅਟਵਾਲ, ਹਰਵਿੰਦਰ ਪਾਲ ਸਿੰਘ ਲੈਲ, ਜਸਬੀਰ ਸਿੰਘ ਪਾਲੀਆ, ਭਿੰਦਰ ਸਿੰਘ ਪੰਮਾ ਤੇ ਵਿੱਕ ਸਿੰਘ ਸ਼ਾਮਲ ਹਨ। ਇਸ ਤੋਂ ਇਲਾਵਾ ਸਾਬਕਾ ਪ੍ਰਧਾਨ ਭੁਪਿੰਦਰ ਸਿੰਘ ਧਾਲੀਵਾਲ ਤੇ ਸਾਬਕਾ ਚੇਅਰਮੈਨ ਨਿੱਕ ਬਲਵਿੰਦਰ ਸਿੰਘ ਵੀ ਪੂਰੇ ਮੁਸ਼ਤੈਦ ਸਨ।





## ਜੁਗ ਜੁਗ ਜੀਓ... (13)

ਡਾ. ਹਰਬੰਸ ਕੌਰ ਦਿਓਲ

# ਮੈਂ ਨਹੀਂ ਬਚਦੀ ਹੁਣ !

"ਪ੍ਰੀਤ, ਚੰਨੀ ਨੂੰ ਬੁਲਾ ਛੇਤੀ, ਮੇਰੀ ਤਬੀਤ (ਤਬੀਅਤ) ਬਾਹਲੀ ਖਰਾਬ ਐ। ਮੈਂ ਨ੍ਹੀਂ ਬਚਦੀ ਹੁਣ!"

"ਚਾਚੀ ਜੀ, ਤੁਹਾਨੂੰ ਕੁਝ ਨਹੀਂ ਜੇ ਹੋਣ ਲੱਗਾ, ਐਵੇਂ ਡਰੀ ਜਾਂਦੇ ਓ ਅਤੇ ਮੈਨੂੰ ਡਰਾਈ ਜਾਂਦੇ ਹੋ!"

"ਤੂੰ ਤਾਂ ਮੇਰੀ ਗੱਲ ਸੁਣਨੀ ਨਹੀਂ, ਤੂੰ ਚੰਨੀ ਨੂੰ ਬੁਲਾਉਂਦੀ ਏਂ ਕਿ ਨਹੀਂ?" ਚਾਚੀ ਨੇ ਔਖੇ ਹੋ ਕੇ ਆਖਿਆ।

"ਮੈਂ ਬੁਲਾਉਂਦੀ ਆਂ ਦੀਦੀ ਨੂੰ, ਹੁਣੇ ਈ ਫੋਨ ਕਰਕੇ, ਤੁਸੀਂ ਮੰਜੇ 'ਤੇ ਲੰਮੇ ਪੈ ਜਾਵੋ ਥੋੜ੍ਹੀ ਦੇਰ।"

"ਦੀਦੀ, ਤੁਸੀਂ ਅੱਜ ਇੱਧਰ ਚੱਕਰ ਮਾਰ ਜਾਣਾ, ਚਾਚੀ ਜੀ ਤੁਹਾਨੂੰ ਮਿਲਣ ਨੂੰ ਕਹਿੰਦੇ ਨੇ।" ਪ੍ਰੀਤ ਨੇ ਇੱਕ ਦਮ ਹੀ ਚੰਨੀ ਨੂੰ ਫੋਨ ਕਰ ਕੇ ਕਿਹਾ।

"ਪ੍ਰੀਤ, ਸੁੱਖ ਤਾਂ ਹੈ? ਮੈਨੂੰ ਤਾਂ ਪਤਾ ਹੀ ਨਹੀਂ ਲੱਗਿਆ ਤੁਸੀਂ ਵਿਆਹ ਤੋਂ ਵਾਪਸ ਵੀ ਆ ਗਏ। ਸਭ ਕੁਝ ਠੀਕ ਠਾਕ ਹੋ ਗਿਆ?"

"ਦੀਦੀ ਅੱਜ ਸਵੇਰੇ ਹੀ ਆਏ ਸੀ। ਸਭ ਠੀਕ ਹੈ, ਪਰ ਚੱਕਰ ਮਾਰ ਜਾਣਾ ਅੱਜ ਹੀ।"

"ਮੇਰੇ ਇੱਕ-ਦੋ ਕੰਮ ਨੇ, ਕਰ ਕੇ ਆਉਂਦੀ ਆਂ ਦੋ ਕੁ ਘੰਟੇ ਤੱਕ।"

"ਅੱਛਾ ਦੀਦੀ!"

"ਚਾਚੀ ਜੀ, ਮੈਂ ਚੰਨੀ ਨੂੰ ਫੋਨ ਕਰ ਆਈ ਆਂ, ਬਸ ਆਉਂਦੀ ਆ ਦੋ ਕੁ ਘੰਟੇ ਤੱਕ।"

"ਕਿਸੇ ਨੂੰ ਮੇਰਾ ਫਿਕਰ ਨਹੀਂ, ਮੈਂ ਜੀਵਾਂ ਜਾਂ ਮਰਾਂ, ਆਪਣੇ ਕੰਮਾਂ ਦੀ ਪਈ ਐ, ਮਰੀ 'ਤੇ ਆਈ ਤਾਂ ਕੀ ਆਈ। ਜਿਉਂਦਿਆਂ ਨੂੰ ਪੁੱਛਦੇ ਨ੍ਹੀਂ, ਮਰਿਆਂ 'ਤੇ ਫਿਰ ਰੋਂਦੇ ਨੇ ਦਿਖਾਵੇ ਲਈ।" ਚਾਚੀ ਨੂੰ ਚੰਗਾ ਨਹੀਂ ਲੱਗਿਆ, ਚੰਨੀ ਇੱਕੋ ਦਮ ਹੀ ਕਿਉਂ ਨਹੀਂ ਆਈ।

"ਨੀ ਕੁੜੀਏ ਪਾਣੀ ਦਾ ਘੁੱਟ ਤਾਂ ਦੇ ਦੇ, ਮੂੰਹ ਸੁੱਕੀ ਜਾਂਦੈ। ਹਾਏ ਰੱਬਾ! ਮੈਂ ਤਾਂ ਮਰ ਚੱਲੀ, ਹੁਣ ਨ੍ਹੀਂ ਬਚਦੀ।"

"ਚਾਚੀ ਜੀ, ਮੈਂ ਹੁਣੇ ਪਾਣੀ ਲੈ ਕੇ ਆਈ।" ਪ੍ਰੀਤ ਨੇ ਰਸੋਈ ਵਿੱਚੋਂ ਆਵਾਜ਼ ਮਾਰ ਕੇ ਕਿਹਾ।

"ਚਾਚੀ ਜੀ, ਕੀ ਹੋ ਗਿਆ?" ਚੰਨੀ ਨੇ ਅੰਦਰ ਵੜਦਿਆਂ ਕਿਹਾ।

"ਦੀਦੀ, ਤੁਸੀਂ ਤਾਂ ਕਿਹਾ ਸੀ, ਦੋ ਕੁ ਘੰਟੇ ਬਾਅਦ ਆਵਾਂਗੀ, ਤੁਸੀਂ ਤਾਂ ਜਲਦੀ ਹੀ ਆ ਗਏ।"

"ਪ੍ਰੀਤ, ਮੈਨੂੰ ਤਾਂ ਬਹੁਤ ਫਿਕਰ ਹੋ ਗਿਆ ਸੀ ਜਦੋਂ ਤੂੰ ਜ਼ਰੂਰੀ ਅੱਜ ਹੀ ਆਉਣ ਲਈ ਕਿਹਾ। ਮੈਂ ਕੰਮ ਵਿਚਾਲੇ ਹੀ ਛੱਡ ਕੇ ਆ ਗਈ।"

"ਨੀ ਧੀਏ, ਆਹ ਤਾਂ ਬਹੁਤ ਹੀ ਚੰਗਾ ਕੀਤਾ, ਵਾਗਰੂ (ਵਾਹਿਗੁਰੂ) ਤੇਰਾ ਭਲਾ ਕਰੇ। ਮੈਂ ਤਾਂ ਮਰਨ ਲੱਗੀ ਆਂ, ਸੋਚਿਆ ਜਾਣ ਤੋਂ ਪਹਿਲਾਂ ਤੈਨੂੰ ਮਿਲ ਲਵਾਂ।"

"ਕੀ ਹੋਇਆ ਏ ਤੁਹਾਨੂੰ? ਐਵੇਂ ਮਰਨ ਮਰਨ ਲਾਈ ਹੋਈ ਏ।"

"ਲੈ ਦੇਖ ਤਾਂ ਸਹੀ, ਮੇਰੇ ਪੈਰ ਸੁੱਜ ਕੇ ਡਬਲ ਰੋਟੀ ਵਰਗੇ ਹੋਏ ਪਏ ਨੇ, ਲੱਤਾਂ ਤੇ ਗੋਡਿਆਂ ਤੱਕ ਸੋਜ ਚੜ੍ਹੀ ਪਈ ਏ। ਮੇਰੀ ਮਾਂ ਦੇ ਮਰਨ ਤੋਂ ਪਹਿਲਾਂ ਇਸ ਤਰ੍ਹਾਂ ਦੀ ਸੋਜ ਆਈ ਸੀ। ਮੈਂ ਤਾਂ ਕੁਝ ਘੰਟਿਆਂ ਦੀ ਈ ਪ੍ਰਾਹੁਣੀ ਆਂ ਹੁਣ।"

"ਦੇਖਾਂ ਤਾਂ ਸਹੀ ਕੀ ਹੋਇਐ?" ਚੰਨੀ ਨੇ ਉਠ ਕੇ ਚਾਚੀ ਵੱਲ ਜਾਂਦਿਆਂ ਕਿਹਾ।

ਚੰਨੀ ਨੇ ਚੈੱਕ ਕਰ ਕੇ ਦੇਖਿਆ, ਸਭ ਕੁਝ- ਦਿਲ, ਫੇਫੜੇ, ਪੇਟ, ਨਬਜ਼ ਵਗੈਰਾ ਠੀਕ ਸਨ। ਲੱਤਾਂ ਅਤੇ ਪੈਰਾਂ 'ਤੇ ਸੋਜਸ਼ ਤੋਂ ਬਿਨਾ ਕੋਈ ਹੋਰ ਨੁਕਸ ਨਹੀਂ ਸੀ ਦਿਖਾਈ ਦਿੰਦਾ। ਖੂਨ ਦੀ ਗੰਢ ਦੀ ਵੀ ਕੋਈ ਨਿਸ਼ਾਨੀ ਨਜ਼ਰ ਨਹੀਂ ਆਈ। ਚਾਚੀ ਨੂੰ ਹੌਸਲਾ ਦਿੰਦਿਆਂ ਕਿਹਾ, "ਕੋਈ ਡਰਨ ਵਾਲੀ ਗੱਲ ਨਹੀਂ। ਮਰਨ ਲਈ ਤਾਂ ਤੁਹਾਨੂੰ ਹੋਰ ਇੰਤਜ਼ਾਰ ਕਰਨਾ ਪੈਣਾ। ਇਹ ਤਾਂ ਲੱਤਾਂ, ਪੈਰਾਂ ਵਿੱਚ ਜ਼ਿਆਦਾ ਪਾਣੀ ਜਮ੍ਹਾਂ ਹੋਣ ਕਰ ਕੇ ਸਿਰਫ ਸੋਜਸ਼ ਹੀ ਹੈ। ਜਿਹੜੀ ਲੰਮੀ ਯਾਤਰਾ (ਚਾਰ ਘੰਟਿਆਂ ਤੋਂ ਜ਼ਿਆਦਾ) ਕਰਨ ਤੋਂ ਬਾਅਦ ਅਕਸਰ ਹੋ ਜਾਂਦੀ ਏ।"

"ਦੀਦੀ, ਸ਼ੁਕਰ ਹੈ ਤੁਹਾਡਾ, ਮੇਰੀ ਜਾਨ ਵਿੱਚ ਜਾਨ ਪਈ ਏ। ਮੈਂ ਤਾਂ ਬਹੁਤ ਹੀ ਘਬਰਾਅ ਗਈ ਸੀ। ਇਹ ਸੋਜ ਕਿਉਂ ਹੁੰਦੀ ਏ? ਥੋੜ੍ਹਾ ਜਿਹਾ ਚੰਗੀ ਤਰ੍ਹਾਂ ਦੱਸੋ।"

"ਪ੍ਰੀਤ, ਲੰਮੀ ਯਾਤਰਾ ਵੇਲੇ ਭਾਵੇਂ ਜਹਾਜ਼, ਬੱਸ, ਕਾਰ ਜਾਂ ਗੱਡੀ ਵਿੱਚ ਕਰੋ, ਲੰਮੇ ਸਮੇਂ ਲਈ ਇੱਕ ਥਾਂ 'ਤੇ ਬੈਠਣ ਨਾਲ ਖੂਨ ਦਾ ਦੌਰਾ ਧੀਮਾ ਹੋ ਜਾਂਦੈ ਅਤੇ ਗੁਰੂਤਾ ਬਲ ਕਰ ਕੇ ਖੂਨ ਦੀਆਂ ਨਾੜੀਆਂ ਵਿੱਚ ਪਰੈਸ਼ਰ ਵਧਣ ਕਾਰਨ ਲਿਕੁਇਡ ਪੈਰ ਅਤੇ ਲੱਤਾਂ ਦੇ ਟਿਸ਼ੂ ਵਿੱਚ ਜਮ੍ਹਾਂ ਹੋ ਜਾਂਦੈ। ਇਹ ਜ਼ਿਆਦਾ ਪਾਣੀ ਹੀ ਹੁੰਦੈ। ਇਸ ਦੇ ਹੋਰ ਕਾਰਨ ਵੀ ਹਨ,

1. ਯਾਤਰਾ ਕਰਨ ਵੇਲੇ ਘੱਟ ਪਾਣੀ ਪੀਣਾ

2. ਨਮਕੀਨ ਸਨੈਕ ਜਾਂ ਜ਼ਿਆਦਾ ਨਮਕ ਵਾਲੀ ਖੁਰਾਕ ਖਾਣੀ

3. ਸਰੀਰ ਦੀਆਂ ਬਿਮਾਰੀਆਂ, ਜਿਵੇਂ- ਦਿਲ ਦੀ ਬਿਮਾਰੀ, ਜਿਗਰ ਦੀ, ਗੁਰਦਿਆਂ ਦੀ ਅਤੇ ਸ਼ੂਗਰ ਦੀ ਬਿਮਾਰੀ। ਚਾਚੀ ਜੀ ਨੂੰ ਅਜਿਹੀ ਕੋਈ ਤਕਲੀਫ ਨਹੀਂ।

4. ਇਹ ਬਜ਼ੁਰਗਾਂ ਵਿੱਚ ਵੀ ਜ਼ਿਆਦਾ ਹੁੰਦੀ ਏ, ਕਿਉਂਕਿ ਉਨ੍ਹਾਂ ਨੂੰ ਖੂਨ ਦੀਆਂ ਨਾੜੀਆਂ ਦੀ ਵੀ ਤਕਲੀਫ (venous insufficiency ਦੀ ਮਾਤਰਾ ਜ਼ਿਆਦਾ) ਹੁੰਦੀ ਏ।

5. ਜੇ ਤੁਸੀਂ ਜਹਾਜ਼ ਵਿੱਚ ਜਾ ਰਹੇ ਹੋ, ਕੈਬਿਨ ਵਿੱਚ ਪਰੈਸ਼ਰ ਘੱਟ ਹੋਣ ਕਰਕੇ ਖੂਨ ਥੋੜ੍ਹਾ ਗਾਹੜਾ ਹੋ ਜਾਂਦੈ ਅਤੇ ਉਹਦਾ ਦੌਰਾ ਮੱਧਮ ਹੋ ਜਾਂਦੈ, ਜਿਸ ਕਰਕੇ ਵੀ ਸੋਜ ਪੈਰਾਂ ਅਤੇ ਲੱਤਾਂ 'ਤੇ ਹੋ ਜਾਂਦੀ ਹੈ।"

"ਦੀਦੀ, ਜੇ ਇਹ ਤਕਲੀਫ ਹੋਵੇ, ਕੀ ਡਾਕਟਰ ਕੋਲ ਜਾਣ ਦੀ ਜ਼ਰੂਰਤ ਹੈ?"

1. "ਜੇ ਸੋਜ ਦੇ ਨਾਲ ਦਰਦ ਵੀ ਹੋਵੇ, ਖਾਸ ਕਰਕੇ ਗੋਡੇ ਦੇ ਪਿੱਛੇ, ਲੱਤਾਂ ਦੀਆਂ ਪਿੰਜਣੀਆਂ (calf area) ਜਾਂ ਪੈਰ ਵਿੱਚ।

2. ਜੇ ਸੋਜਸ਼ ਦੇ ਨਾਲ ਲਾਲੀ ਵੀ ਹੋਵੇ ਅਤੇ ਹਿੱਸਾ ਗਰਮ ਲੱਗੇ।

3. ਹੱਥ ਲਾਉਣ 'ਤੇ ਵੀ ਦਰਦ ਹੋਵੇ।

4. ਸੋਜ ਇੱਕ ਪਾਸੇ ਹੋਵੇ ਜਾਂ ਇੱਕ ਪਾਸੇ ਬਹੁਤ ਹੀ ਜ਼ਿਆਦਾ ਹੋਵੇ।

5. ਜੇ ਸੋਜ ਕੁਝ ਘੰਟਿਆਂ ਬਾਅਦ ਘਟਦੀ ਨਜ਼ਰ ਨਾ ਆਵੇ।"

"ਦੀਦੀ, ਇਸ ਦ ਕੀ ਕਾਰਨ ਹੋ ਸਕਦੇ?"



"ਕਿਉਂਕਿ ਇਹ ਨਿਸ਼ਾਨੀਆਂ ਹਨ DVT ਹੋਣ ਦੀਆਂ; DVT (deep vein thrombosis) ਕਰਕੇ ਆਪਣੀਆਂ ਲੱਤਾਂ ਜਾਂ ਪੈਰਾਂ ਦੀਆਂ ਨਾੜੀਆਂ ਵਿੱਚ ਖੂਨ ਦੀ ਜਮ ਕੇ ਗੰਢ ਬਣ ਜਾਂਦੀ ਹੈ। ਇਹ ਆਪਣੀ ਜ਼ਿੰਦਗੀ ਲਈ ਬਹੁਤ ਖਤਰਨਾਕ ਹੋ ਸਕਦੀ ਏ, ਕਿਉਂਕਿ ਉਹ ਖੂਨ ਦੀ ਗੰਢ (clot) ਟੁੱਟ ਕੇ ਆਪਣੇ ਫੇਫੜਿਆਂ ਵਿੱਚ ਜਾ ਕੇ ਐਮਬੋਲਿਜਮ (embolism), ਦਿਲ ਜਾਂ ਦਿਮਾਗ ਵਿੱਚ ਜਾ ਕੇ ਦਿਲ ਦਾ ਦੌਰਾ ਜਾਂ ਸਟਰੋਕ ਕਰ ਸਕਦੀ ਹੈ। ਫਟਾਫਟ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਏ। ਇਸ ਦਾ ਖਤਰਾ ਕਈ ਗੱਲਾਂ ਕਰਕੇ ਕੁਝ ਲੋਕਾਂ ਵਿੱਚ ਜ਼ਿਆਦਾ ਹੁੰਦੈ ਅਤੇ ਉਨ੍ਹਾਂ ਨੂੰ ਲੰਮੀ ਯਾਤਰਾ ਕਰਨ ਤੋਂ ਪਹਿਲਾਂ ਅਤੇ ਯਾਤਰਾ ਦੌਰਾਨ ਕੁਝ ਬਹੁਤ ਜ਼ਰੂਰੀ ਗੱਲਾਂ ਵੱਲ ਧਿਆਨ ਦੇਣਾ ਚਾਹੀਦੈ, ਜਿਸ ਨਾਲ ਤਕਰੀਬਨ 100% ਤੱਕ ਬਚਾਓ ਹੋ ਸਕਦੈ blood clot ਤੋਂ।

ਇਕੱਲੀ ਸੋਜਸ਼ ਬੇਅਰਾਮੀ ਤਾਂ ਕਰਦੀ ਹੈ, ਪਰ ਖਤਰਨਾਕ ਨਹੀਂ ਅਤੇ ਉਹ ਬਹੁਤ ਹੀ ਆਮ (common) ਹੈ। ਜੇ ਤੁਸੀਂ ਲੰਮੀ ਯਾਤਰਾ ਕਰੋ, ਖਾਸ ਕਰ ਕੇ 6-7 ਘੰਟਿਆਂ ਤੋਂ ਜ਼ਿਆਦਾ ਤਾਂ ਇਹ ਤਕਰੀਬਨ ਸਭ ਨੂੰ ਹੀ ਥੋੜ੍ਹੀ ਬਹੁਤ ਹੋ ਹੀ ਜਾਂਦੀ ਏ।"

"ਦੀਦੀ, ਉਹ ਕਾਰਨ ਦੱਸੋ ਜਿਨ੍ਹਾਂ ਕਰਕੇ ਖੂਨ ਦੀਆਂ ਨਾੜੀਆਂ ਵਿੱਚ ਖੂਨ ਦੀ ਗੰਢ (DVT) ਦਾ ਖਤਰਾ ਵਧਦਾ ਹੈ, ਲੰਮੀ ਯਾਤਰਾ ਕਰਨ ਵੇਲੇ।"

"ਪ੍ਰੀਤ, ਉਹ ਹਨ:

1. ਤੁਹਾਨੂੰ ਜਾਂ ਘਰ ਵਿੱਚ ਕਿਸੇ ਹੋਰ ਨੂੰ ਇਹ ਤਕਲੀਫ (DVT ਦੀ) ਹੋ ਚੁਕੀ ਹੋਵੇ।

2. ਜਾਂ ਤੁਹਾਡੇ ਖੂਨ ਦੀ ਬਣਤਰ ਵਿੱਚ ਜਮਾਂਦਰੂ ਨੁਕਸ (generic defect) ਹੋਵੇ।

3. ਤੁਸੀਂ ਹਾਰਮੋਨਜ਼ ਜਾਂ ਬਰਥ ਕੰਟਰੋਲ ਦੀਆਂ ਗੋਲੀਆਂ ਲੈ ਰਹੇ ਹੋ।

4. ਗਰਭ ਅਵਸਥਾ ਜਾਂ ਇਸ ਤੋਂ ਬਾਅਦ 6 ਹਫਤਿਆਂ ਲਈ ਤੁਹਾਨੂੰ DVT ਦਾ ਜ਼ਿਆਦਾ ਖਤਰਾ ਹੈ।

5. ਬਜ਼ੁਰਗਾਂ ਨੂੰ 50 ਸਾਲ ਦੀ ਉਮਰ ਤੋਂ ਬਾਅਦ ਇਹ ਤਕਲੀਫ ਹੋਣ ਦਾ ਜ਼ਿਆਦਾ ਡਰ ਹੁੰਦੈ।"

"ਦੀਦੀ, ਅੱਜ ਕੱਲ੍ਹ ਗਰਮੀ ਦਾ ਮੌਸਮ ਆ ਰਿਹੈ ਅਤੇ ਬਹੁਤ ਟੱਬਰ ਛੁੱਟੀਆਂ ਲਈ ਯਾਤਰਾ ਕਰਨਗੇ। ਇਸ ਦਾ ਖਿਆਲ ਰੱਖਣਾ ਕਿੰਨਾ ਜ਼ਰੂਰੀ ਹੈ। ਆਪਾਂ ਕਈ ਵਾਰੀ ਅਣਗਹਿਲੀ ਕਰ ਦਿੰਦੇ ਹਾਂ। ਕਿੰਨਾ ਚੰਗਾ ਤੁਸੀਂ ਇਹ ਜਾਣਕਾਰੀ ਦੇ ਰਹੇ ਹੋ। ਕੀ ਹੋਰ ਵੀ ਕਾਰਨ ਹਨ, ਜਿਨ੍ਹਾਂ ਕਰਕੇ DVT ਦਾ ਖਤਰਾ ਵਧ ਜਾਂਦੈ?"

"ਹਾਂ, ਇੱਕ-ਦੋ ਹੋਰ ਕਾਰਨ ਹਨ, ਜਿਵੇਂ- ਮੋਟਾਪਾ, ਕੈਂਸਰ, ਦਿਲ ਦੀ ਬਿਮਾਰੀ ਅਤੇ ਓਪਰੇਸ਼ਨ ਤੋਂ ਬਾਅਦ। ਸੱਠ ਹਜ਼ਾਰ ਤੋਂ ਇੱਕ ਲੱਖ ਲੋਕ ਮਰਦੇ ਨੇ ਹਰ ਸਾਲ DVT ਹੋਣ ਕਰਕੇ।"

"ਦੀਦੀ, ਮੈਨੂੰ ਬਹੁਤ ਮਹਿਸੂਸ ਹੋ ਰਿਹੈ, ਮੈਂ ਤੁਹਾਡੇ ਨਾਲ ਜਾਣ ਤੋਂ ਪਹਿਲਾਂ ਕਿਉਂ ਗੱਲ ਨਹੀਂ ਕੀਤੀ, ਹੁਣ ਅੱਗੇ ਲਈ ਪਤਾ ਲੱਗ ਗਿਆ ਏ। ਹੁਣ ਦੱਸੋ ਆਪਾਂ ਇਸ ਤੋਂ ਬਚਾਓ ਕਰਨ ਲਈ ਕਿਵੇਂ ਸਾਵਧਾਨ ਹੋ ਸਕਦੇ ਹਾਂ?"

1. "ਪ੍ਰੀਤ, ਜਾਣ ਤੋਂ ਇੱਕ-ਦੋ ਹਫਤੇ ਪਹਿਲਾਂ ਹੀ ਇਸ ਦੀ ਤਿਆਰੀ ਕਰਨ ਲਈ ਸੋਚੋ, ਖਾਸ ਕਰ ਜੇ ਕਿਸੇ ਦਾ ਉਪਰ ਦੱਸੇ ਕਾਰਨਾਂ ਕਰਕੇ ਖੂਨ ਦੀ ਗੰਢ ਹੋਣ ਦਾ ਰਿਸਕ ਜ਼ਿਆਦਾ ਹੋਵੇ। ਡਾਕਟਰ ਨਾਲ ਸੰਪਰਕ ਕਰਕੇ ਦੇਖੋ, ਜੇ ਤੁਹਾਨੂੰ LMH (low molecular heparin) ਦੇ ਟੀਕੇ ਦੀ ਜ਼ਰੂਰ ਹੈ, ਜੋ ਯਾਤਰਾ ਕਰਨ ਤੋਂ ਪਹਿਲਾਂ ਹੀ ਲੈਣਾ ਪੈਂਦਾ ਏ। ਸਾਇੰਸਦਾਨਾਂ ਦਾ ਕਹਿਣਾ ਹੈ ਕਿ ਐਸਪਰੀਨ (aspirin) ਲੈਣ ਦਾ ਬਹੁਤਾ ਫਾਇਦਾ ਨਹੀਂ ਹੁੰਦਾ।

2. ਖਾਸ ਤਰ੍ਹਾਂ ਦੀਆਂ ਜੁਰਾਬਾਂ (compression stockings 15-20 mm Hg ਵਾਲੀਆਂ) ਦਾ ਇਸਤੇਮਾਲ ਕਰਨਾ ਯਾਤਰਾ ਵੇਲੇ ਬਹੁਤ ਮਦਦਗਾਰ ਹੋ ਸਕਦਾ ਏ। ਜੇ ਤੁਹਾਡਾ DVT ਦਾ ਰਿਸਕ ਜ਼ਿਆਦਾ ਹੈ, ਆਮ ਤੌਰ 'ਤੇ ਇੰਸ਼ੋਰੈਂਸ ਜੁਰਾਬਾਂ ਦਾ ਖਰਚਾ ਦੇ ਦਿੰਦੀਆਂ ਹਨ, ਪਰ ਤੁਹਾਨੂੰ ਆਪਣੇ ਡਾਕਟਰ ਤੋਂ ਪਰਿਸਕਰਿਪਸ਼ਨ (prescription) ਲੈਣੀ ਪਏਗੀ।

3. ਜ਼ਿਆਦਾ ਲੈਗ ਰੂਮ (leg room) ਵਾਲੀ ਸੀਟ ਲਵੋ ਅਤੇ ਆਪਣਾ ਬੈਗ ਓਵਰ ਹੈਡ ਵਾਲੀ ਥਾਂ 'ਤੇ ਰੱਖੋ ਤਾਂ ਕੇ ਤੁਹਾਡੇ ਪੈਰਾਂ ਅਤੇ ਲੱਤਾਂ ਲਈ ਖੁੱਲ੍ਹੀ ਥਾਂ ਰਹੇ।

4. ਅਰਾਮਦਾਇਕ ਕੱਪੜੇ ਅਤੇ ਅਰਾਮਦਾਇਕ ਜੁੱਤੀ/ਬੂਟ ਪਾਉਣੇ ਚਾਹੀਦੇ ਹਨ।

5. ਜਦੋਂ ਤੁਸੀਂ ਟਰੈਵਲ ਕਰ ਰਹੇ ਹੋ ਤਾਂ ਬੈਠਿਆਂ ਹੋਇਆਂ ਧਿਆਨ ਰੱਖਣਾ ਕਿ ਤੁਹਾਡੇ ਪੈਰ ਵਾਹਨ ਦੇ ਫਰਸ਼ 'ਤੇ ਅਰਾਮ ਕਰ ਰਹੇ ਹੋਣ, ਨਹੀਂ ਤਾਂ ਗੋਡੇ ਦੇ ਪਿਛਲੇ ਪਾਸੇ ਜਿੱਥੇ ਖੂਨ ਦੀਆਂ ਨਾੜੀਆਂ ਹਨ, ਉਪਰ ਭਾਰ ਕਰਕੇ ਖੂਨ ਦੀ ਗੰਢ ਬਣ ਸਕਦੀ ਹੈ। ਪੈਰਾਂ ਨੂੰ ਰੈਸਟ ਕਰਨ ਲਈ ਕੁਝ ਪੈਰਾਂ ਥੱਲੇ ਰੱਖ ਲਵੋ, ਜੇ ਤੁਹਾਡੀਆਂ ਲੱਤਾਂ ਛੋਟੀਆਂ ਹਨ।

6. ਲੱਤਾਂ ਨੂੰ ਕਰੌਸ ਕਰਕੇ ਜਾਂ ਮੋੜ ਕੇ ਨਾ ਬੈਠੋ, ਨਹੀਂ ਤਾਂ ਖੂਨ ਦੇ ਦੌਰੇ ਵਿੱਚ ਰੁਕਾਵਟ ਹੋਣ ਕਰਕੇ ਖੂਨ ਦੀ ਗੰਢ ਅਤੇ ਸੋਜਸ਼ ਦਾ ਖਤਰਾ ਹੋ ਜਾਂਦੈ।

7. ਸੋਜ ਘਟਾਉਣ ਅਤੇ DVT ਦਾ ਖਤਰਾ ਘਟਾਉਣ ਲਈ ਪੈਰ ਅਤੇ ਲੱਤਾਂ ਦੀਆਂ ਕਸਰਤਾਂ ਹਨ, ਉਨ੍ਹਾਂ ਵਿੱਚੋਂ ਜੋ ਪਸੰਦ ਹੋਵੇ ਕਰੋ, ਬਹੁਤ ਹੀ ਲਾਭਦਾਇਕ ਹਨ।

-ਜੇ ਹੋ ਸਕੇ ਤਾਂ 2-3 ਘੰਟਿਆਂ ਬਾਅਦ ਸੀਟ ਵਿੱਚੋਂ ਉਠ ਕੇ ਕੁਝ ਮਿੰਟਾਂ ਲਈ ਤੁਰ-ਫਿਰ ਲਵੋ।

-ਥੋੜ੍ਹੀ ਦੇਰ ਬਾਅਦ ਆਪਣੀਆਂ ਲੱਤਾਂ, ਪੈਰ ਅਤੇ ਪੈਰਾਂ ਦੀਆਂ ਉਂਗਲੀਆਂ ਨੂੰ ਸਿੱਧੇ ਕਰੋ।

-ਕੁਝ ਦੇਰ ਬਾਅਦ ਪੈਰਾਂ ਨਾਲ ABC (capital) draw ਕਰੋ।

-10 ਸਕਿੰਟ ਰੂਲ ਯਾਦ ਰੱਖੋ ਅਤੇ ਇਸ ਦੀ ਪ੍ਰੈਕਟਿਸ ਕਰੋ। ਇਸ ਨੂੰ ਟੋ (toe) ਅਤੇ ਅੱਡੀ ਲਿਫਟ ਵੀ ਕਹਿੰਦੇ ਹਨ। ਤੁਸੀਂ 10 ਸਕਿੰਟ ਲਈ ਅੱਡੀ ਉਚੀ ਚੁੱਕੋ, ਪੈਰ ਨੂੰ ਪੱਬਾਂ ਦੇ ਭਾਰ ਦੇ ਕੇ ਫਿਰ ਉਸ ਤਰ੍ਹਾਂ ਪੈਰਾਂ ਦੀਆਂ ਉਂਗਲੀਆਂ ਨਾਲ ਕਰੋ ਅਤੇ 4-5 ਵਾਰੀ ਦੁਹਰਾਅ ਲਵੋ।

-ਅੱਗੇ ਵਾਲੇ ਪੈਰ ਦੇ ਹਿੱਸੇ ਨੂੰ ਗੋਲ ਦਾਇਰੇ ਵਿੱਚ ਪੈਰ ਦੀ ਅੱਡੀ ਥੱਲੇ ਰੱਖ ਕੇ ਦੋਨੋਂ ਪਾਸੇ ਨੂੰ ਘੁਮਾਓ (ਘੜੀ ਦੀਆਂ ਸੂਈਆਂ ਵਾਂਗ ਸਿੱਧਿਆਂ ਅਤੇ ਪੁੱਠਿਆਂ), ਇਸ ਨੂੰ foot pumps ਵੀ ਕਹਿੰਦੇ ਨੇ।

ਜੇ ਹਵਾਈ ਅੱਡੇ 'ਤੇ ਰੈਸਟ ਰੂਮ ਜਾਣ ਵਾਲੀ ਕਤਾਰ ਵਿੱਚ ਇੰਤਜ਼ਾਰ ਕਰ ਰਹੇ ਹੋ, ਅੱਡੀ ਲਿਫਟ ਅਤੇ ਆਪਣੇ ਪੈਰਾਂ ਦੀਆਂ ਉਂਗਲੀਆਂ 'ਤੇ ਖੜ੍ਹੇ ਹੋ ਕੇ ਦਸ ਸਕਿੰਟ ਲਈ ਵੀਹ ਵਾਰ ਕਰੋ ਜਾਂ ਇੱਕ ਪੈਰ 'ਤੇ ਖੜ੍ਹੇ ਹੋ ਕੇ ਦੂਜੇ ਗੋਡੇ ਨੂੰ ਮੋੜ ਕੇ ਆਪਣੀ ਛਾਤੀ ਵੱਲ ਲਿਜਾਣ ਦੀ ਕੋਸ਼ਿਸ਼ ਕਰੋ ਅਤੇ ਦਸ ਸਕਿੰਟ ਲਈ ਲੱਤ ਉਵੇਂ ਹੀ ਰੱਖੋ।

-ਜਦੋਂ ਵੀ ਯਾਦ ਆਵੇ ਜਾਂ ਘੰਟੇ ਘੰਟੇ ਬਾਅਦ 4-5 ਵਾਰੀ ਲੰਮੇ ਸਾਹ ਲਵੋ, ਪੇਟ ਵਿੱਚ ਦੀ (belly breathing)

-ਯਾਤਰਾ ਤੋਂ ਪਹਿਲਾਂ ਅਤੇ ਯਾਤਰਾ ਦੌਰਾਨ ਪਾਣੀ ਜ਼ਿਆਦਾ ਪੀਣਾ ਚਾਹੀਦਾ ਹੈ।

-ਨਮਕੀਨ ਸਨੈਕ ਅਤੇ ਖੁਰਾਕ ਘੱਟ ਹੀ ਰੱਖੋ। ਮਤਲਬ ਜ਼ਿਆਦਾ ਨਮਕ ਦਾ ਇਸਤੇਮਾਲ ਨਾ ਕਰੋ।"

"ਦੀਦੀ, ਇਸ ਵਾਰੀ ਤਾਂ ਆਪਾਂ ਲੇਟ ਹੋ ਗਏ, ਚਾਚੀ ਦੀਆਂ ਲੱਤਾਂ ਅਤੇ ਪੈਰਾਂ 'ਤੇ ਤਾਂ ਸੋਜ ਹੋ ਈ ਗਈ, ਅਗਲੀ ਵਾਰੀ ਇਹ ਗੱਲਾਂ ਵੱਲ ਪੂਰਾ ਧਿਆਨ ਦੇਵਾਂਗੇ। ਹੁਣ ਤਾਂ ਜਿਹੜੀ ਤਕਲੀਫ ਹੋ ਚੁੱਕੀ ਹੈ, ਉਸ ਦਾ ਕੀ ਇਲਾਜ ਕਰੀਏ?"

"ਪ੍ਰੀਤ, ਇਸ ਦਾ ਇਲਾਜ ਤਾਂ ਸੌਖਾ ਈ ਹੈ। ਚਾਚੀ ਜੀ ਨੂੰ ਕੋਈ ਬਿਮਾਰੀ ਤਾਂ ਹੈ ਨਹੀਂ, ਇਕੱਲੀ ਸੋਜ ਹੀ ਹੈ ਪੈਰਾਂ ਅਤੇ ਲੱਤਾਂ 'ਤੇ; ਪੀਣ ਨੂੰ ਪਾਣੀ ਦਾ ਇੱਕ ਗਿਲਾਸ ਹੋਰ ਦੇ ਦੇ।

ਮੈਂ ਬਾਥ ਟੱਬ ਵਿੱਚ ਕੋਸਾ ਪਾਣੀ ਪਾ ਕੇ ਵਿੱਚ ਐਪਸਮ (epsom) ਸਾਲਟ ਪਾ ਕੇ ਬਿਠਾ ਦਿੰਦੀ ਆਂ ਅੱਧੇ ਘੰਟੇ ਲਈ। ਉਤਨੀ ਦੇਰ ਵਿੱਚ ਉਨ੍ਹਾਂ ਦੀ ਮਨਪਸੰਦ ਚਾਹ ਅਤੇ ਸਨੈਕ ਬਣਾ ਲੈ (ਯਾਦ ਰੱਖੀਂ ਨਮਕੀਨ ਨਹੀਂ), ਖੁਆ ਕੇ ਸੈਰ ਲਈ ਲੈ ਜਾਂਦੇ ਆਂ। ਬਸ ਹੋਰ ਕਰਨ ਦੀ ਜ਼ਰੂਰਤ ਨਹੀਂ ਪੈਣੀ। ਜੇ ਜ਼ਰੂਰਤ ਪਈ ਤਾਂ ਲੱਤਾਂ ਅਤੇ ਪੈਰਾਂ ਦੀ ਥੋੜ੍ਹੀ ਦੇਰ ਮਾਲਿਸ਼ ਕਰ ਦਿਆਂਗੇ। ਦੇਖੀਂ ਚਾਚੀ ਜੀ ਨੇ ਖੁਸ਼ ਹੋ ਜਾਣੈ। ਰਾਤ ਨੂੰ ਸੌਣ ਵੇਲੇ ਪੈਰਾਂ ਦੇ ਥੱਲੇ ਸਿਰਹਾਣਾ ਰੱਖ ਦੇਣਾ।"

"ਦੀਦੀ ਇਹ ਤਾਂ ਮਸਲਾ ਹੋ ਗਿਆ ਹੱਲ! ਮੇਰਾ ਕੀ ਬਣੂੰ? ਮੈਨੂੰ ਸੋਜ ਦੀ ਤਾਂ ਜ਼ਿਆਦਾ ਤਕਲੀਫ ਨਹੀਂ, ਪਰ ਮੈਂ ਦਿਨ ਨੂੰ ਅੱਖਾਂ ਖੁੱਲ੍ਹੀਆਂ ਨਹੀਂ ਰੱਖ ਸਕਦੀ। ਬਸ ਨੀਂਦ ਆਈ ਜਾਂਦੀ ਆ, ਰਾਤ ਨੂੰ ਨੀਂਦ ਆਉਣੀ ਨਹੀਂ।"

"ਪ੍ਰੀਤ, ਤੇਰਾ ਇਲਾਜ ਵੀ ਸੌਖਾ ਏ। ਦਿਨ ਨੂੰ ਸੌਂ ਲਿਆ ਅਤੇ ਰਾਤ ਨੂੰ ਕੰਮ ਕਰ ਲਿਆ।"

"ਦੀਦੀ, ਮੇਰੀ ਗੱਲ ਕਦੇ ਤਾਂ ਗੰਭੀਰਤਾ ਨਾਲ ਸੁਣ ਲਿਆ ਕਰੋ।"

"ਪ੍ਰੀਤ, ਇਸ ਨੂੰ ਯਾਤਰਾ ਥਕਾਨ (jet lag) ਕਹਿੰਦੇ ਹਨ। ਜਦੋਂ ਤੁਸੀਂ ਦੋ ਜਾਂ ਜ਼ਿਆਦਾ ਵਕਤ-ਜ਼ੋਨ (time zones) ਨੂੰ ਲੰਘ ਕੇ ਯਾਤਰਾ ਕਰਦੇ ਹੋ ਤਾਂ ਅੰਦਰਲਾ ਕਲਾਕ ਬਾਹਰਲੇ ਕਲਾਕ ਨਾਲ ਮੇਲ ਨਹੀਂ ਕਰਦਾ। ਇੱਕ ਘੰਟੇ ਦੀ ਤਬਦੀਲੀ ਲਈ ਇੱਕ ਦਿਨ ਚਾਹੀਦਾ ਏ। ਜੇ ਪੱਛਮ ਵੱਲ ਜਾਈਏ ਤਾਂ ਵਿਵਸਥਿਤ (adjustment) ਸੌਖੀ ਹੁੰਦੀ ਏ ਪੂਰਬ ਵੱਲ ਜਾਣ ਨਾਲੋਂ। ਆਪਾਂ ਨੂੰ ਯਾਤਰਾ ਕਰਨ ਤੋਂ ਕੁਝ ਦਿਨ ਪਹਿਲਾਂ ਆਪਣੇ ਸੌਣ ਦੇ ਨਿਤਨੇਮ ਵਿੱਚ ਤਬਦੀਲੀ ਕਰਨੀ ਸ਼ੁਰੂ ਕਰਨੀ ਚਾਹੀਦੀ ਹੈ। ਜੇ ਪੱਛਮ ਵੱਲ ਜਾਣਾ ਹੈ ਤਾਂ 1 ਤੋਂ 2 ਘੰਟੇ ਲੇਟ ਸੌਣਾ ਸ਼ੁਰੂ ਕਰੋ, ਪਰ ਜੇ ਪੂਰਬ ਵੱਲ ਜਾਣੈ ਤਾਂ 1 ਤੋਂ 2 ਘੰਟੇ ਪਹਿਲਾਂ। ਅਸਲ ਵਿੱਚ ਆਪਣੇ ਸਰੀਰ ਦੇ ਸੈੱਲਾਂ ਦਾ ਆਪਣਾ ਆਪਣਾ ਵੱਖਰਾ ਕਲਾਕ ਹੁੰਦਾ ਏ ਅਤੇ ਇਹ ਬਾਹਰਲੇ ਸਿਗਨਲ ਨੂੰ ਰੈਸਪੌਂਡ (respond) ਕਰਦੇ ਹਨ।

ਜਦੋਂ ਆਪਾਂ ਮੰਜ਼ਲ 'ਤੇ ਪਹੁੰਚ ਜਾਈਏ ਤਾਂ ਉਥੋਂ ਦੇ ਵਕਤ ਦੀ ਅਨੁਸੂਚੀ ਨਾਲ ਚੱਲਣਾ ਚਾਹੀਦਾ ਏ। ਵਕਤ ਦੇ ਬਦਲਣ ਦੇ ਆਪਣੇ ਸਰੀਰ ਅਤੇ ਦਿਮਾਗ 'ਤੇ ਕੁਝ ਅਸਰ ਉਨੀਂਦਰੇ ਤੋਂ ਬਿਨਾ ਵੀ ਹਨ, ਜਿਵੇਂ- ਸਿਰ ਦਰਦ, ਥਕਾਵਟ, ਭਾਵਨਾ ਵਿੱਚ ਤਬਦੀਲੀਆਂ (mood), ਜ਼ਿਆਦਾ ਚਿੜਚਿੜਾਪਨ, ਧਿਆਨ ਕਰਨ ਦੀ ਯੋਗਤਾ ਵੀ ਘਟ ਜਾਂਦੀ ਹੈ, ਸਰੀਰ ਅਤੇ ਮਾਨਸਿਕ ਸੁਚੇਤਤਾ ਉਤੇ ਵੀ ਅਸਰ ਪੈਂਦੈ। ਪੇਟ ਦਰਦ (upset stomach) ਵੀ ਹੋ ਸਕਦਾ ਏ।"

"ਦੀਦੀ, ਆਪਣੇ ਅੰਦਰਲੇ ਕਲਾਕ ਯਾਨਿ ਸਰਕੇਡੀਅਨ ਰਿਦਮ (circadian rhythm) ਨੂੰ ਠੀਕ (reset) ਕਰਨ ਲਈ ਹੋਰ ਕੀ ਕੀ ਕਰ ਸਕਦੇ ਆਂ?"

1. "ਮੰਜ਼ਲ 'ਤੇ ਪਹੁੰਚ ਕੇ ਜਿੰਨਾ ਜ਼ਿਆਦਾ ਹੋ ਸਕੇ ਸੂਰਜ ਦੀ ਰੋਸ਼ਨੀ ਵਿੱਚ ਰਹਿਣ ਦੀ ਕੋਸ਼ਿਸ਼ ਕਰੀਏ ਅਤੇ ਹੋ ਸਕੇ ਯਾਤਰਾ ਵੇਲੇ ਵੀ ਸੀਟ ਸੂਰਜ ਵਾਲੇ ਪਾਸੇ ਲਵੋ।

2. ਸਵੇਰ ਵੇਲੇ ਦੀ ਕੀਤੀ ਕਸਰਤ ਵੀ ਲਾਭਦਾਇਕ ਹੈ।

3. ਯਾਤਰਾ ਇਸ ਤਰ੍ਹਾਂ ਪਲੈਨ ਕਰੋ ਕਿ ਤੁਸੀਂ ਆਪਣੀ ਮੰਜ਼ਲ 'ਤੇ ਸ਼ਾਮ ਨੂੰ ਪਹੁੰਚੋ।

4. ਯਾਤਰਾ ਵੇਲੇ ਤੁਰੋ ਅਤੇ ਐਕਟਿਵ ਰਹੋ।

5. ਪਾਣੀ ਜ਼ਿਆਦਾ ਪੀਣ ਦੀ ਕੋਸ਼ਿਸ਼ ਕਰੋ।

6. ਸ਼ਰਾਬ ਅਤੇ ਕੈਫੀਨ ਤੋਂ ਪਰਹੇਜ਼ ਕਰੋ।

7. ਖਾਣ ਵੇਲੇ ਥੋੜ੍ਹੀ ਖੁਰਾਕ ਲਵੋ।

8. ਦਿਨ ਨੂੰ ਝਪਕੀ (nap) ਨਾ ਹੀ ਲਵੋ ਤਾਂ ਚੰਗਾ ਹੈ।

9. ਰਾਤ ਨੂੰ ਹਨੇਰਾ ਅਤੇ ਸ਼ਾਂਤ ਕਮਰਾ, ਅੱਖਾਂ 'ਤੇ ਮਾਸਕ ਅਤੇ ear plugs ਦੀ ਵਰਤੋਂ ਕਰਨ ਦਾ ਵੀ ਕਾਫੀ ਫਾਇਦਾ ਹੋ ਸਕਦਾ ਹੈ।

ਇਨ੍ਹਾਂ ਗੱਲਾਂ ਵੱਲ ਧਿਆਨ ਦੇਣ ਨਾਲ ਤੈਨੂੰ ਵੀ ਵਿਵਸਥਿਤ ਕਰਨਾ ਸੌਖਾ ਹੋ ਜਾਵੇਗਾ। ਠੀਕ ਹੈ?"

"ਹਾਂ ਦੀਦੀ।"

"ਅੱਛਾ, ਤਾਂ ਮੈਂ ਹੁਣ ਚਲਦੀ ਆਂ, ਅਗਲੀ ਵਾਰ ਮਿਲਾਂਗੇ।"

**ਨੋਟ: ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਾਰ-ਪਾਹਾਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰੋ।**


# ਵੱਡਾ ਖਿਡਾਰੀ ਤੇ ਕਲਾਕਾਰ ਇਨਸਾਨ ਸੀ ਪਰਵੀਨ ਕੁਮਾਰ


## ਖਿਡਾਰੀ ਪੰਜ-ਆਬ ਦੇ (16)

ਨਵਦੀਪ ਸਿੰਘ ਗਿੱਲ
ਫੋਨ: +91-9780036216



***ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਲੜੀਵਾਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਇਸ ਲੇਖ ਵਿੱਚ ਖਿਡਾਰੀ ਤੇ ਕਲਾਕਾਰ ਪਰਵੀਨ ਕੁਮਾਰ ਬਾਰੇ ਸੰਖੇਪ ਵੇਰਵਾ ਹੈ। ਉਸ ਦੀ ਪ੍ਰਸਿੱਧੀ ਜਿੰਨੀ ਖਿਡਾਰੀ ਕਰਕੇ ਹੈ, ਉਸ ਤੋਂ ਵੱਧ ਮਹਾਂਭਾਰਤ ਵਿੱਚ ਨਿਭਾਏ ਭੀਮ ਦੇ ਕਿਰਦਾਰ ਕਰਕੇ। ਉਸ ਦੀ ਇਹ ਸਿਫਤ ਰਹੀ ਕਿ ਬਾਲੀਵੁੱਡ ਵਿੱਚ ਕੰਮ ਕਰਨ, ਨਵੀਂ ਦਿੱਲੀ ਵਿੱਚ ਰਹਿਣ ਅਤੇ ਪੂਰੀ ਦੁਨੀਆਂ ਵਿੱਚ ਘੁੰਮਣ ਦੇ ਬਾਵਜੂਦ ਉਸ ਦੀ ਬੋਲੀ ਵਿੱਚ ਮਝੈਲੀ ਲਹਿਜ਼ਾ ਅਤੇ ਸਟਾਈਲ ਨਹੀਂ ਸੀ ਬਦਲਿਆ।***






ਪਰਵੀਨ ਕੁਮਾਰ ਭਾਰਤੀ ਅਥਲੈਟਿਕਸ ਦਾ ਥੰਮ੍ਹ ਸੀ। ਏਸ਼ੀਆ ਦਾ ਇੱਕ ਦਹਾਕਾ ਰਿਹਾ ਚੈਂਪੀਅਨ, ਰਾਸ਼ਟਰ ਮੰਡਲ ਖੇਡਾਂ ਦਾ ਮੈਡਲਿਸਟ ਅਤੇ ਦੋ ਵਾਰ ਦਾ ਓਲੰਪੀਅਨ ਪਰਵੀਨ ਭਾਰਤੀ ਅਥਲੈਟਿਕਸ ਦੇ ਸੁਨਹਿਰੀ ਸਮੇਂ ਦੇ ਅਥਲੀਟਾਂ ਵਿੱਚੋਂ ਇੱਕ ਹੈ। ਆਜ਼ਾਦ ਭਾਰਤ ਦੇ ਪਹਿਲੇ ਤਿੰਨ ਦਹਾਕਿਆਂ ਦੇ ਸਮੇਂ ਵਿੱਚ ਗੁਰਬਚਨ ਸਿੰਘ ਰੰਧਾਵਾ, ਮਿਲਖਾ ਸਿੰਘ, ਪ੍ਰਦੁੱਮਣ ਸਿੰਘ, ਪਰਵੀਨ ਕੁਮਾਰ, ਮਹਿੰਦਰ ਸਿੰਘ ਗਿੱਲ, ਜੋਗਿੰਦਰ ਸਿੰਘ, ਕਮਲਜੀਤ ਸੰਧੂ ਦੀ ਅਥਲੈਟਿਕਸ ਖੇਡ ਵਿੱਚ ਤੂਤੀ ਬੋਲਦੀ ਸੀ। ਪੰਜਾਬ ਦੇ ਜਾਏ ਇਨ੍ਹਾਂ ਅਥਲੀਟਾਂ ਬਿਨਾ ਭਾਰਤੀ ਅਥਲੈਟਿਕਸ ਦੀ ਗੱਲ ਅਧੂਰੀ ਸੀ।

ਪਰਵੀਨ ਕੁਮਾਰ ਦੀ ਪ੍ਰਸਿੱਧੀ ਜਿੰਨੀ ਖਿਡਾਰੀ ਕਰਕੇ ਹੈ, ਉਸ ਤੋਂ ਵੱਧ ਮਹਾਂਭਾਰਤ ਵਿੱਚ ਨਿਭਾਏ ਭੀਮ ਦੇ ਕਿਰਦਾਰ ਕਰਕੇ। ਦੋਵੇਂ ਹੀ ਕਿਰਦਾਰਾਂ ਵਿੱਚ ਉਹ ਦਮਦਾਰ ਤੇ ਵਜ਼ਨਦਾਰ ਹੋ ਕੇ ਨਿਭਿਆ ਹੈ। ਅਥਲੈਟਿਕਸ ਦੇ ਡਿਸਕਸ ਤੇ ਹੈਮਰ ਥਰੋਅ ਈਵੈਂਟ ਵਿੱਚ ਏਸ਼ੀਆ ਤੇ ਰਾਸ਼ਟਰ ਮੰਡਲ ਖੇਡਾਂ ਦਾ ਜੇਤੂ ਬਣਿਆ। ਬੀ.ਐਸ.ਐਫ. ਵਿੱਚੋਂ ਡਿਪਟੀ ਕਮਾਂਡੈਂਟ ਰਿਟਾਇਰ ਹੋਇਆ। ਮਹਾਂਭਾਰਤ ਵਿੱਚ ਮਹਾਂਬਲੀ ਭੀਮ ਦੇ ਯਾਦਗਾਰੀ ਰੋਲ ਨਾਲ ਉਹ ਦੇਸ਼ ਵਿੱਚ ਤਾਕਤ ਤੇ ਸ਼ਕਤੀ ਦਾ ਮਜੁੱਸਮਾ ਬਣ ਗਿਆ। ਨਾ ਹੀ ਖੇਡਾਂ ਵਿੱਚ ਬਣਾਏ ਉਸ ਦੇ ਰਿਕਾਰਡ ਸੌਖੇ ਟੁੱਟੇ ਅਤੇ ਨਾ ਹੀ ਕਿਸੇ ਟੀ.ਵੀ. ਸੀਰੀਅਲ ਵਿੱਚ ਉਸ ਜਿੰਨੀ ਕਿਸੇ ਨੂੰ ਮਕਬੂਲੀਅਤ ਮਿਲੀ। ਸਵਾ ਛੇ ਫੁੱਟ ਕੱਦ ਤੇ ਸਵਾ ਕੁਇੰਟਲ ਭਾਰ ਵਾਲੇ ਪਰਵੀਨ ਨੂੰ ਦੇਖਦਿਆਂ ਹੀ ਭੁੱਖ ਲਹਿੰਦੀ ਸੀ। ਪਰਵੀਨ ਦੀ ਪ੍ਰਸਿੱਧੀ ਉਸ ਨਾਲ ਜੁੜੇ ਕਈ ਕਿੱਸੇ ਅਤੇ ਉਸ ਦੀ ਸਖਤ ਮਿਹਨਤ ਤੇ ਕਰੜੇ ਸੰਘਰਸ਼ ਦੀ ਕਹਾਣੀ ਆਪ ਬਿਆਨਦੇ ਨੇ। ਅੰਨ੍ਹੀ ਤਾਕਤ ਤੇ ਜ਼ੋਰ ਵਿੱਚ ਉਸ ਦਾ ਕੋਈ ਸਾਨੀ ਨਹੀਂ ਰਿਹਾ। ਪਰਵੀਨ ਵਰਗਾ ਅਥਲੀਟ ਭਾਵੇਂ ਵਿਰਲਾ ਹੀ ਜੰਮਦਾ ਹੈ, ਪਰ ਟੈਲੀਵਿਜ਼ਨ ਦੇ ਦੌਰ ਵਿੱਚ ਮਹਾਂਭਾਰਤ ਸੀਰੀਅਲ ਦੇ ਭੀਮ ਦੇ ਕਿਰਦਾਰ ਨੇ ਉਸ ਦੀ ਪਛਾਣ ਮਹਾਨ ਖਿਡਾਰੀ ਨਾਲੋਂ ਇੱਕ ਵੱਡੇ ਐਕਟਰ ਦੀ ਵੱਧ ਬਣਾਈ। ਪਰਵੀਨ ਖੁਦ ਮੰਨਦਾ ਸੀ ਕਿ ਅਜੋਕੀ ਪੀੜ੍ਹੀ ਲਈ ਉਸ ਦੀ ਪਛਾਣ ਸਿਰਫ ਭੀਮ ਕਰਕੇ ਸੀ; ਪਰ ਉਹ ਖੁਦ ਆਪਣੇ ਆਪ ਨੂੰ ਪਹਿਲਾ ਅਥਲੀਟ ਤੇ ਫੇਰ ਐਕਟਰ ਕਹਾਉਣਾ ਪਸੰਦ ਕਰਦਾ ਸੀ। ਪਰਵੀਨ ਦੇ ਅਖਰੀਲੇ ਸਾਲਾਂ ਵਿੱਚ ਮੈਨੂੰ ਨਿੱਜੀ ਤੌਰ ਉਤੇ ਉਸ ਨੂੰ ਦੋ ਵਾਰ ਮਿਲਣ ਦਾ ਸਬੱਬ ਮਿਲਿਆ ਅਤੇ ਫੋਨ ਉਪਰ ਅਨੇਕਾਂ ਵਾਰ ਗੱਲ ਕੀਤੀ। ਉਸ ਨੂੰ ਇਸ ਗੱਲ ਦੀ ਬਹੁਤ ਖੁਸ਼ੀ ਸੀ ਕਿ ਮੈਂ ਉਸ ਨਾਲ ਸਿਰਫ ਖੇਡ ਜੀਵਨ ਦੀਆਂ ਗੱਲਾਂ ਕਰਦਾ ਹਾਂ ਅਤੇ ਖੇਡਾਂ ਦੀਆਂ ਪ੍ਰਾਪਤੀਆਂ ਬਾਰੇ ਹੀ ਲਿਖਦਾ ਹਾਂ। ਬਾਲੀਵੁੱਡ ਵਿੱਚ ਕੰਮ ਕਰਨ, ਨਵੀਂ ਦਿੱਲੀ ਵਿੱਚ ਰਹਿਣ ਅਤੇ ਪੂਰੀ ਦੁਨੀਆਂ ਵਿੱਚ ਘੁੰਮਣ ਦੇ ਬਾਵਜੂਦ ਉਸ ਦੀ ਬੋਲੀ ਵਿੱਚ ਮਝੈਲੀ ਲਹਿਜ਼ਾ ਅਤੇ ਸਟਾਈਲ ਨਹੀਂ ਬਦਲਿਆ ਸੀ।

ਪਰਵੀਨ ਕੁਮਾਰ ਇੱਕ ਦਹਾਕਾ ਏਸ਼ੀਆ ਦਾ ਚੈਂਪੀਅਨ ਥਰੋਅਰ ਰਿਹਾ। 10 ਸਾਲ ਉਸ ਨੇ ਕਿਸੇ ਏਸ਼ੀਅਨ ਥਰੋਅਰ ਨੂੰ ਨੇੜੇ ਨਹੀਂ ਲੱਗਣ ਦਿੱਤਾ। ਡਿਸਕਸ ਤੇ ਹੈਮਰ ਥਰੋਅ- ਦੋਵਾਂ ਵਿੱਚ ਹੀ ਲੋਹਾ ਮੰਨਵਾਇਆ। ਡਿਸਕਸ ਵਿੱਚ ਤਾਂ ਏਸ਼ੀਆ ਦਾ ਨਵਾਂ ਰਿਕਾਰਡ ਵੀ ਬਣਾਇਆ। ਵਿਸ਼ਵ ਚੈਂਪੀਅਨਸ਼ਿਪ ਵਿੱਚ ਏਸ਼ੀਆ ਦੀ ਕਪਤਾਨੀ ਕੀਤੀ ਅਤੇ ਏਸ਼ਿਆਈ ਖੇਡਾਂ ਵਿੱਚ ਭਾਰਤੀ ਖੇਡ ਦਲ ਦਾ ਝੰਡਾਬਰਦਾਰ ਰਿਹਾ। ਰਾਸ਼ਟਰ ਮੰਡਲ ਖੇਡਾਂ ਵਿੱਚ ਵੀ ਚਾਂਦੀ ਦਾ ਤਮਗਾ ਜਿੱਤਿਆ। ਦੋ ਵਾਰ ਓਲੰਪਿਕ ਖੇਡਾਂ (ਮੈਕਸੀਕੋ-1968 ਤੇ ਮਿਊਨਿਖ-1972) ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ। ਪਰਵੀਨ ਦੇ ਸਮਿਆਂ ਵਿੱਚ ਕੋਚਿੰਗ ਤਕਨੀਕਾਂ ਅਤੇ ਸਹੂਲਤਾਂ ਦੀ ਬਹੁਤ ਘਾਟ ਸੀ। ਜੇਕਰ ਉਸ ਨੂੰ ਅੱਜ ਵਰਗੇ ਸਮਿਆਂ ਦੀਆਂ ਸਹੂਲਤਾਂ ਮਿਲੀਆਂ ਹੁੰਦੀਆਂ ਤਾਂ ਉਹ ਓਲੰਪਿਕ ਤੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਵੀ ਕੋਈ ਤਮਗਾ ਜ਼ਰੂਰ ਜਿੱਤਦਾ। ਖੇਡਾਂ ਵਿੱਚ ਪਰਵੀਨ ਦੀਆਂ ਪ੍ਰਾਪਤੀਆਂ ਹੋਰ ਵੀ ਵਧ ਸਕਦੀਆਂ ਸਨ, ਪ੍ਰੰਤੂ ਉਸ ਨੂੰ ਰੀੜ੍ਹ ਦੀ ਹੱਡੀ ਦੀ ਤਕਲੀਫ ਨੇ ਰੋਕ ਦਿੱਤਾ। ਪਰਵੀਨ ਨੇ ਪੂਰੇ ਖੇਡ ਜੀਵਨ ਵਿੱਚ ਦਰਜਨਾਂ ਵਾਰ ਕੌਮਾਂਤਰੀ ਪੱਧਰ 'ਤੇ ਤਮਗੇ ਜਿੱਤੇ। ਡਿਸਕਸ ਸੁੱਟਣ ਵਿੱਚ 15 ਸਾਲ ਕੌਮੀ ਰਿਕਾਰਡ ਹੋਲਡਰ ਰਿਹਾ। ਭਾਰਤ ਸਰਕਾਰ ਨੇ ਪਰਵੀਨ ਨੂੰ 'ਅਰਜੁਨਾ ਐਵਾਰਡ' ਅਤੇ ਪੰਜਾਬ ਸਰਕਾਰ ਨੇ 'ਮਹਾਰਾਜਾ ਰਣਜੀਤ ਸਿੰਘ ਐਵਾਰਡ' ਨਾਲ ਸਨਮਾਨਿਆ।

ਪਰਵੀਨ ਕੁਮਾਰ ਸੋਬਤੀ ਦਾ ਜਨਮ 6 ਸਤੰਬਰ 1947 ਨੂੰ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਦੇ ਪ੍ਰਸਿੱਧ ਪਿੰਡ ਸਰਹਾਲੀ (ਉਦੋਂ ਅੰਮ੍ਰਿਤਸਰ ਜ਼ਿਲ੍ਹਾ) ਵਿੱਚ ਹੋਇਆ। ਪੰਜਾਬ ਪੁਲਿਸ ਵਿੱਚ ਥਾਣੇਦਾਰ ਰਿਟਾਇਰ ਹੋਏ ਕੁਲਵੰਤ ਰਾਏ ਦੇ ਘਰ ਮਾਤਾ ਸੁਮਿੱਤਰਾ ਦੇਵੀ ਦੀ ਕੁੱਖੋਂ ਪੈਦਾ ਹੋਇਆ ਪਰਵੀਨ ਬਚਪਨ ਤੋਂ ਹੀ ਚੰਗੇ ਕੱਦ-ਕਾਠ ਵਾਲਾ ਸੀ। ਖਾਣ-ਪੀਣ ਘਰ ਵਿੱਚ ਖੁੱਲ੍ਹਾ ਸੀ, ਜਿਸ ਕਾਰਨ ਖੇਡਾਂ ਵੱਲ ਝੁਕਾਅ ਸੁਭਾਵਕ ਹੀ ਸੀ। ਸ਼ੁਰੂਆਤ ਵਿੱਚ ਉਸ ਨੂੰ ਸਰੀਰ ਬਣਾਉਣ ਤੇ ਭਾਰ ਚੁੱਕਣ ਦਾ ਸ਼ੌਕ ਸੀ, ਜਿਸ ਲਈ ਮੁਢਲੇ ਸਮੇਂ ਵਿੱਚ ਉਸ ਦਾ ਰੁਝਾਨ ਬਾਡੀ ਬਿਲਡਿੰਗ ਤੇ ਵੇਟਲਿਫਟਿੰਗ ਵੱਲ ਸੀ। ਉਸ ਵੇਲੇ ਜੀ.ਜੀ.ਐਸ. ਖਾਲਸਾ ਹਾਇਰ ਸੈਕੰਡਰੀ ਸਕੂਲ ਸਰਹਾਲੀ ਦੇ ਮੁੱਖ ਅਧਿਆਪਕ ਹਰਬੰਸ ਸਿੰਘ ਗਿੱਲ ਨੇ ਪਰਵੀਨ ਦੇ ਕੱਦ-ਕਾਠ ਨੂੰ ਦੇਖਦਿਆਂ ਡਿਸਕਸ ਤੇ ਗੋਲਾ ਸੁੱਟਣ ਨੂੰ ਕਿਹਾ। ਉਦੋਂ ਉਸ ਨੂੰ ਦੋਵੇਂ ਈਵੈਂਟਾਂ ਬਾਰੇ ਕੁਝ ਨਹੀਂ ਪਤਾ ਸੀ। ਅੱਠਵੀਂ ਪੜ੍ਹਦਿਆਂ ਸਕੂਲ ਦੀ ਹਾਕੀ ਟੀਮ ਦੀ ਜਿੱਤ ਤੋਂ ਹੋਏ ਸਵਾਗਤ ਨਾਲ ਪਰਵੀਨ ਨੂੰ ਪ੍ਰੇਰਨਾ ਮਿਲੀ। ਪਰਵੀਨ ਨੇ ਸਵੱਖਤੇ ਚਾਰ ਵਜੇ ਉਠ ਕੇ ਪ੍ਰੈਕਟਿਸ ਕਰਨੀ ਸ਼ੁਰੂ ਕਰ ਦਿੱਤੀ। ਉਸ ਵੇਲੇ ਉਹ ਆਪਣੀ ਵਰਜਿਸ਼ ਘਰ ਵਿੱਚ ਆਟਾ ਪੀਹਣ ਵਾਲੀ ਚੱਕੀ ਦੇ ਪੁੜਾਂ ਨੂੰ ਚੁੱਕ ਕੇ ਕਰਦਾ ਹੁੰਦਾ ਸੀ। ਉਹ ਫਲਿਆਂ ਵਿੱਚ ਹੀ ਗੋਲ ਚੱਕਰ ਦਾ ਥੜ੍ਹਾ ਬਣਾ ਕੇ ਥਰੋਆਂ ਸੁੱਟਣ ਲੱਗ ਜਾਂਦਾ। ਕਬੱਡੀ ਖੇਡਣੀ, ਅਖਾੜੇ ਵਿੱਚ ਘੋਲ ਕਰਨੇ ਅਤੇ ਰੱਸੇ ਨਾਲ ਜ਼ੋਰ ਅਜ਼ਮਾਇਸ਼ ਕਰਨੀ। ਕਦੇ-ਕਦੇ ਗੁੱਲੀ-ਡੰਡਾ ਖੇਡਣ ਲੱਗ ਜਾਂਦਾ।

ਪਰਵੀਨ ਨੇ ਪਹਿਲੀ ਵਾਰ 1962-63 ਵਿੱਚ ਅਹਿਮਦਾਬਾਦ ਵਿਖੇ ਕੌਮੀ ਸਕੂਲ ਖੇਡਾਂ ਵਿੱਚ ਡਿਸਕਸ ਥਰੋਅ 'ਚ ਸੋਨ ਤਮਗਾ ਜਿੱਤਿਆ। ਫੇਰ ਕਲਕੱਤਾ ਵਿਖੇ ਜੂਨੀਅਰ ਨੈਸ਼ਨਲ ਮੁਕਾਬਲੇ ਵਿੱਚ ਸੋਨ ਤਮਗਾ ਜਿੱਤਿਆ। ਖਾਲਸਾ ਕਾਲਜ ਅੰਮ੍ਰਿਤਸਰ ਪੜ੍ਹਦਿਆਂ ਉਹ ਆਲ ਇੰਡੀਆ ਇੰਟਰ 'ਵਰਸਿਟੀ ਚੈਂਪੀਅਨ ਬਣਿਆ। ਨਿੱਕੇ ਪਰਵੀਨ ਨੇ ਵੱਡਿਆਂ ਦੇ ਮੁਕਾਬਲੇ ਵਿੱਚ ਕਾਂਸੀ ਦਾ ਤਮਗਾ ਜਿੱਤ ਕੇ ਕੌਮੀ ਪੱਧਰ 'ਤੇ ਆਪਣੀ ਦਸਤਕ ਦੇ ਦਿੱਤੀ। ਫੇਰ ਉਸ ਦੀ ਚੋਣ ਸੋਵੀਅਤ ਸੰਘ ਖਿਲਾਫ ਅਥਲੈਟਿਕਸ ਮੀਟ ਵਿੱਚ ਭਾਰਤੀ ਟੀਮ 'ਚ ਹੋ ਗਈ, ਜਿੱਥੇ ਉਸ ਨੇ ਹੈਮਰ ਥਰੋਅ ਦਾ ਨਵਾਂ ਕੌਮੀ ਰਿਕਾਰਡ ਰੱਖਿਆ। ਉਸ ਤੋਂ ਬਾਅਦ ਫੇਰ ਉਸ ਨੇ 15 ਸਾਲ ਪਿੱਛੇ ਮੁੜ ਕੇ ਨਹੀਂ ਵੇਖਿਆ। 1965 ਤੋਂ 1980 ਤੱਕ ਤਾਂ ਉਹ ਡਿਸਕਸ ਥਰੋਅ ਦਾ ਕੌਮੀ ਰਿਕਾਰਡ ਹੋਲਡਰ ਰਿਹਾ। ਉਸ ਨੇ ਕੌਮੀ ਪੱਧਰ ਦੇ ਮੁਕਾਬਲਿਆਂ ਵਿੱਚ ਡਿਸਕਸ ਤੇ ਹੈਮਰ ਥਰੋਅ- ਦੋਵਾਂ ਈਵੈਂਟਾਂ ਵਿੱਚ ਢੇਰਾਂ ਤਮਗੇ ਜਿੱਤੇ। 1971, 1972, 1974, 1977, 1978 ਤੇ 1979 ਦੀਆਂ ਨੈਸ਼ਨਲ ਮੀਟਾਂ ਵਿੱਚ ਉਹ ਦੋਵੇਂ ਈਵੈਂਟਾਂ ਦਾ ਚੈਂਪੀਅਨ ਬਣਦਾ ਰਿਹਾ।

1966 ਵਿੱਚ ਕਿੰਗਸਟਨ ਰਾਸ਼ਟਰ ਮੰਡਲ ਖੇਡਾਂ, ਜਿਸ ਨੂੰ ਉਸ ਵੇਲੇ ਬ੍ਰਿਟਿਸ਼ ਅੰਪਾਇਰ ਅਤੇ ਰਾਸ਼ਟਰ ਮੰਡਲ ਖੇਡਾਂ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਵਿੱਚ ਪਰਵੀਨ ਨੇ 60.12 ਮੀਟਰ ਹੈਮਰ ਸੁੱਟ ਕੇ ਚਾਂਦੀ ਦਾ ਤਮਗਾ ਜਿੱਤਿਆ। ਮਿਲਖਾ ਸਿੰਘ ਤੋਂ ਬਾਅਦ ਉਹ ਦੇਸ਼ ਦਾ ਦੂਜਾ ਅਥਲੀਟ ਸੀ, ਜਿਸ ਨੇ ਰਾਸ਼ਟਰ ਮੰਡਲ ਖੇਡਾਂ ਦੇ ਅਥਲੈਟਿਕਸ ਮੁਕਾਬਲਿਆਂ ਵਿੱਚ ਕੋਈ ਤਮਗਾ ਜਿੱਤਿਆ ਹੋਵੇ। 1966 ਵਿੱਚ ਹੀ ਬੈਂਕਾਕ ਏਸ਼ਿਆਈ ਖੇਡਾਂ ਵਿੱਚ ਪਰਵੀਨ ਨੇ ਡਿਸਕਸ ਵਿੱਚ ਨਵਾਂ ਏਸ਼ਿਆਈ ਰਿਕਾਰਡ ਬਣਾਉਂਦਿਆਂ ਸੋਨੇ ਦਾ ਤਮਗਾ ਅਤੇ ਹੈਮਰ ਥਰੋਅ ਵਿੱਚ 57.18 ਮੀਟਰ ਦੀ ਥਰੋਅ ਨਾਲ ਉਸ ਨੇ ਕਾਂਸੀ ਦਾ ਤਮਗਾ ਜਿੱਤਿਆ। 1967 ਵਿੱਚ ਕੋਲੰਬੋ ਵਿਖੇ ਹੋਈ ਇੰਟਰਨੈਸ਼ਨਲ ਮੀਟ ਵਿੱਚ ਉਸ ਨੇ ਡਿਸਕਸ ਤੇ ਹੈਮਰ- ਦੋਵਾਂ ਈਵੈਂਟਾਂ ਵਿੱਚ ਸੋਨੇ ਦਾ ਤਮਗਾ ਜਿੱਤਿਆ।

1970 ਵਿੱਚ ਬੈਂਕਾਕ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਉਹ ਦੂਜੀ ਵਾਰ ਡਿਸਕਸ ਥਰੋਅ ਦਾ ਚੈਂਪੀਅਨ ਬਣਿਆ। ਉਥੇ ਉਸ ਨੇ 52.38 ਮੀਟਰ ਦੀ ਥਰੋਅ ਨਾਲ ਸੋਨੇ ਦਾ ਤਮਗਾ ਜਿੱਤਿਆ। ਪਰਵੀਨ ਨੇ 1973 ਵਿੱਚ ਮਨੀਲਾ ਵਿਖੇ ਹੋਈ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਮਗਾ ਜਿੱਤਿਆ। 1974 ਵਿੱਚ ਤਹਿਰਾਨ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਉਹ ਭਾਰਤੀ ਖੇਡ ਦਲ ਦਾ ਝੰਡਾਬਰਦਾਰ ਸੀ। ਇੱਥੇ ਉਸ ਨੇ ਡਿਸਕਸ ਥਰੋਅ ਵਿੱਚ 53.64 ਮੀਟਰ ਦੀ ਥਰੋਅ ਨਾਲ ਚਾਂਦੀ ਦਾ ਤਮਗਾ ਜਿੱਤਿਆ। ਉਸ ਨੇ 1975 ਵਿੱਚ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਤਮਗਾ ਜਿੱਤਿਆ। 1977 ਵਿੱਚ ਬਰਲਿਨ ਵਿਖੇ ਹੋਏ ਵਿਸ਼ਵ ਕੱਪ ਮੁਕਾਬਲੇ ਵਿੱਚ ਪਰਵੀਨ ਨੇ ਏਸ਼ੀਆ ਦੀ ਅਥਲੈਟਿਕਸ ਟੀਮ ਦੀ ਕਪਤਾਨੀ ਕੀਤੀ, ਜਿੱਥੇ ਉਸ ਨੇ ਚੌਥਾ ਸਥਾਨ ਹਾਸਲ ਕੀਤਾ। 1977 ਵਿੱਚ ਸਕਾਟਲੈਂਡ ਵਿਖੇ ਹੋਈ ਇੰਟਰਨੈਸ਼ਨਲ ਮੀਟ ਵਿੱਚ ਉਸ ਨੇ ਡਿਸਕਸ ਥਰੋਅ ਵਿੱਚ ਕਾਂਸੀ ਦਾ ਤਮਗਾ ਜਿੱਤਿਆ। ਇਹ ਉਸ ਦੇ ਕੌਮਾਂਤਰੀ ਖੇਡ ਜੀਵਨ ਦਾ ਆਖਰੀ ਤਮਗਾ ਸੀ। 1980 ਵਿੱਚ ਉਸ ਨੇ ਖੇਡਾਂ ਤੋਂ ਸੰਨਿਆਸ ਲੈ ਲਿਆ। ਅਥਲੈਟਿਕਸ ਵਿੱਚ ਉਸ ਦੀ ਸਭ ਤੋਂ ਵੱਧ ਸਾਂਝ ਗੁਰਬਚਨ ਸਿੰਘ ਰੰਧਾਵਾ ਅਤੇ ਮਹਿੰਦਰ ਸਿੰਘ ਗਿੱਲ ਨਾਲ ਰਹੀ। ਹਾਕੀ ਸਟਾਰ ਸੁਰਿੰਦਰ ਸਿੰਘ ਸੋਢੀ ਵੀ ਉਸ ਦੇ ਗੂੜ੍ਹੇ ਮਿੱਤਰ ਸਨ।

ਪਰਵੀਨ ਦੀ ਪ੍ਰਸਿੱਧੀ ਪਿੱਛੇ ਉਸ ਦੀ ਤਕੜੀ ਘਾਲਣਾ ਸੀ। ਘੰਟਿਆਂ ਬੱਧੀ ਪ੍ਰੈਕਟਿਸ ਉਸ ਦਾ ਨਿੱਤ ਨੇਮ ਸੀ। 100-150 ਡੰਡ ਤੇ 500-600 ਬੈਠਕਾਂ ਉਸ ਲਈ ਆਮ ਗੱਲ ਸੀ। ਪ੍ਰੈਕਟਿਸ ਦੇ ਦਿਨਾਂ ਵਿੱਚ ਉਸ ਦੀ ਇੱਕ ਦਿਨ ਦੀ ਖੁਰਾਕ ਵਿੱਚ 5-6 ਕਿਲੋ ਦੁੱਧ, 6-7 ਆਂਡੇ, ਕਿਲੋ-ਸਵਾ ਕਿਲੋ ਮੀਟ ਤੇ ਪਾ-ਡੇਢ ਪਾ ਦੇਸੀ ਘਿਓ ਸ਼ਾਮਲ ਹੁੰਦਾ ਸੀ। ਸਰਹਾਲੀ ਦੀਆਂ ਸੱਥਾਂ ਵਿੱਚ ਇਹ ਗੱਲ ਪ੍ਰਚੱਲਿਤ ਹੁੰਦੀ ਸੀ ਕਿ ਪਰਵੀਨ ਦੀ ਖੁਰਾਕ ਕਰਕੇ ਪਿੰਡ ਵਿੱਚ ਕੋਈ ਵੀ ਕੁੱਕੜ ਨਹੀਂ ਬਚਦਾ ਸੀ।

ਪਰਵੀਨ ਨੇ ਆਪਣੇ ਐਕਟਿੰਗ ਕਰੀਅਰ ਵਿੱਚ 50 ਤੋਂ ਵੱਧ ਫਿਲਮਾਂ ਕੀਤੀਆਂ, ਜਿਨ੍ਹਾਂ ਵਿੱਚ ਸ਼ਹਿਨਸ਼ਾਹ, ਹਮ ਸੇ ਹੈ ਜ਼ਮਾਨਾ, ਗਜ਼ਬ, ਜਾਗੀਰ, ਕ੍ਰਿਸ਼ਮਾ ਕੁਦਰਤ ਕਾ, ਲੋਹਾ, ਯੁੱਧ, ਜਬਰਦਸਤ, ਡਾਕ ਬੰਗਲਾ, ਕਮਾਂਡੋ, ਇਲਾਕਾ, ਮਿੱਟੀ ਕਾ ਸੋਨਾ, ਘਾਇਲ, ਆਜ ਕਾ ਅਰਜੁਨ, ਅਜੂਬਾ, ਜਾਨ, ਅਜੈ ਪ੍ਰਮੁੱਖ ਸਨ। ਮਹਾਂਭਾਰਤ ਸੀਰੀਅਲ ਵਿੱਚ ਭੀਮ ਦੇ ਨਿਭਾਏ ਯਾਦਗਾਰੀ ਰੋਲ ਨੇ ਪਰਵੀਨ ਨੂੰ ਸਦੀਵੀਂ ਲੋਕਾਂ ਦੇ ਮਨਾਂ ਵਿੱਚ ਵਸਾ ਦਿੱਤਾ।

ਪਰਵੀਨ ਕੁਮਾਰ 74 ਵਰ੍ਹਿਆਂ ਦੀ ਉਮਰੇ ਸਾਲ 2022 ਵਿੱਚ 7 ਤੇ 8 ਫਰਵਰੀ ਦੀ ਦਰਮਿਆਨੀ ਰਾਤ ਨਵੀਂ ਦਿੱਲੀ ਸਥਿਤ ਅਸ਼ੋਕ ਵਿਹਾਰ ਸਥਿਤ ਰਿਹਾਇਸ਼ ਉਤੇ ਦਿਲ ਦਾ ਦੌਰਾ ਪੈਣ ਨਾਲ ਸਦਾ ਲਈ ਅਲਵਿਦਾ ਆਖ ਗਿਆ। ਪਰਿਵਾਰ ਵਿੱਚ ਉਹ ਆਪਣੇ ਪਿੱਛੇ ਪਤਨੀ, ਬੇਟੀ-ਦਾਮਾਦ ਤੇ ਇੱਕ ਦੋਹਤੀ ਛੱਡ ਗਿਆ।







ਚਮਕੀਲੇ ਬਾਰੇ ਫਿਲਮ ਦਾ ਰੌਲਾ

# ਤੁਰ ਚੱਲੀ ਜਿੰਦੜੀਏ ਖਾਲੀ ਹੱਥ ਕਰਕੇ

**ਜਸਵੀਰ ਸਿੰਘ ਸ਼ੀਰੀ**

1980ਵਿਆਂ ਦੇ ਦੌਰ 'ਚ ਤੇਜ਼ੀ ਨਾਲ ਉਭਰੇ ਪੰਜਾਬੀ ਗਾਇਕ ਅਮਰ ਸਿੰਘ ਚਮਕੀਲਾ ਬਾਰੇ ਹਾਲ ਹੀ ਵਿੱਚ ਬਣੀ ਫਿਲਮ ਦੀ ਕਾਫੀ ਚਰਚਾ ਚੱਲ ਪਈ ਹੈ। ਮੈਂ ਜ਼ਾਤੀ ਤੌਰ 'ਤੇ ਇਸ ਗਾਇਕ ਨੂੰ ਕਦੀ ਨਹੀਂ ਮਿਲਿਆ। ਪਰ ਸਾਡੀ ਭੈਣ (ਤਾਇਆ ਜੀ ਦੀ ਲੜਕੀ) ਦੇ ਵਿਆਹ 'ਤੇ ਚਮਕੀਲਾ ਸੁਰਿੰਦਰ ਸ਼ਿੰਦੇ ਨਾਲ ਅਖਾੜਾ ਲਾਉਣ ਲਈ ਆਇਆ ਸੀ। ਇਨ੍ਹੀਂ ਦਿਨੀਂ ਵਿਆਹ ਘਰਾਂ ਵਿੱਚ ਹੀ ਹੁੰਦੇ ਸਨ, ਮੈਰਿਜ ਪੈਲਿਸ ਵਾਲਾ ਰਿਵਾਜ਼ ਹਾਲੇ ਸ਼ੁਰੂ ਨਹੀਂ ਸੀ ਹੋਇਆ। ਜੰਨ ਕੋਆਪਰੇਟਿਵ ਸੁਸਾਇਟੀ ਦੀ ਇਮਾਰਤ ਵਿੱਚ ਉਤਰੀ ਸੀ। ਗੱਡਿਆਂ ਵਾਲੀ ਸਟੇਜ ਲਾ ਕੇ ਹੀ ਇਹ ਅਖਾੜਾ ਲੱਗਿਆ ਸੀ। ਇਸ ਮੌਕੇ ਅਮਰ ਸਿੰਘ ਚਮਕੀਲੇ ਨੇ ਪਹਿਲਾ ਧਾਰਮਿਕ ਗੀਤ ਗਾਇਆ ਸੀ, 'ਦਸ਼ਮੇਸ਼ ਪਿਤਾ ਸਿੱਖੀ ਦਾ ਮਹਿਲ ਬਣਾ ਚੱਲਿਆ, ਇੱਟਾਂ ਦੀ ਥਾਂ ਸਿੰਘਾਂ ਦੇ ਸੀਸ ਚਿਣਾ ਚੱਲਿਆ।' ਇਹ ਗੀਤ ਬਾਅਦ ਵਿੱਚ ਕਿਤੇ ਰਿਕਾਰਡ ਸ਼ਾਇਦ ਨਹੀਂ ਹੋਇਆ। ਅਗਲੇ ਦਿਨ ਜਦੋਂ ਸਕੂਲ ਗਏ ਤਾਂ ਮੈਂ ਆਪਣੇ ਇੱਕ ਦੋਸਤ (ਦਰਬਾਰਾ ਸਿੰਘ) ਕੋਲ ਸੁਰਿੰਦਰ ਸ਼ਿੰਦੇ ਦੀ ਗਾਇਕੀ ਦੀ ਸਿਫਤ ਕੀਤੀ। ਦਰਬਾਰਾ ਸਿੰਘ ਨੇ ਬੁੱਲ੍ਹ ਟੇਰ ਦਿੱਤੇ ਤੇ ਕਿਹਾ, "ਚਮਕੀਲਾ ਉਹਦੇ ਨਾਲੋਂ ਜ਼ਿਆਦਾ ਵਧੀਆ ਗਾਇਕ ਹੈ!" ਉਸ ਦਾ ਇਹ ਕਮੈਂਟ ਉਦੋਂ ਆਇਆ ਸੀ, ਜਦੋਂ ਚਮਕੀਲਾ ਹਾਲੇ ਸ਼ਿੰਦੇ ਨਾਲ ਦਰੀਆਂ ਦੁਰੀਆਂ ਝਾੜਦਾ ਹੁੰਦਾ ਸੀ।

ਚਮਕੀਲੇ 'ਤੇ ਬਣੀ ਫਿਲਮ ਕੁਝ ਕਾਰਨਾਂ ਕਰਕੇ ਮੈਂ ਹਾਲ ਦੀ ਘੜੀ ਨਹੀਂ ਵੇਖ ਸਕਿਆ, ਪਰ ਵੇਖਣ ਵਾਲੇ ਦੱਸਦੇ ਹਨ ਕਿ ਫਿਲਮ ਵਿੱਚ ਦਲਜੀਤ ਦੋਸਾਂਝ ਅਤੇ ਪਰਨੀਤੀ ਚੋਪੜਾ ਸਮੇਤ ਵੱਖ-ਵੱਖ ਕਿਰਦਾਰਾਂ ਨੇ ਜਾਨਦਾਰ ਭੂਮਿਕਾਵਾਂ ਨਿਭਾਈਆਂ ਹਨ। 1988 ਵਿੱਚ ਜਿਸ ਦਿਨ ਅਮਰ ਸਿੰਘ ਚਮਕੀਲੇ ਦਾ ਫਿਲੌਰ ਨੇੜੇ ਪਿੰਡ ਮਹਿਸਮਪੁਰ ਵਿੱਚ ਕਤਲ ਹੋਇਆ, ਉਸ ਦਿਨ ਮੈਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਇੱਕ ਪਿੰਡ ਵਿੱਚ ਆਪਣੇ ਇੱਕ ਦੋਸਤ ਦੇ ਘਰ ਦੂਰਦਰਸ਼ਨ 'ਤੇ ਖਬਰਾਂ ਵੇਖ ਰਿਹਾ ਸੀ। ਇਹ ਸ਼ਾਇਦ 8 ਮਾਰਚ ਦਾ ਦਿਨ ਸੀ। ਜਦੋਂ ਚਮਕੀਲੇ ਅਤੇ ਅਮਰਜੋਤ ਨੂੰ ਮਾਰਨ ਦੀ ਖ਼ਬਰ ਆਈ ਤਾਂ ਮੈਨੂੰ ਇੱਕ ਝਟਕਾ ਜਿਹਾ ਲੱਗਾ। ਉਸ ਸਮੇਂ ਦੇ ਆਪਣੇ ਵਿਚਾਰਾਂ ਅਤੇ ਸੁਭਾਅ ਅਨੁਸਾਰ ਮੈਂ ਚਮਕੀਲੇ ਦੇ ਬਹੁਤੇ ਗੀਤਾਂ ਨੂੰ ਪਸੰਦ ਨਹੀਂ ਸਾਂ ਕਰਦਾ। ਉਸ ਨੇ ਨਿਸ਼ਚਿਤ ਹੀ ਆਪਣੇ ਕੁਝ ਗੀਤਾਂ ਵਿੱਚ ਸਮੇਂ ਦੇ ਸਮਾਜਕ ਚੌਖਟੇ ਅਤੇ ਸਭਿਆਚਾਰਕ ਮਰਿਆਦਾਵਾਂ ਨੂੰ ਉਲੰਘਣਾ ਸ਼ੁਰੂ ਕਰ ਦਿੱਤਾ ਸੀ। ਇਸ ਲਿਹਾਜ਼ ਨਾਲ ਉਸ ਦੇ ਬਹੁਤ ਸਾਰੇ ਗੀਤਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਪਰ ਮੈਂ ਇੱਕ ਦੋ ਗੀਤਾਂ ਦਾ ਹੀ ਜ਼ਿਕਰ ਕਰਾਂਗਾ, ਮਸਲਨ "ਜੀਜਾ ਸਾਲੀ 'ਤੇ, ਡਿੱਗ ਪਿਆ ਲੋਟਣੀ ਖਾ ਕੇ" ਜਾਂ "ਆਟੇ ਵਾਂਗੂੰ ਗੁਨ੍ਹ 'ਤੀ ਬਿਗਾਨੇ ਪੁੱਤ ਨੇ" ਜਾਂ "ਚਸਕਾ ਪੈ ਗਿਆ ਸਾਲੀ ਦਾ ਜੀਜਾ ਵੇ ਤੈਨੂੰ" ਆਦਿ ਆਦਿ। ਪਰ ਉਸ ਦੀ ਗਾਇਕੀ ਦਾ ਇੱਕ ਦੂਜਾ ਪੱਖ ਵੀ ਸੀ। ਉਸ ਨੇ ਜੋ ਸੋਲੋ ਗਾਇਆ ਜਾਂ ਕੁਝ ਕਲੀਆਂ ਜਾਂ ਲੋਕ ਤੱਥ ਗਾਏ, ਉਹ ਬੇਹੱਦ ਖ਼ੂਬਸੂਰਤ ਹਨ। ਉਸ ਦੀਆਂ ਧਾਰਮਿਕ ਕੈਸਿਟਾਂ ਵੀ ਲੱਖਾਂ ਵਿੱਚ ਵਿਕੀਆਂ।



ਫਿਰ ਵੀ ਉਸ ਦੇ ਮਿਆਰੋਂ ਨੀਵੇਂ ਗੀਤ ਪਰਿਵਾਰਾਂ ਵਿੱਚ ਬੈਠ ਕੇ ਸੁਣਨ ਵਾਲੇ ਨਹੀਂ ਹਨ। ਜਿਸ ਸਮੇਂ ਚਮਕੀਲਾ ਗਾ ਰਿਹਾ ਸੀ, ਉਸ ਵੇਲੇ ਤਾਂ ਇਹ ਬਿਲਕੁਲ ਹੀ ਸੰਭਵ ਨਹੀਂ ਸੀ। ਜਿਸ ਦੌਰ ਵਿੱਚ ਚਮਕੀਲੇ ਦਾ ਉਭਾਰ ਹੁੰਦਾ ਹੈ, ਬਿਲਕੁਲ ਉਨ੍ਹਾਂ ਸਮਿਆਂ ਵਿੱਚ ਹੀ ਪੰਜਾਬ ਵਿੱਚ ਸਿੱਖ ਖਾੜਕੂ ਲਹਿਰ ਆਪਣਾ ਜ਼ੋਰ ਫੜ ਰਹੀ ਸੀ। ਇਸੇ ਦੌਰ ਵਿੱਚ ਸਰਕਾਰੀ ਜਬਰ ਅਤੇ ਪੰਜਾਬ ਦੀਆਂ ਮੰਗਾਂ ਨੂੰ ਦਰਕਿਨਾਰ ਕਰਨ ਕਰਕੇ ਅਕਾਲੀਆਂ ਹੱਥੋਂ ਸਿੱਖ ਲਹਿਰ ਦੀ ਅਗਵਾਈ ਤਿਲਕ ਕੇ ਸਿੱਖ ਰੈਡੀਕਲ ਧਿਰਾਂ ਕੋਲ ਚਲੀ ਗਈ, ਜਿਸ ਦੀ ਅਗਵਾਈ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਕਰ ਰਹੇ ਸਨ। ਇਸ ਨਾਲ ਸਿੱਖ ਲਹਿਰ ਵਿੱਚ ਹਥਿਆਰਾਂ ਦਾ ਦਖਲ ਵੀ ਵਧਣ ਲੱਗਾ। ਉਧਰ ਕੇਂਦਰ ਦੀ ਕਾਂਗਰਸ ਸਰਕਾਰ ਦੀਆਂ ਆਪਣੀਆਂ ਗਿਣਤੀਆਂ-ਮਿਣਤੀਆਂ ਸਨ। ਉਹ ਸ਼ਾਇਦ ਇਸ ਵਰਤਾਰੇ ਨੂੰ ਇੱਕ ਸਿਖਰ 'ਤੇ ਪਹੁੰਚਾ ਕੇ ਇਸ 'ਤੇ ਵਾਰ ਕਰਨਾ ਚਹੁੰਦੀ ਸੀ ਤਾਂ ਕਿ ਵੋਟ ਰਾਜਨੀਤੀ ਵਿੱਚ ਇਸ ਦਾ ਲਾਹਾ ਲਿਆ ਜਾ ਸਕੇ। ਸਿੱਖ ਰੈਡੀਕਲ ਧਿਰਾਂ ਇਸ ਢਿੱਲ ਨੂੰ ਆਪਣੇ ਆਪ ਨੂੰ ਮਜ਼ਬੂਤ ਕਰਨ ਲਈ ਵਰਤ ਰਹੀਆਂ ਸਨ। ਇਸ ਤਰ੍ਹਾਂ ਰਾਜਨੀਤਿਕ ਸੀਨ 'ਤੇ ਉਭਰੀਆਂ ਦੋਨੋ ਧਿਰਾਂ ਆਪੋ-ਆਪਣੇ ਹਿਸਾਬ ਨਾਲ ਚਾਲਾਂ ਚੱਲ ਰਹੀਆਂ ਸਨ। ਸ਼ਾਂਤਮਈ ਸੰਘਰਸ਼ ਦੀ ਅਗਵਾਈ ਕਰਨ ਵਾਲੇ ਅਕਾਲੀ ਲੀਡਰ ਆਪਣੇ ਆਪ ਨੂੰ ਦੋਹਾਂ ਧਿਰਾਂ ਦੇ ਵਿਚਕਾਰ ਫਸਿਆ ਮਹਿਸੂਸ ਕਰਨ ਲੱਗੇ। ਪਰ ਉਭਰ ਰਹੇ ਸਿੱਖ ਖਾੜਕੂਵਾਦ ਤੋਂ ਦੂਰ ਜਾ ਕੇ ਵੀ ਉਨ੍ਹਾਂ ਦਾ ਗੁਜ਼ਾਰਾ ਸੰਭਵ ਨਹੀਂ ਸੀ; ਕਿਉਂਕਿ 1984 ਤੱਕ ਆਉਂਦੇ-ਆਉਂਦੇ ਸਿੱਖ ਜਨਸਮੂਹ ਸਿੱਖ ਖਾੜਕੂ ਧਿਰਾਂ ਦੇ ਵਧਵੇਂ ਪ੍ਰਭਾਵ ਹੇਠ ਚਲੇ ਗਏ ਸਨ।

ਉਪਰੇਸ਼ਨ ਬਲਿਊਸਟਾਰ ਦੌਰਾਨ ਸ੍ਰੀ ਦਰਬਾਰ ਸਾਹਿਬ 'ਤੇ ਫੌਜ ਦੀ ਕਾਰਵਾਈ ਅਤੇ ਇਸ ਤੋਂ ਪਿਛੋਂ ਪੰਜਾਬ ਦੇ ਪਿੰਡਾਂ ਵਿੱਚ ਸਿੱਖ ਨੌਜਵਾਨਾਂ ਦੀਆਂ ਥੋਕ ਵਿੱਚ ਗ੍ਰਿਫਤਾਰੀ, ਲਾਪਤਾ ਹੋਣ ਦੇ ਮਾਮਲਿਆਂ, ਪੁਲਿਸ ਮੁਕਾਬਲਿਆਂ ਅਤੇ ਥਣਿਆਂ ਵਿੱਚ ਕੀਤੇ ਗਏ ਤਸ਼ਦਦ ਅਤੇ ਧੀਆਂ ਭੈਣ ਦੀਆਂ ਬੇਪਤੀਆਂ ਨੇ ਪੇਂਡੂ ਸਿੱਖ ਭਾਈਚਾਰੇ ਵਿੱਚ ਇੱਕ ਸਮੂਹਿਕ ਸੋਗ ਦਾ ਮਾਹੌਲ ਪੈਦਾ ਕਰ ਦਿੱਤਾ ਸੀ। ਨਾ ਸਿਰਫ ਆਮ ਸਿੱਖ ਅਵਾਮ ਵਿੱਚ ਹੀ ਇਸ ਕਿਸਮ ਦੀ ਸੋਗ ਦੀ ਲਹਿਰ ਸੀ, ਸਗੋਂ ਸਿੱਖ ਦਾਨਿਸ਼ਵਰਾਂ ਨੇ ਵੀ ਇਨ੍ਹਾਂ ਘਟਨਾਵਾਂ ਦਾ ਦਰਦ ਮਹਿਸੂਸ ਕਰਨਾ ਸ਼ੁਰੂ ਕੀਤਾ। ਪਿੱਛੋਂ ਨਵੰਬਰ 1984 ਵਿੱਚ ਦੇਸ਼ ਵਿੱਚ ਹੋਏ ਸਿੱਖ ਵਿਰੋਧੀ ਦੰਗਿਆਂ ਨੇ ਪੰਜਾਬ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਵਿੱਚ ਮਾਹੌਲ ਹੋਰ ਵਧੇਰੇ ਗੁਸੈਲ ਅਤੇ ਸੋਗਮਈ ਬਣਾ ਦਿੱਤਾ ਸੀ।

ਇਹ ਇੱਕ ਇਤਫਾਕ ਹੀ ਸੀ ਕਿ ਇਹੋ ਜਿਹੇ ਮਾਹੌਲ ਵਿੱਚ ਹੀ ਅਮਰ ਸਿੰਘ ਚਮਕੀਲੇ ਦੀ ਗਾਇਕੀ ਆਪਣੀਆਂ ਸਿੱਖਰਾਂ ਛੂੰਹਦੀ ਹੈ। ਇਹ ਆਪਣੇ ਆਪ ਲਈ ਪੰਜਾਬ ਦੀ ਘੱਟ ਪੜ੍ਹੀ-ਲਿਖੀ ਜਵਾਨੀ ਵਿੱਚ ਆਪਣੇ ਲਈ ਇੱਕ ਜਸ਼ਨ ਵਾਲਾ ਮਾਹੌਲ ਸਿਰਜਣ ਦਾ ਯਤਨ ਕਰਦੀ ਹੈ। ਪੰਜਾਬ, ਖਾਸ ਕਰਕੇ ਮਾਝੇ ਦੇ ਪਿੰਡਾਂ ਵਿੱਚ ਘਰ-ਘਰ ਪਿੱਟ ਸਿਆਪਾ ਅਤੇ ਸੋਗਮਈ ਮਾਹੌਲ ਸੀ ਜਿਸ ਵਿੱਚੋਂ ਸਮੂਹਿਕ ਸਿੱਖ ਸਪਿਰਟ ਗੁਜਰ ਰਹੀ ਸੀ। ਦੂਜੇ ਪਾਸੇ ਚਮਕੀਲੇ ਦੇ ਗੀਤਾਂ ਦਾ ਜਸ਼ਨ ਸੀ। ਇਨ੍ਹਾਂ ਦੋ, ਇੱਕ-ਦੂਜੇ ਦੀਆਂ ਵਿਰੋਧੀ ਧਾਰਾਵਾਂ ਦਾ ਆਪਸ ਵਿੱਚ ਕੋਈ ਮੇਲ ਨਹੀਂ ਸੀ। ਕਿਤੇ ਨਾ ਕਿਤੇ ਟਕਰਾਅ ਹੋਣਾ ਨਿਸ਼ਚਤ ਸੀ ਤੇ ਅਖੀਰ ਨੂੰ ਇਹ ਹੋਇਆ ਵੀ, ਜਿਸ ਵਿੱਚ ਅਮਰ ਸਿੰਘ ਚਮਕੀਲੇ ਦਾ ਕਤਲ ਹੋਇਆ।

ਚਮਕੀਲੇ ਦੀ ਮੌਤ ਬਾਰੇ ਬਹੁਤ ਸਾਰੀਆਂ ਕਿਆਸਅਰਾਈਆਂ ਚਲਦੀਆਂ ਹਨ। ਕੁਝ ਲੋਕ ਕਹਿੰਦੇ ਹਨ ਕਿ ਉਸ ਨੂੰ ਸੰਗੀਤ ਇੰਡਸਟਰੀ ਦੇ ਸ਼ਰੀਕ ਗਾਇਕਾਂ ਨੇ ਹੀ ਮਰਵਾਇਆ, ਜਿਹੜੇ ਉਸ ਦੀ ਆਮਦ ਤੋਂ ਬਾਅਦ ਵੇਹਲੇ ਹੋ ਗਏ ਸਨ। ਦੂਜੀਆਂ ਧਿਰਾਂ ਮੰਨਦੀਆਂ ਹਨ ਕਿ ਉਹ ਸਿੱਖ ਖਾੜਕੂ ਧਿਰਾਂ ਦੀ ਗੋਲੀ ਦਾ ਹੀ ਸ਼ਿਕਾਰ ਹੋਇਆ। ਜ਼ਿਆਦਾ ਸੰਭਾਵਨਾ ਉਸ ਦੇ ਸਿੱਖ ਖਾੜਕੂਆਂ ਹੱਥੋਂ ਮਾਰੇ ਜਾਣ ਦੀ ਹੀ ਹੈ, ਕਿਉਂਕਿ ਇਸ ਦੌਰ ਤੱਕ ਪਹੁੰਚਦਿਆਂ ਸਿੱਖ ਖਾੜਕੂ ਸਫਾਂ ਕਿਸੇ ਹੱਦ ਤੱਕ ਆਪ ਮੁਹਾਰੀਆਂ ਵੀ ਹੋ ਗਈਆਂ ਸਨ। ਇਸ ਤੋਂ ਇਲਾਵਾ ਕਿਸੇ ਵੀ ਅੰਡਰਗਰਾਉਂਡ ਤਨਜ਼ੀਮ 'ਤੇ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਦਾ ਵੀ ਦਬਾਅ ਹੁੰਦਾ ਹੈ। ਇਸ ਲਈ ਇਨ੍ਹਾਂ ਲਹਿਰਾਂ ਨੂੰ ਲਗਾਤਾਰ ਸਰਗਰਮ ਰਹਿਣਾ ਪੈਂਦਾ ਹੈ। ਚਮਕੀਲਾ ਇੱਕ ਸੌਖਾ ਨਿਸ਼ਾਨਾ ਵੀ ਸੀ। ਕਿਉਂਕਿ ਧਮਕੀਆਂ ਦੇ ਬਾਵਜੂਦ ਉਸ ਨੇ ਪੁਲਿਸ ਸੁਰੱਖਿਆ ਹਾਸਲ ਨਹੀਂ ਸੀ ਕੀਤੀ। ਮਾਰਨ ਦੀ ਸੂਰਤ ਵਿੱਚ ਉਸ ਨੇ ਅਖਬਾਰਾਂ ਦੀ ਵੱਡੀ ਸੁਰਖੀ ਬਣ ਜਾਣਾ ਸੀ ਤੇ ਬਣਿਆ ਵੀ। ਇੱਕ ਧਮਕੀ ਪੱਤਰ ਆਉਣ ਤੋਂ ਬਾਅਦ ਉਹ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਪਿੰਡ ਉੱਪਲਾਂ ਦੇ ਗੀਤਕਾਰ ਸਵਰਨ ਸਿੰਘ ਸਿਵੀਆ ਨੂੰ ਵੀ ਮਿਲਿਆ ਸੀ। ਯਾਦ ਰਹੇ, ਚਮਕੀਲੇ ਵੱਲੋਂ ਗਾਏ ਬਹੁਤੇ ਧਾਰਮਿਕ ਗੀਤ ਸਵਰਨ ਸਿਵੀਆ ਨੇ ਹੀ ਲਿਖੇ ਸਨ। ਉਹਦਾ ਬੇਹੱਦ ਮਕਬੂਲ ਗੀਤ 'ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਣਾ' ਵੀ ਸਵਰਨ ਸਿਵੀਏ ਦੀ ਲਿਖਤ ਸੀ। 'ਪਰਾਈਮ ਏਸ਼ੀਆ' ਟੀ.ਵੀ. ਨਾਲ ਇੱਕ ਇੰਟਰਵਿਊ ਵਿੱਚ ਸਵਰਨ ਸਿਵੀਆ ਨੇ ਚਮਕੀਲੇ ਨੂੰ ਆਏ ਉਸ ਧਮਕੀ ਪੱਤਰ ਦਾ ਜ਼ਿਕਰ ਕੀਤਾ ਸੀ, ਜਿਸ ਤੋਂ ਬਾਅਦ ਉਹ ਦਰਬਾਰ ਸਾਹਿਬ ਜਾ ਕੇ ਪੰਥਕ ਕਮੇਟੀ ਦੇ ਆਗੂਆਂ ਨੂੰ ਮਿਲੇ ਸਨ। ਸਵਰਨ ਸਿੰਘ ਸਿਵੀਆ ਅਨੁਸਾਰ ਮਿਲਣ ਵੇਲੇ ਵੱਸਣ ਸਿੰਘ ਜ਼ਫਰਵਾਲ ਨੇ ਚਮਕੀਲੇ ਨੂੰ ਜੱਫੀ ਵਿੱਚ ਲੈਂਦਿਆਂ ਕਿਹਾ ਸੀ, "ਆ ਉਏ ਪੰਜਾਬ ਦੇ ਬੱਬਰ ਸ਼ੇਰ ਗਵਈਆ।" ਇਹ ਗੱਲ ਸੱਚ ਹੈ ਜਾਂ ਝੂਠ, ਪਤਾ ਨਹੀਂ! ਪਰ ਵੱਸਣ ਸਿੰਘ ਜ਼ਫਰਵਾਲ ਅੱਜ ਵੀ ਜਿਉਂਦੇ ਹਨ, ਇਸ ਗਲਤ/ਠੀਕ ਨੂੰ ਤਸਦੀਕ ਕਰ ਸਕਦੇ ਹਨ।

ਸਵਰਨ ਸਿਵੀਆ ਅਨੁਸਾਰ ਪੰਥਕ ਕਮੇਟੀ ਦੇ ਇੱਕ ਸੰਤ ਬਿਰਤੀ ਵਾਲੇ ਬੰਦੇ ਨੇ ਅਮਰ ਸਿੰਘ ਚਮਕੀਲੇ ਨੂੰ ਚੰਗਾ ਗਾਉਣ ਅਤੇ ਦਰਬਾਰ ਸਾਹਿਬ ਵਿੱਚ ਦੇਗ ਕਰਵਾਉਣ ਤੇ ਗੁਰੂ ਮਹਾਰਾਜ ਕੋਲੋਂ ਮੁਆਫੀ ਮੰਗਣ ਲਈ ਕਿਹਾ ਸੀ। ਇਸ ਤੋਂ ਬਾਅਦ ਉਸ ਨੇ 5500 ਰੁਪਏ ਦੀ ਦੇਗ ਕਰਵਾਈ ਅਤੇ ਘਰ ਪਰਤ ਆਏ ਸਨ। ਉਸ ਤੋਂ ਬਾਅਦ ਗਾਏ ਉਸ ਦੇ ਧਾਰਮਿਕ ਗੀਤ ਵੀ ਬੇਹੱਦ ਮਕਬੂਲ ਹੋਏ। ਮੇਰੇ ਲਈ ਸਿੱਧੂ ਮੂਸੇਵਾਲਾ ਤੇ ਅਮਰ ਸਿੰਘ ਚਮਕੀਲਾ ਤਕਰੀਬਨ ਇੱਕੋ ਜਿਹੇ ਗਾਇਕ ਹੀ ਸਨ। ਮੈਂ ਜਿਉਂਦੇ ਜੀ ਦੋਹਾਂ ਨੂੰ ਨਹੀਂ ਸੁਣਿਆ। ਮੌਤ ਤੋਂ ਬਾਅਦ ਹੀ ਇਨ੍ਹਾਂ ਨੂੰ ਧਿਆਨ ਨਾਲ ਸੁਣਿਆ। ਦੋਨੋਂ ਚੱਕਵੇਂ ਗੀਤ ਗਾਉਂਦੇ ਸਨ। ਇੱਕ ਹਥਿਆਰਾਂ ਪ੍ਰਤੀ ਅਤੇ ਦੂਜਾ ਇਸ਼ਕ ਮੁਸ਼ਕ ਵਾਲੇ; ਪਰ ਕਲਾਕਾਰ ਦੋਵੇਂ ਲਾਸਾਨੀ ਸਨ। ਇਨ੍ਹਾਂ ਦੋਵਾਂ ਦੇ ਅਧਵਾਟੇ ਮਾਰੇ ਜਾਣ ਦੇ ਦੁਖਾਂਤ ਦਾ ਸਬਕ ਇਹ ਹੈ ਕਿ ਵਿਚਾਰਾਂ ਜਾਂ ਸਭਿਆਚਾਰਕ ਪ੍ਰਗਟਾਵੇ ਦੀ ਨਾਬਰੀ ਨਾਲ ਹਥਿਆਰਾਂ ਨਾਲ ਨਹੀਂ ਨਿਪਟੀਦਾ। ਇਹਦੇ ਲਈ ਸਮਾਨਾਂਤਰ ਵਿਚਾਰਾਂ ਦਾ ਪ੍ਰਵਾਹ ਅਤੇ ਬਦਲਵਾਂ ਸਭਿਆਚਾਰਕ ਪ੍ਰਗਟਾਵਾ ਹੀ ਸਹੀ ਰਾਹ ਹੈ।

---

# ਕਬਾਬ

ਸ਼ਬਦੋ ਵਣਜਾਰਿਓ

**ਪਰਮਜੀਤ ਢੀਂਗਰਾ**
ਫੋਨ: +91-9417358120



ਹਰ ਦੇਸ਼ ਦੇ ਖਾਣ ਪੀਣ ਦੇ ਤੌਰ ਤਰੀਕੇ ਵਿਲੱਖਣ ਹੁੰਦੇ ਹਨ। ਭਾਰਤ ਕਿਉਂਕਿ ਅਨੇਕਾਂ ਧਰਮਾਂ, ਕੌਮਾਂ, ਜਾਤਾਂ, ਨਸਲਾਂ ਦਾ ਗੁਲਦਸਤਾ ਹੈ, ਇਸ ਕਰਕੇ ਇੱਥੇ ਹਰ ਪ੍ਰਾਂਤ, ਸ਼ਹਿਰ, ਗਲੀ, ਮੁਹੱਲੇ ਵਿੱਚ ਕੋਈ ਨਾ ਕੋਈ ਵੱਖਰੀ ਪ੍ਰਕਾਰ ਦਾ ਪਕਵਾਨ ਮਿਲ ਜਾਂਦਾ ਹੈ। ਪਰ ਕੁਝ ਪਕਵਾਨ ਅਜਿਹੇ ਹਨ, ਜਿਨ੍ਹਾਂ ਨੂੰ ਲਜੀਜ਼ ਬਣਾਉਣ ਤੇ ਪ੍ਰਸਿਧ ਕਰਨ ਵਿੱਚ ਬੜਾ ਸਮਾਂ ਲੱਗਿਆ। ਇਹ ਪਕਵਾਨ ਬਾਹਰੋਂ ਆਏ ਹਨ। ਮੁਸਲਮਾਨਾਂ ਦੀ ਆਮਦ ਨਾਲ ਮਾਸਾਹਾਰੀ ਪਕਵਾਨਾਂ ਵਿੱਚ ਬਹੁਤ ਵੰਨਗੀਆਂ ਆਈਆਂ। ਇਨ੍ਹਾਂ ਵਿੱਚੋਂ ਇੱਕ ਪਕਵਾਨ ਕਬਾਬ ਹੈ। ਅਰਬੀ ਕੋਸ਼ ਵਿੱਚ ਇਸ ਦੇ ਅਰਥ ਕੀਤੇ ਗਏ ਹਨ- ਸੀਖ 'ਤੇ ਭੁੰਨਿਆ ਹੋਇਆ ਗੋਸ਼ਤ, ਕੋਇਲੇ ਜਾਂ ਸੀਖ 'ਤੇ ਭੁੰਨਿਆ ਗੋਸ਼ਤ, ਕੜਾਹੀ ਵਿੱਚ ਤਲੇ ਹੋਏ ਕਬਾਬ, ਜਿਨ੍ਹਾਂ ਨੂੰ ਸ਼ਾਮੀ ਕਬਾਬ ਕਿਹਾ ਜਾਂਦਾ ਹੈ; ਗੋਲੀਆਂ ਵਾਲੇ ਕਬਾਬ ਜੋ ਦੇਗਚੀ ਵਿੱਚ ਪਕਦੇ ਹਨ। ਭਿੰਨ ਭਿੰਨ ਪ੍ਰਕਾਰ ਦਾ ਭੁੰਨਿਆ ਹੋਇਆ ਜਾਂ ਤਲਿਆ ਗੋਸ਼ਤ। ਕਬਾਬੀ- ਕਬਾਬ ਨਾਲ ਸੰਬੰਧਤ, ਕਬਾਬ ਖਾਣ ਵਾਲਾ, ਕਬਾਬ ਕਰਨ ਲਾਇਕ (ਮੁਰਗਾ), ਸ਼ਰਾਬੀ ਕਬਾਬੀ- ਉਹ ਵਿਅਕਤੀ ਜੋ ਸ਼ਰਾਬ ਪੀਂਦਾ ਤੇ ਕਬਾਬ ਖਾਂਦਾ ਹੈ।

ਫ਼ਾਰਸੀ ਕੋਸ਼ ਅਨੁਸਾਰ ਸੀਖਾਂ 'ਤੇ ਚੜ੍ਹਾ ਕੇ ਕੋਲਿਆਂ 'ਤੇ ਭੁੰਨੇ ਹੋਏ ਕੀਮੇ ਜਾਂ ਗੋਸ਼ਤ ਦੇ ਟੁਕੜੇ, ਭੁੰਨਿਆ ਹੋਇਆ ਮਾਸ, ਘਿਓ ਵਿੱਚ ਤਲੀਆਂ ਹੋਈਆਂ ਕੀਮੇ ਦੀਆਂ ਟਿੱਕੀਆਂ, ਕਬਾਬ-ਏ-ਸ਼ਾਮੀ-ਕਬਾਬ ਦੀ ਇੱਕ ਕਿਸਮ ਜੋ ਸ਼ਾਮ ਦੇਸ਼ ਨਾਲ ਸੰਬੰਧਤ ਹੈ, ਕਬਾਬ-ਏ-ਹਿੰਦੀ= ਕਬਾਬ ਦੀ ਇੱਕ ਕਿਸਮ ਜਿਸਦਾ ਰੰਗ ਕਾਲਾ ਹੁੰਦਾ ਹੈ। ਕਬਾਬੀ- ਕਬਾਬ ਭੁੰਨਣ ਵਾਲਾ/ਵੇਚਣ ਵਾਲਾ।

ਪੰਜਾਬੀ ਕੋਸ਼ਾਂ ਵਿੱਚ ਵੀ ਇਹੋ ਜਿਹੇ ਅਰਥ ਕੀਤੇ ਗਏ ਹਨ। ਇਸ ਨਾਲ ਕੁਝ ਮੁਹਾਵਰੇ ਵੀ ਜੁੜੇ ਹੋਏ ਹਨ: ਕਬਾਬ ਹੋਣਾ- ਸੜ ਬਲ ਜਾਣਾ, ਬਹੁਤ ਰੰਜ ਕਰਨਾ, ਦੁਖੀ ਹੋਣਾ; ਕਬਾਬ ਕਰਨਾ- ਦੁਖੀ ਕਰਨਾ; ਈਰਖਾ ਜਾਂ ਸਾੜਾ, ਗੁੱਸਾ ਚੜ੍ਹਾਉਣਾ; ਕਬਾਬ ਵਿੱਚ ਹੱਡੀ ਬਣਨਾ; ਕਬਾਬਖਾਨਾ- ਉਹ ਥਾਂ ਜਿਥੇ ਕਬਾਬ ਬਣਦੇ ਹਨ; ਕਬਾਬਣ- ਕਬਾਬ ਵੇਚਣ ਵਾਲੀ; ਕਬਾਬੀ ਦੀ ਵਹੁਟੀ, ਕਬਾਬੀਆ; ਸ਼ਰਾਬਣ ਕਬਾਬਣ- ਫੈਲਣ, ਬਦਮਾਸ਼ ਔਰਤ; ਹੁਸੈਨੀ ਕਬਾਬ- ਕਬਾਬ ਦੀ ਇੱਕ ਕਿਸਮ; ਕਬਾਬਚੀਨੀ- ਇੱਕ ਦਵਾ ਜੋ ਗਰਮ ਖੁਸ਼ਕ ਹੁੰਦੀ ਹੈ, Piper Cubeba ਦਾ ਸੁੱਕਿਆ ਫੁੱਲ ਜੋ ਸਮਾਟਰਾ ਤੋਂ ਆਉਂਦਾ ਹੈ। ਇਹ ਹਾਜ਼ਮੇ, ਜਿਗਰ, ਖਰਾਬ ਗਲੇ ਤੇ ਬਵਾਸੀਰ ਲਈ ਗੁਣਕਾਰੀ ਹੈ। ਇਸਲਾਮੀ ਦੌਰ ਵਿੱਚ ਅਰਬੀ ਮਿਠਾਈਆਂ, ਤੁਰਕੀ ਇਰਾਨੀ ਢੰਗ ਦੇ ਲਜੀਜ਼ ਖਾਣੇ ਤੇ ਪਕਵਾਨਾਂ ਨੇ ਭਾਰਤੀ ਖਾਣ ਪੀਣ ਦੀ ਪਰੰਪਰਾ ਨੂੰ ਅਮੀਰ ਬਣਾਇਆ। ਕਬਾਬ ਵੀ ਇੱਕ ਅਜਿਹੀ ਚੀਜ਼ ਹੈ, ਜਿਸਦੇ ਜ਼ਿਕਰ ਨਾਲ ਮੂੰਹ ਵਿੱਚ ਪਾਣੀ ਆ ਜਾਂਦਾ ਹੈ। ਇਹ ਅਰਬੀ ਸਭਿਆਚਾਰ ਦੀ ਦੇਣ ਹੈ। ਕਬਾਬ ਦੀਆਂ ਮੂਲ ਕਿਸਮਾਂ ਦੋ ਹੀ ਹਨ- ਟਿੱਕਾ ਕਬਾਬ ਤੇ ਸੀਖ ਕਬਾਬ। ਲੱਜ਼ਤ ਦੀ ਇੱਕ ਭਰੀ ਭਰਾਈ ਤੇ ਖ਼ੁਸ਼ਬੋਦਾਰ ਦੁਨੀਆ ਇਨ੍ਹਾਂ ਦੋਹਾਂ ਕਬਾਬਾਂ ਦੇ ਸਵਾਦ ਵਿੱਚ ਸਿਮਟੀ ਹੋਈ ਹੈ। ਇਨ੍ਹਾਂ ਦੋਹਾਂ ਦੇ ਅਨੇਕਾਂ ਨਾਂ ਤੇ ਅਨੇਕਾਂ ਵਿਧੀਆਂ ਹਨ, ਜਿਨ੍ਹਾਂ ਨਾਲ ਇਹ ਤਿਆਰ ਕੀਤੇ ਜਾਂਦੇ ਹਨ।

ਅਰਬੀ ਮੂਲ ਵਿੱਚ ਕਬਾਬ ਦਾ ਅਰਥ ਹੈ- ਮਾਸ ਦੇ ਤਲੇ ਹੋਏ ਛੋਟੇ ਛੋਟੇ ਟੁਕੜੇ। ਅਰਬੀ ਕਬਾਬ ਬਣਿਆ ਹੈ, ਸੈਮੇਟਿਕ ਧਾਤੂ 'ਕ-ਬ-ਬ' (k-b-b) ਤੋਂ ਜਿਸ ਵਿੱਚ ਜਲਾਉਣ, ਭੁੰਨਣ, ਜਲਾ ਕੇ ਕੋਇਲਾ ਕਰਨ ਦੇ ਭਾਵ ਹਨ। ਆਰਮੇਈਕ ਦਾ ਸ਼ਬਦ 'ਕਬਾਬਾ' ਇਸੇ ਤੋਂ ਬਣਿਆ ਹੈ, ਜਿਸ ਦਾ ਅਰਥ ਹੈ- ਤਲਣਾ, ਭੁੰਨਣਾ। ਇਸਦਾ ਅਗਲਾ ਰੂਪ ਹੈ- ਕਬਾਬ, ਜਿਸਦਾ ਅਰਥ ਹੈ- ਮਾਸ ਦਾ ਤਲਿਆ ਟੁਕੜਾ। ਅੰਗਰੇਜ਼ੀ ਵਿੱਚ ਇਸਦਾ ਰੂਪ ਹੈ- ਕੇਬਾਬ (kebab), ਫ਼ਾਰਸੀ ਵਿੱਚ ਇਹ ਕਬਾਬ ਹੀ ਰਿਹਾ ਜਦ ਕਿ ਸਰਬੀਆਈ ਵਿੱਚ cevap, ਤੁਰਕੀ ਵਿੱਚ ਕਬਾਪ, ਤੇ ਉਜ਼ਬੇਕੀ ਵਿੱਚ ਕਬੋਬ (kabob) ਮਿਲਦਾ ਹੈ। ਟਿੱਕਾ ਸ਼ੁੱਧ ਭਾਰਤੀ ਨਾਂ ਹੈ। ਟਿੱਕੀ ਸ਼ਬਦ ਬਣਿਆ ਹੈ ਸੰਸਕ੍ਰਿਤ ਦੇ 'ਵਟਿਕਾ' ਤੋਂ, ਜਿਸਦਾ ਅਰਥ ਹੈ- ਗੋਲ, ਚਪਟੀ, ਲਿੱਪੀ ਹੋਈ ਵਸਤੂ। ਮੱਥੇ 'ਤੇ ਵੀ ਟਿੱਕਾ ਲਾਉਣ ਦਾ ਭਾਰਤ ਵਿੱਚ ਧਾਰਮਕ ਰਿਵਾਜ ਹੈ, ਇਹ ਇੱਕ ਰੀਤ ਵੀ ਹੈ ਜਿਸਨੂੰ ਟਿੱਕਾ ਭਾਈ ਦੂਜ ਕਿਹਾ ਜਾਂਦਾ ਹੈ।

ਮੱਧਕਾਲ ਵਿੱਚ ਇਰਾਨ ਵਿੱਚ 'ਤਬਹਾਜੀਆ' ਨਾਂ ਦਾ ਇੱਕ ਮਾਸਾਹਾਰੀ ਪਕਵਾਨ ਬੜਾ ਮਸ਼ਹੂਰ ਸੀ, ਜਿਸ ਵਿੱਚ ਮੀਟ ਦੇ ਬਹੁਤ ਬਾਰੀਕ ਕਤਲਿਆਂ ਨੂੰ ਮਸਾਲਿਆਂ ਵਿੱਚ ਲਪੇਟ ਕੇ ਰਖਿਆ ਜਾਂਦਾ ਸੀ, ਬਾਅਦ ਵਿੱਚ ਉਨ੍ਹਾਂ ਨੂੰ ਤਲ ਕੇ ਚਟਨੀ ਨਾਲ ਖਾਧਾ ਜਾਂਦਾ ਸੀ। ਮਸਾਲਿਆਂ ਦੀ ਵਰਤੋਂ ਵਿੱਚ ਫਾਰਸ ਦੇ ਲੋਕ ਅਰਬਾਂ ਨਾਲੋਂ ਅੱਗੇ ਸਨ। ਅਠਵੀਂ-ਨੌਵੀਂ ਸਦੀ ਤੋਂ ਬਾਅਦ ਜਦੋਂ ਇਰਾਨ ਵਿੱਚ ਅਰਬੀ ਪ੍ਰਭਾਵ ਵਧਿਆ ਤਾਂ ਉਥੇ ਕਬਾਬ ਸ਼ਬਦ ਪਹੁੰਚਿਆ। ਬਾਅਦ ਦੇ ਦੌਰ ਵਿੱਚ ਸ਼ਾਹੀ ਖਾਨਸਾਮਿਆਂ ਨੇ ਤਬਹਾਜੀਆ ਨੂੰ ਜ਼ਾਇਕੇਦਾਰ ਬਣਾਉਣ ਲਈ ਨਵੇਂ ਤਰੀਕੇ ਇਜ਼ਾਦ ਕੀਤੇ ਤੇ ਮੀਟ ਨੂੰ ਬਾਰੀਕ ਬਾਰੀਕ ਪੀਹ ਕੇ ਕੀਮੇ ਨੂੰ ਮਸਾਲਿਆਂ ਵਿੱਚ ਲਪੇਟ ਕੇ ਤਲਣਾ ਸ਼ੁਰੂ ਕੀਤਾ। ਬਾਅਦ ਵਿੱਚ ਤਬਹਾਜੀਆ ਦੀ ਥਾਂ ਕਬਾਬ ਨੇ ਲੈ ਲਈ।

ਫਾਰਸ ਦੇ ਮਸਾਲਾ ਕਬਾਬ ਦੀ ਸ਼ੋਹਰਤ ਤੁਰਕਿਸਤਾਨ ਪਹੁੰਚ ਗਈ, ਜਿਥੇ ਬਾਰਬੀਕਿਉ (barbeque) ਭਾਵ ਭੱਠੀ 'ਤੇ ਰਖੀਆਂ ਲੋਹੇ ਦੀਆਂ ਸੀਖਾਂ 'ਤੇ ਮਾਸ ਰੱਖ ਕੇ ਭੁੰਨਣ ਦੀ ਪਰੰਪਰਾ ਸ਼ੁਰੂ ਹੋਈ। ਤੁਰਕੀਆਂ ਨੇ ਕੀਮੇ ਦੀਆਂ ਗੋਲੀਆਂ ਨੂੰ ਤਲਣ ਦੀ ਬਜਾਏ ਲੋਹੇ ਦੀਆਂ ਪਤਲੀਆਂ ਸਲਾਈਆਂ ਉਪਰ ਮਸਾਲੇਦਾਰ ਕੀਮੇ ਨੂੰ ਲਪੇਟ ਕੇ ਅੱਗ 'ਤੇ ਭੁੰਨਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਸਾਹਮਣੇ ਆਇਆ- ਸ਼ੀਸ਼ ਕਬਾਬ (shish kebab) ਮੂਲ ਅਰਬੀ ਵਿੱਚ ਇਸ ਸ਼ੀਵਾ (shiwa) ਦਾ ਅਰਥ ਹੈ- ਭੁੰਨਣਾ ਜਾਂ ਭੁੰਨਣ ਵਾਲਾ ਕਾਂਟਾ। ਤੁਰਕੀ ਵਿੱਚ ਇਹਦਾ ਰੂਪ ਬਣਿਆ- ਸ਼ੀਸ਼ ਕਬਾਬ। ਇਹ ਹਿੰਦੋਸਤਾਨੀ ਸੀਖ ਕਬਾਬ ਵਰਗਾ ਹੀ ਹੁੰਦਾ ਹੈ, ਪਰ ਸੀਖ ਕਬਾਬ ਦਾ ਜਨਮ ਫਾਰਸ ਵਿੱਚ ਹੋਇਆ ਤੇ ਸ਼ੀਸ਼ ਕਬਾਬ ਦਾ ਤੁਰਕੀ ਵਿਚ।

ਫਾਰਸੀ ਵਿੱਚ ਲੋਹੇ ਦੀ ਸੀਖ ਨੂੰ 'ਸੀਖਚਾ' ਕਹਿੰਦੇ ਹਨ। ਸਲਾਖ ਤੇ ਸਲਾਈ ਮੂਲ ਰੂਪ ਵਿੱਚ ਦੋਵੇਂ ਇੰਡੋ-ਇਰਾਨੀ ਭਾਸ਼ਾ ਪਰਿਵਾਰ ਦੇ ਸ਼ਬਦ ਹਨ। ਸੰਸਕ੍ਰਿਤ ਵਿੱਚ 'ਤੀਖਸ਼ਣਤਾ' ਜਾਂ ਚੁਭੋਣ ਲਈ 'ਸ਼ਲ੍' ਧਾਤੂ ਮਿਲਦੀ ਹੈ। ਕੰਡੇ ਦੇ ਅਰਥਾਂ ਵਿੱਚ ਸ਼ੂਲ ਜਾਂ ਸੂਲ ਦੀ ਚੁਭਣ ਦੇਖੀ ਜਾ ਸਕਦੀ ਹੈ, ਇਸ ਤੋਂ ਸ਼ਲਯ੍ ਚਕਿਤਸਾ ਦਾ ਜਨਮ ਹੋਇਆ ਹੈ। ਇਸ ਤੋਂ ਸ਼ਬਦ ਬਣਿਆ ਹੈ- 'ਸ਼ਲਾਕਿਕਾ' ਅਰਥਾਤ ਸੂਈ। ਇਸਦਾ ਅਰਥ ਹੈ- ਛੋਟੀ ਸੋਟੀ, ਦੰਡ, ਬਾਣ, ਤੀਲੀ, ਪਤਲਾ ਤੀਰ, ਸੀਖ। ਇਸ ਦੀ ਲੜੀ ਹੈ- 'ਸ਼ਲਾਕਿਕਾ> ਸਲਾਈਆਂ> ਸਲਾਈ', ਸ਼ਲਾਕਿਕਾ ਤੋਂ ਹੀ ਇਰਾਨੀ ਰੂਪ ਸਲਾਖ ਬਣਿਆ। ਫਾਰਸ ਵਿੱਚ ਜਦੋਂ ਕਬਾਬ ਨੂੰ ਸੀਖਾਂ ਵਿੱਚ ਪਰੋ ਕੇ ਭੁੰਨਿਆ ਜਾਣ ਲੱਗਾ ਤਾਂ ਬਣਿਆ ਸੀਖ ਕਬਾਬ। ਸੀਖ ਜਾਂ ਸੀਖਣਾ ਇੰਡੋ-ਇਰਾਨੀ ਮੂਲ ਦੇ ਸ਼ਬਦ ਹਨ। ਸੰਸਕ੍ਰਿਤ ਵਿੱਚ ਇਹ ਵਿੰਨਣ ਜਾਂ ਚੁਭੋਣ ਦੇ ਅਰਥਾਂ ਵਿੱਚ ਪ੍ਰਚਲਤ ਹਨ। ਇਨ੍ਹਾਂ ਨੂੰ ਪ੍ਰਗਟਾਉਣ ਵਾਲੀ ਧਾਤੂ ਹੈ- 'ਸੂਚ੍' ਜਿਸਤੋਂ ਸ਼ਬਦ ਸੂਈ ਬਣਿਆ। ਇਹਦੀ ਲੜੀ ਹੈ- 'ਸੂਚਿ:> ਸੂਚਿਕਾ> ਸੂਈਆ> ਸੂਈ' ਦਰਜੀ ਲਈ ਸੰਸਕ੍ਰਿਤ ਸ਼ਬਦ ਸੂਚਿਕ: ਹੈ। ਇਰਾਨੀ ਦੇ ਪੁਰਾਣੇ ਰੂਪ ਅਵੇਸਤਾ ਵਿੱਚ ਵੀ ਇਹੀ ਸ਼ਬਦ ਮਿਲਦਾ ਹੈ। 'ਸੀਖਚ:' ਅਰਥਾਤ ਲੋਹੇ ਦੀ ਡੰਡੀ, ਸਲਾਈ ਆਦਿ। ਹੁਣ ਸੀਖ ਦੇ ਰੂਪ ਵਿੱਚ ਸੀਖ-ਕਬਾਬ ਦੁਨੀਆ ਵਿੱਚ ਮਸ਼ਹੂਰ ਹੈ। ਸੀਖ ਤੇ ਕਬਾਬ ਦੋਵਾਂ ਨੇ ਮਿਲ ਕੇ ਜਿਸ ਵਸਤੂ ਨੂੰ ਲਜੀਜ਼ ਤੇ ਜਾਇਕੇਦਾਰ ਬਣਾਇਆ ਹੈ, ਉਹਦਾ ਜੁਆਬ ਨਹੀਂ।

# ਪੰਜਾਬੀਆਂ ਨਾਲ ਧਾਰਮਿਕ ਤੇ ਇਤਿਹਾਸਕ ਸਾਂਝ ਰੱਖਦਾ ਹੈ ਨੇਪਾਲ

**ਪੰਜਾਬੀ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਵੱਸੇ ਹੋਏ ਹਨ ਤੇ ਆਪਣੀ ਮਿਹਨਤ, ਲਿਆਕਤ ਅਤੇ ਮੁਹੱਬਤ ਸਦਕਾ ਨਿਰੰਤਰ ਉਚੇਰੇ ਮੁਕਾਮ ਹਾਸਿਲ ਕਰ ਰਹੇ ਹਨ। ਇਸੇ ਤਰ੍ਹਾਂ ਕਈ ਪੰਜਾਬੀ ਸ਼ਖ਼ਸੀਅਤਾਂ ਨੇ ਨੇਪਾਲ ਦੀ ਧਰਤੀ 'ਤੇ ਜਾ ਕੇ ਵੀ ਨਾਮਣਾ ਖੱਟਿਆ ਹੈ ਅਤੇ ਵੱਖ ਵੱਖ ਖੇਤਰਾਂ ਵਿੱਚ ਵੱਡੀ ਧਾਂਕ ਜਮਾਈ ਹੈ। ਨੇਪਾਲ ਨਾਲ ਪੰਜਾਬੀਆਂ ਦੀ ਧਾਰਮਿਕ ਤੇ ਇਤਿਹਾਸਕ ਸਾਂਝ ਹੈ। ਭਾਰਤ-ਨੇਪਾਲ ਸਰਹੱਦ 'ਤੇ ਪੰਜਾਬੀਆਂ ਨੇ ਜਿਨ੍ਹਾਂ ਇਲਾਕਿਆਂ ਵਿੱਚ ਆਪਣੀ ਰਿਹਾਇਸ਼ ਕਰ ਲਈ ਸੀ, ਉਨ੍ਹਾਂ ਵਿੱਚੋਂ ਇੱਕ ਇਲਾਕੇ ਨੂੰ ਅੱਜ ਵੀ 'ਸਿੱਖਾਨਪੁਰ' ਆਖ਼ਿਆ ਜਾਂਦਾ ਹੈ।**




ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



ਉਂਜ ਤਾਂ ਸੁਭਾਅ ਦੇ ਉੱਦਮੀ ਅਤੇ ਜੁੱਸੇ ਦੇ ਤਕੜੇ ਪੰਜਾਬੀਆਂ ਨੇ ਦੁਨੀਆਂ ਦੇ ਕੋਨੇ ਕੋਨੇ ਵਿੱਚ ਜਾ ਕੇ ਆਪਣੀ ਧਾਂਕ ਜਮਾਈ ਹੈ, ਪਰ ਭਾਰਤ ਦਾ ਗੁਆਂਢੀ ਮੁਲਕ ਨੇਪਾਲ ਇੱਕ ਅਜਿਹਾ ਮੁਲਕ ਹੈ, ਜਿਸ ਨਾਲ ਪੰਜਾਬੀਆਂ ਦੀ ਵੱਡੀ ਧਾਰਮਿਕ ਤੇ ਇਤਿਹਾਸਕ ਸਾਂਝ ਹੈ। ਇੱਥੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਵੀ ਚਰਨ ਪਾਏ ਸਨ ਅਤੇ ਸਿੱਖ ਇਤਿਹਾਸ ਦੀ ਮਹਾਨ ਹਸਤੀ ਮਹਾਰਾਣੀ ਜਿੰਦ ਕੌਰ ਉਰਫ਼ ਮਹਾਰਾਣੀ ਜਿੰਦਾਂ ਵੀ ਪੁੱਜੀ ਸੀ ਤੇ ਕੁਝ ਸਮੇਂ ਤੱਕ ਇੱਥੇ ਹੀ ਰੂਪੋਸ਼ ਰਹੀ ਸੀ।

ਗੁਰੂ ਨਾਨਕ ਦੇਵ ਜੀ ਜਦੋਂ ਆਪਣੀ ਤੀਜੀ ਉਦਾਸੀ ਲਈ ਘਰੋਂ ਨਿਕਲੇ ਸਨ ਤਾਂ ਉਹ ਸੰਨ 1516 ਵਿੱਚ ਨੇਪਾਲ ਪੁੱਜੇ ਸਨ। ਇੱਥੇ ਉਹ ਤਕਰੀਬਨ ਇੱਕ ਸਾਲ ਦੇ ਅਰਸੇ ਲਈ ਰੁਕੇ ਸਨ ਤੇ ਉਨ੍ਹਾਂ ਨੇ ਇੱਥੇ ਪ੍ਰਭੂ ਭਗਤੀ ਵਿੱਚ ਆਪਣਾ ਸਮੁੱਚਾ ਸਮਾਂ ਬਤੀਤ ਕੀਤਾ ਸੀ। ਇੱਥੇ ਉਨ੍ਹਾਂ ਨੇ ਸਥਾਨਕ ਵਿਦਵਾਨਾਂ ਅਤੇ ਸਮਕਾਲੀ ਧਾਰਮਿਕ ਹਸਤੀਆਂ ਨਾਲ ਧਾਰਮਿਕ ਸੰਕਲਪਾਂ ਸਬੰਧੀ ਵਿਚਾਰ ਚਰਚਾਵਾਂ ਵੀ ਕੀਤੀਆਂ ਸਨ। ਜਿਸ ਸਥਾਨ 'ਤੇ ਗੁਰੂ ਸਾਹਿਬ ਨੇ ਇੱਕ ਪਿੱਪਲ ਹੇਠਾਂ ਬੈਠ ਕੇ ਭਗਤੀ ਕੀਤੀ ਸੀ, ਉਸ ਸਥਾਨ ਨੂੰ ਨੇਪਾਲ ਵਿੱਚ 'ਨਾਨਕ ਮੱਠ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਤੇ ਇਹ ਸਥਾਨ ਨੇਪਾਲ ਦੀ ਰਾਜਧਾਨੀ ਕਾਠਮੰਡੂ ਦੇ ਨੇੜੇ ਬਾਲਾਜੂ ਨਾਮਕ ਨਗਰ ਵਿਖੇ ਸਥਿਤ ਹੈ।


ਮਹਾਰਾਣੀ ਜਿੰਦ ਕੌਰ ਦਾ ਇੱਕ ਚਿੱਤਰ

ਬੜੀ ਬਚਿੱਤਰ ਗੱਲ ਹੈ ਕਿ ਗੁਰੂ ਨਾਨਕ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਨੇਪਾਲ ਵਾਸੀਆਂ ਨੇ ਉਦੋਂ ਉਨ੍ਹਾਂ ਨੂੰ 'ਨਾਨਕ ਰਿਸ਼ੀ' ਆਖ ਕੇ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ ਤੇ ਅੱਜ ਵੀ ਉਸ ਖਿੱਤੇ ਵਿੱਚ ਉਨ੍ਹਾਂ ਦਾ ਜ਼ਿਕਰ ਇਸੇ ਨਾਂ ਨਾਲ ਕੀਤਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਦਾਸੀ ਦੌਰਾਨ ਪੱਛਮੀ ਨੇਪਾਲ ਵਿੱਚ ਕੋਸੀ ਨਦੀ ਦੇ ਨਜ਼ਦੀਕ 'ਤਰਾਈ' ਅਤੇ ਸੀਤਾ ਦੀ ਜਨਮ ਭੂਮੀ ਕਹੇ ਜਾਂਦੇ 'ਜਨਕਪੁਰ' ਦੀ ਧਰਤੀ 'ਤੇ ਚਰਨ ਪਾਉਣ ਦੇ ਨਾਲ ਨਾਲ ਐਵਰੈਸਟ ਪਰਬਤ ਦੇ ਖੇਤਰ ਵਿੱਚ ਸਥਿਤ 'ਤੇਂਗਬੁਚ ਮੱਠ' ਵਿਖੇ ਵੀ ਸ਼ਿਰਕਤ ਕੀਤੀ ਸੀ। ਡਾ. ਦਲਵਿੰਦਰ ਸਿੰਘ ਗਰੇਵਾਲ ਅਤੇ ਸ. ਐਮ.ਐਸ. ਕੋਹਲੀ ਦੀਆਂ ਖੋਜਾਂ ਅਨੁਸਾਰ ਤੇਂਗਬੁੱਚ ਖਿੱਤੇ ਵਿੱਚ ਤਾਂ ਗੁਰੂ ਨਾਨਕ ਸਾਹਿਬ ਨੂੰ 'ਗੁਰੂ ਰਿੰਪੋਚੇ' ਦੇ ਨਾਂ ਨਾਲ ਪੂਜਿਆ ਜਾਂਦਾ ਹੈ। ਕੁਝ ਹੋਰ ਖੋਜਾਂ ਅਨੁਸਾਰ ਗੁਰੂ ਸਾਹਿਬ ਨੇ 'ਬਾਰਾਹਾਂਕਸ਼ੇਤਰ', 'ਬਾਨੇਪਾ' ਅਤੇ 'ਭਗਤਪੁਰ' ਆਦਿ ਇਲਾਕਿਆਂ ਦੀ ਵੀ ਜ਼ਿਆਰਤ ਕੀਤੀ ਸੀ। ਉਹ ਨੇਪਾਲ ਦੇ ਮਸ਼ਹੂਰ 'ਪਸ਼ੂਪਤੀਨਾਥ ਮੰਦਿਰ' ਵਿਖੇ ਵੀ ਗਏ ਸਨ ਤੇ ਉੱਥੇ ਬੈਠ ਕੇ ਵੀ ਉਨ੍ਹਾਂ ਨੇ ਪ੍ਰਭੂ ਉਸਤਤਿ ਗਾਇਨ ਕੀਤੀ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਨੂੰ ਸਿੱਖ ਇਤਿਹਾਸ ਦਾ 'ਸੁਨਹਿਰੀ ਕਾਲ' ਵੀ ਕਿਹਾ ਜਾਂਦਾ ਹੈ, ਕਿਉਂਕਿ ਇਹ ਕਾਲ ਸਿੱਖਾਂ ਦੀ ਚੜ੍ਹਤ ਅਤੇ ਲੋਕਾਂ ਵਿੱਚ ਪ੍ਰਵਾਨਗੀ ਦਾ ਬੇਹਤਰੀਨ ਕਾਲ ਸੀ। ਇਸ ਕਾਲ ਵਿੱਚ ਬਰਤਾਨਵੀ ਹਾਕਮਾਂ ਦੀ ਜਿੱਤਾਂ ਦੀ ਲੜੀ ਨੂੰ ਸਿੱਖ ਫ਼ੌਜਾਂ ਨੇ ਠੱਲ੍ਹ ਪਾਈ ਸੀ। ਅੰਗਰੇਜ਼ਾਂ ਨੂੰ ਸਿੱਖ ਰਾਜ 'ਤੇ ਕਬਜ਼ਾ ਕਰਨ ਲਈ ਕਈ ਲੂੰਬੜ-ਚਾਲਾਂ ਚੱਲਣੀਆਂ ਪਈਆਂ ਸਨ ਤੇ ਉਨ੍ਹਾਂ ਚਾਲਾਂ ਸਦਕਾ ਪੈਦਾ ਹੋਈ ਖ਼ਾਨਜੰਗੀ ਕਰਕੇ ਸਿੱਖਾਂ ਦਾ ਉਹ 'ਸੁਨਹਿਰੀ ਕਾਲ' ਬਦਲ ਕੇ 'ਸਿੱਖ ਰਾਜ ਦੀਆਂ ਸ਼ਾਮਾਂ' ਵਿੱਚ ਤਬਦੀਲ ਹੋ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਬਰਤਾਨਵੀ ਹਾਕਮ ਉਸਦੇ ਫ਼ਰਜ਼ੰਦ ਕੁੰਵਰ ਦਲੀਪ ਸਿੰਘ ਨੂੰ ਆਪਣੇ ਨਾਲ ਇੰਗਲੈਂਡ ਲੈ ਗਏ ਸਨ ਤੇ ਉੱਥੇ ਉਸਦਾ ਧਰਮ ਤਬਦੀਲ ਕਰਵਾ ਕੇ ਉਸਦੀ ਸ਼ਾਦੀ ਇੱਕ ਈਸਾਈ ਕੁੜੀ ਨਾਲ ਕਰਨ ਵਿੱਚ ਸਫ਼ਲ ਰਹੇ ਸਨ। ਉਸ ਉਥਲ-ਪੁਥਲ ਭਰੇ ਕਾਲ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਧਰਮ ਪਤਨੀ ਮਹਾਰਾਣੀ ਜਿੰਦ ਕੌਰ ਨੂੰ ਵੀ ਭੇਸ ਬਦਲ ਕੇ ਪੰਜਾਬ ਤੋਂ ਫ਼ਰਾਰ ਹੋਣਾ ਪਿਆ ਸੀ ਤੇ ਇਸ ਰੂਪੋਸ਼ੀ ਦੇ ਕਾਲ ਵਿੱਚ 29 ਅਪ੍ਰੈਲ 1849 ਨੂੰ ਉਹ ਨੇਪਾਲ ਦੀ ਧਰਤੀ 'ਤੇ ਜਾ ਪੁੱਜੀ ਸੀ। ਉਸ ਵੇਲੇ ਦੀ ਨੇਪਾਲੀ ਸਰਕਾਰ ਨੇ ਮਹਾਰਾਣੀ ਦਾ ਸਾਥ ਦਿੱਤਾ ਸੀ ਤੇ ਉਸ ਵੱਲੋਂ ਤਕਰੀਬਨ 11 ਸਾਲ ਨੇਪਾਲ 'ਚ ਬਿਤਾਉਣ ਪਿੱਛੋਂ ਉਸਨੂੰ ਗੁਪਤ ਰੂਪ ਵਿੱਚ ਲੰਦਨ ਪੁੱਜਣ ਵਿੱਚ ਵੀ ਪੂਰੀ ਮਦਦ ਕੀਤੀ ਸੀ।

ਮਹਾਰਾਣੀ ਦੇ ਨਾਲ ਪੰਜਾਬ ਤੋਂ ਨੇਪਾਲ ਪੁੱਜੇ ਬਾਕੀ ਦੇ ਸਿੱਖ ਸੈਨਿਕ ਤੇ ਹੋਰ ਲੋਕ ਪਿੱਛੇ ਨੇਪਾਲ 'ਚ ਹੀ ਵੱਸ ਗਏ ਸਨ ਅਤੇ ਉਨ੍ਹਾਂ ਨੇ ਇੱਥੇ ਹੀ ਰੋਜ਼ੀ ਰੋਟੀ ਲਈ ਵੱਖ ਵੱਖ ਕਾਰੋਬਾਰ ਸ਼ੁਰੂ ਕਰ ਦਿੱਤੇ ਸਨ। ਭਾਰਤ-ਨੇਪਾਲ ਸਰਹੱਦ 'ਤੇ ਸਥਿਤ ਨੇਪਾਲਗੰਜ ਦੇ ਕੁਝ ਇਲਾਕਿਆਂ ਵਿੱਚ ਵੱਸ ਗਏ ਇਨ੍ਹਾਂ ਪੰਜਾਬੀਆਂ ਨੇ ਜਿਨ੍ਹਾਂ ਇਲਾਕਿਆਂ ਵਿੱਚ ਆਪਣੀ ਰਿਹਾਇਸ਼ ਕਰ ਲਈ ਸੀ, ਉਨ੍ਹਾਂ ਵਿੱਚੋਂ ਇੱਕ ਇਲਾਕੇ ਨੂੰ ਅੱਜ ਵੀ 'ਸਿੱਖਾਨਪੁਰ' ਆਖਿਆ ਜਾਂਦਾ ਹੈ ਤੇ ਪੰਜਾਬੀਆਂ ਦੀ ਵੱਸੋਂ ਵਾਲੇ ਬਾਕੀ ਇਲਾਕੇ 'ਜਮਹੂਆ' ਅਤੇ 'ਬੰਕਟਵਾ' ਹਨ। ਜ਼ਿਕਰਯੋਗ ਹੈ ਕਿ ਮਹਾਰਾਜਾ ਰਣਜੀਤ ਸਿੰਘ ਕਾਲ ਦੌਰਾਨ ਕਾਂਗੜਾ ਖਿੱਤੇ ਵਿੱਚ ਸਿੱਖ ਅਤੇ ਗੋਰਖਾ ਫ਼ੌਜਾਂ ਦਰਮਿਆਨ ਗਹਿਗੱਚ ਲੜਾਈ ਹੋਈ ਸੀ ਤੇ ਗੋਰਖਿਆਂ ਦੀ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ ਲਾਹੌਰ ਦਰਬਾਰ ਨੇ ਗੋਰਖਿਆਂ ਨੂੰ ਫ਼ੌਜ ਵਿੱਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਸੀ। ਅੱਜ ਵੀ ਨੇਪਾਲ ਦੇ ਗੋਰਖੇ ਭਾਰਤੀ ਫ਼ੌਜ ਵਿੱਚ ਸੇਵਾ ਨਿਭਾਅ ਰਹੇ ਹਨ।

ਸਾਲ 2011 ਵਿੱਚ ਕਰਵਾਈ ਗਈ ਜਨਗਣਨਾ ਅਨੁਸਾਰ ਨੇਪਾਲ ਵਿੱਚ ਪੰਜਾਬੀਆਂ ਦੀ ਸੰਖਿਆ 609 ਸੀ, ਜਦੋਂ ਕਿ ਕੁਝ ਹੋਰ ਸੰਗਠਨਾਂ ਦੇ ਅਧਿਐਨ ਅਨੁਸਾਰ ਇਹ ਸੰਖਿਆ ਸੱਤ ਹਜ਼ਾਰ ਦੇ ਕਰੀਬ ਬਣਦੀ ਸੀ। ਅਜੋਕੇ ਸਮੇਂ ਵਿੱਚ ਨੇਪਾਲ ਵਿਖੇ ਵੱਸਦੇ ਪੰਜਾਬੀਆਂ ਨੇ ਨੇਪਾਲ ਦੀ ਤਰੱਕੀ ਵਿੱਚ ਚੋਖਾ ਯੋਗਦਾਨ ਪਾਇਆ ਹੈ ਤੇ ਲਗਾਤਾਰ ਪਾ ਰਹੇ ਹਨ। ਪੰਜਾਬੀਆਂ ਨੇ ਇੱਥੇ ਟਰਾਂਸਪੋਰਟ, ਇੰਜੀਨੀਅਰਿੰਗ ਤੇ ਡਾਕਟਰੀ ਦੇ ਖੇਤਰ ਵਿੱਚ ਮਹੱਤਵਪੂਰਨ ਕੰਮ ਕੀਤੇ ਹਨ ਅਤੇ ਬਤੌਰ ਸਿੱਖਿਆ ਸ਼ਾਸਤਰੀ, ਪਾਇਲਟ ਤੇ ਫ਼ੈਸ਼ਨ ਡਿਜ਼ਾਇਨਰ ਵੀ ਪੰਜਾਬੀਆਂ ਨੇ ਇੱਥੇ ਵੱਡੀ ਧਾਂਕ ਜਮਾਈ ਹੈ। 1970 ਅਤੇ 1980 ਦੇ ਦਹਾਕਿਆਂ ਦੌਰਾਨ ਨੇਪਾਲ ਵਿੱਚ ਸਿੱਖਾਂ ਦੀ ਗਿਣਤੀ ਹਜ਼ਾਰਾਂ ਵਿੱਚ ਸੀ ਤੇ ਇੱਥੇ ਕਾਠਮੰਡੂ ਵਿੱਚ ਇੱਕ ਸ਼ਾਨਦਾਰ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੁੰਦਾ ਸੀ ਤੇ ਬੀਰਗੰਜ, ਨੇਪਾਲਗੰਜ, ਕ੍ਰਿਸ਼ਨਾ ਨਗਰ ਅਤੇ ਬਟਵਾਲ ਖੇਤਰਾਂ ਵਿੱਚ ਗੁਰਦੁਆਰਾ ਸਾਹਿਬ ਮੌਜੂਦ ਸਨ।

ਸਾਲ 2004 ਵਿੱਚ ਨੇਪਾਲ ਸਰਕਾਰ ਨੇ ਖ਼ਾਲਸਾ ਪੰਥ ਸਾਜਨਾ ਦਿਵਸ ਨੂੰ ਸਮਰਪਿਤ ਕਰਕੇ ਇੱਕ 'ਯਾਦਗਾਰੀ ਸਿੱਕਾ' ਜਾਰੀ ਕੀਤਾ ਸੀ ਤੇ ਫਿਰ ਸਾਲ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਉਂਦਿਆਂ ਹੋਇਆਂ ਅਕੀਦਤ ਵਜੋਂ 2500, 1000 ਅਤੇ 100 ਰੁਪਏ ਮੁੱਲ ਦੇ ਸਿੱਕੇ ਜਾਰੀ ਕੀਤੇ ਸਨ। ਇਸਦੇ ਨਾਲ ਹੀ ਇਹ ਫ਼ਖ਼ਰ ਕਰਨ ਯੋਗ ਹੈ ਕਿ ਸ. ਮਿਹਰ ਸਿੰਘ ਨਾਮਕ ਹਸਤੀ ਨੂੰ ਕ੍ਰਿਸ਼ਨਾ ਨਗਰ ਇਲਾਕੇ ਦਾ 25 ਵਰ੍ਹਿਆਂ ਤੱਕ ਮੇਅਰ ਰਹਿਣ ਦਾ ਸ਼ਰਫ਼ ਹਾਸਿਲ ਹੈ ਤੇ ਸ. ਗੁਰਸ਼ਰਨ ਸਿੰਘ ਨੂੰ ਵੀ 'ਕ੍ਰਿਸ਼ਨਾ ਨਗਰ ਚੈਂਬਰ ਆੱਫ਼ ਕਾਮਰਸ' ਦਾ ਪ੍ਰਧਾਨ ਬਣਨ ਦਾ ਮਾਣ ਹਾਸਿਲ ਹੋ ਚੁੱਕਾ ਹੈ। ਨੇਪਾਲੀ ਪੁਲਿਸ ਅਤੇ ਨੇਪਾਲੀ ਫ਼ੌਜ ਦੇ ਮਾਣਮੱਤੇ ਅਧਿਕਾਰੀ ਰਹਿਣ ਦਾ ਮਾਣ ਸ. ਸ਼ੰਕਰ ਸਿੰਘ ਦੇ ਹਿੱਸੇ ਆ ਚੁੱਕਾ ਹੈ। ਇਨ੍ਹਾਂ ਤੋਂ ਇਲਾਵਾ ਕਈ ਹੋਰ ਵੀ ਪੰਜਾਬੀ ਸ਼ਖ਼ਸੀਅਤਾਂ ਨੇ ਨੇਪਾਲ ਦੀ ਧਰਤੀ 'ਤੇ ਜਾ ਕੇ ਨਾਮਣਾ ਖੱਟਿਆ ਹੈ।

# ਵਿਰਾਸਤ ਦੀਆਂ ਜੜ੍ਹਾਂ ਬਰਕਰਾਰ ਰੱਖਿਓ !

"ਜਿਨ੍ਹਾਂ ਲੋਕਾਂ ਨੂੰ ਆਪਣੇ ਇਤਿਹਾਸ, ਸੱਭਿਆਚਾਰ ਤੇ ਵਿਰਸੇ ਦਾ ਪਤਾ ਨਹੀਂ ਹੈ, ਉਹ ਅਜਿਹੇ ਰੁੱਖ ਹਨ ਜਿਨ੍ਹਾਂ ਦੀਆਂ ਜੜ੍ਹਾਂ ਨਹੀਂ ਹਨ।" -ਸੈਮੂਅਲ ਹਟਿੰਗਟਨ।

ਵਿਸ਼ਵ ਵਿਰਾਸਤ ਦਿਵਸ ਆਪਣੇ ਵਿਰਸੇ ਨੂੰ ਪਛਾਣਨ, ਸੰਭਾਲਣ ਤੇ ਸਦਾ ਚੇਤੇ ਰੱਖਣ ਦਾ ਦਿਵਸ ਹੈ। ਅਜੋਕੀ ਨੌਜਵਾਨ ਪੀੜ੍ਹੀ, ਜੋ ਆਪਣੇ ਵਿਰਸੇ ਤੋਂ ਕੋਹਾਂ ਦੂਰ ਜਾ ਚੁੱਕੀ ਹੈ, ਨੂੰ ਆਪਣੇ ਅਮੀਰ ਵਿਰਸੇ ਪ੍ਰਤੀ ਜਾਗਰੂਕ ਕਰਕੇ ਵਿਰਸਾ ਸੰਭਾਲ ਲਈ ਤਿਆਰ ਕਰਨ ਲਈ ਇਸ ਤੋਂ ਸੁਭਾਗਾ ਦਿਨ ਕੋਈ ਹੋਰ ਨਹੀਂ ਹੋ ਸਕਦਾ ਹੈ। ਇਹ ਦਿਵਸ ਹਰੇਕ ਮੁਲਕ ਅਤੇ ਖਿੱਤੇ ਵਿੱਚ ਵੱਸਦੇ ਲੋਕਾਂ ਨੂੰ ਆਪਣੇ ਇਲਾਕੇ ਦੀਆਂ ਵਿਰਾਸਤੀ ਥਾਵਾਂ, ਇਮਾਰਤਾਂ ਤੇ ਕਦਰਾਂ-ਕੀਮਤਾਂ ਦੀ ਸੰਭਾਲ ਕਰਨ ਲਈ ਅੱਗੇ ਆਉਣ ਦਾ ਸੰਦੇਸ਼ ਦਿੰਦਾ ਹੈ।

ਦਰਅਸਲ 'ਕੌਮਾਂਤਰੀ ਵਿਰਾਸਤੀ ਸਮਾਰਕ ਕੌਂਸਲ' ਨਾਮਕ ਸੰਸਥਾ ਨੇ ਸੰਨ 1982 ਵਿੱਚ ਟਿਊਨੀਸ਼ੀਆ ਵਿਖੇ ਹੋਏ ਇੱਕ ਕੌਮਾਂਤਰੀ ਸੈਮੀਨਾਰ ਦੌਰਾਨ ਇਹ ਦਿਵਸ ਮਨਾਉਣ ਦਾ ਸੁਝਾਅ ਦਿੱਤਾ ਸੀ, ਜਿਸਨੂੰ ਸੰਨ 1983 ਵਿੱਚ ਯੂਨੈਸਕੋ ਦੀ ਆਮ ਸਭਾ ਦੇ 22ਵੇਂ ਇਜਲਾਸ ਵਿੱਚ ਪ੍ਰਵਾਨ ਕਰ ਲਿਆ ਗਿਆ ਸੀ। ਇੱਥੇ ਇਹ ਵੀ ਵਰਣਨਯੋਗ ਹੈ ਕਿ ਉਕਤ ਕੌਂਸਲ ਦੀ ਸਥਾਪਨਾ ਕੌਮਾਂਤਰੀ ਸਮਾਰਕਾਂ ਦੀ ਸੰਭਾਲ ਲਈ ਸੰਨ 1964 ਵਿੱਚ ਬਣੇ 'ਵੀਨਸ ਚਾਰਟਰ' ਦੇ ਸਿਧਾਂਤਾਂ ਦੇ ਆਧਾਰ 'ਤੇ ਕੀਤੀ ਗਈ ਸੀ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਉਦੇਸ਼ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਪ੍ਰਤੀ ਜਾਗਰੂਕਤਾ ਨੂੰ ਦੁਨੀਆਂ ਭਰ ਵਿੱਚ ਫੈਲਾਉਣਾ ਹੈ ਅਤੇ ਸਾਲ 2022 ਵਿੱਚ ਇਸ ਦਿਵਸ ਦਾ ਥੀਮ ਸੀ- 'ਵਿਰਾਸਤ ਅਤੇ ਵਾਤਾਵਰਣ' ਇਸ ਥੀਮ ਰਾਹੀਂ ਦੁਨੀਆਂ ਦੇ ਬਦਲਦੇ ਤਾਪਮਾਨ, ਮੌਸਮ ਅਤੇ ਵਾਤਾਵਰਣ ਦੀਆਂ ਤਬਦੀਲੀਆਂ ਦੇ ਮੱਦੇਨਜ਼ਰ ਵਿਰਾਸਤੀ ਇਮਾਰਤਾਂ ਦੀ ਸੰਭਾਲ ਦਾ ਹੋਕਾ ਦੇਣਾ ਸੀ। ਸਾਲ 2023 ਦਾ ਥੀਮ ਸੀ- 'ਆਓ, ਭਵਿੱਖ ਸੁਧਾਰੀਏ' ਅਤੇ ਸਾਲ 2024 ਲਈ ਥੀਮ 'ਕਨੈਕਸ਼ਨਜ਼, ਰੂਟਸ ਐਂਡ ਨੈੱਟਵਰਕਸ' ਚੁਣਿਆ ਗਿਆ।

ਵਿਰਸਾ ਸੰਭਾਲ ਸਬੰਧੀ ਵਿਚਾਰ ਪ੍ਰਗਟ ਕਰਦਿਆਂ ਵਿਸ਼ਵ ਦੀ ਵੱਡੀ ਹਸਤੀ ਨੈਲਸਨ ਮੰਡੇਲਾ ਨੇ ਕਿਹਾ ਸੀ, "ਸਾਡੇ ਅਮੀਰ ਤੇ ਭਿੰਨਤਾ ਪੂਰਨ ਵਿਰਸੇ ਵਿੱਚ ਉਹ ਅਦਭੁੱਤ ਤਾਕਤ ਹੈ, ਜੋ ਸਾਡੇ ਰਾਸ਼ਟਰ ਨਿਰਮਾਣ ਵਿੱਚ ਮਦਦ ਕਰ ਸਕਦੀ ਹੈ।" ਉਨ੍ਹਾਂ ਦੇ ਇਹ ਬੋਲ ਜੇ ਭਾਰਤ 'ਤੇ ਲਾਗੂ ਕਰਕੇ ਵੇਖੇ ਜਾਣ ਤਾਂ ਇਹ ਅੱਖਰ-ਅੱਖਰ ਸੱਚ ਜਾਪਦੇ ਹਨ, ਕਿਉਂਕਿ ਭਾਰਤ ਦੇ ਇਤਿਹਾਸ, ਸੱਭਿਆਚਾਰ ਤੇ ਵਿਰਸੇ ਵਿੱਚ ਉਹ ਕਦਰਾਂ-ਕੀਮਤਾਂ ਤੇ ਪਰੰਪਰਾਵਾਂ ਹਨ, ਜਿਨ੍ਹਾਂ ਦੀ ਅਜੋਕੇ ਸਮਾਜ ਨੂੰ ਭਾਰੀ ਲੋੜ ਹੈ ਤੇ ਇਨ੍ਹਾਂ ਵਿਰਸੇ ਵਿੱਚ ਮਿਲੀਆਂ ਦਾਤਾਂ ਵਿੱਚ ਬਜ਼ੁਰਗਾਂ ਦਾ ਸਤਿਕਾਰ, ਮੁਲਕ ਪ੍ਰਤੀ ਵਫ਼ਾਦਾਰੀ, ਸਮਾਜ ਪ੍ਰਤੀ ਉਸਾਰੂ ਰਵੱਈਆ ਤੇ ਸੱਚ ਲਈ ਕੁਰਬਾਨ ਹੋ ਜਾਣਾ ਆਦਿ ਜਿਹੀਆਂ ਉੱਚੀਆਂ-ਸੁੱਚੀਆਂ ਕਦਰਾਂ ਕੀਮਤਾਂ ਵੀ ਸ਼ਾਮਿਲ ਹਨ।




ਭਾਰਤੀ ਪੁਰਾਤਤਵ ਵਿਭਾਗ ਸਾਡੀਆਂ ਇਤਿਹਾਸਕ ਤੇ ਵਿਰਾਸਤੀ ਮਹੱਤਵ ਵਾਲੀਆਂ ਥਾਵਾਂ ਦੀ ਦੇਖਭਾਲ ਤੇ ਉਨ੍ਹਾਂ ਦੀ ਪੁਨਰ ਸਿਰਜਣਾ ਲਈ ਜ਼ਿੰਮੇਵਾਰ ਸੰਸਥਾ ਹੈ ਅਤੇ ਆਪਣੇ ਕਾਰਜ ਪ੍ਰਤੀ ਯਤਨਸ਼ੀਲ ਵੀ ਹੈ, ਪਰ ਫੰਡਾਂ ਦੀ ਘਾਟ ਕਰਕੇ ਇਹ ਸੰਸਥਾ ਆਪਣਾ ਫ਼ਰਜ਼ ਪੂਰੀ ਤਰ੍ਹਾਂ ਨਿਭਾਅ ਨਹੀਂ ਪਾ ਰਹੀ ਹੈ। ਬਤੌਰ ਇੱਕ ਜ਼ਿੰਮੇਵਾਰ ਨਾਗਰਿਕ ਸਾਡਾ ਵੀ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਆਸ-ਪਾਸ ਦੀਆਂ ਇਤਿਹਾਸਕ ਤੇ ਵਿਰਾਸਤੀ ਇਮਾਰਤਾਂ ਦੀ ਅਸਲ ਦਿੱਖ ਬਰਕਰਾਰ ਰੱਖਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਤੇ ਸਾਫ਼-ਸਫ਼ਾਈ ਰੱਖਣ ਵਿੱਚ ਆਪਣਾ ਭਰਪੂਰ ਯੋਗਦਾਨ ਪਾਈਏ। ਸਾਡੇ ਮੁਲਕ ਦੀਆਂ ਧਾਰਮਿਕ ਜਥੇਬੰਦੀਆਂ ਦਾ ਇਹ ਕਰਤੱਵ ਬਣਦਾ ਹੈ ਕਿ ਉਹ ਵੀ ਵਿਰਾਸਤੀ ਮਹੱਤਵ ਵਾਲੇ ਇਤਿਹਾਸਕ ਤੇ ਧਾਰਮਿਕ ਸਥਾਨਾਂ ਦੀ ਸੰਭਾਲ ਤੇ ਪੁਨਰ ਨਿਰਮਾਣ ਸਮੇਂ ਸੰਗਮਰਮਰ ਅਤੇ ਸੋਨਾ ਲਾਉਣ ਦੀ ਥਾਂ ਆਧੁਨਿਕ ਤਕਨੀਕ ਅਤੇ ਸਾਧਨਾਂ ਦੀ ਵਰਤੋਂ ਕਰਦਿਆਂ ਉਨ੍ਹਾਂ ਦਾ ਵਿਰਾਸਤੀ ਰੂਪ ਬਰਕਰਾਰ ਰੱਖਣ ਲਈ ਹਰੇਕ ਹੀਲਾ ਕਰਨ।

ਦੁਨੀਆਂ ਭਰ ਵਿੱਚ ਮਸ਼ਹੂਰ ਕੁਝ ਵਿਰਾਸਤੀ ਇਮਾਰਤਾਂ ਤੇ ਸਥਾਨਾਂ ਦਾ ਜੇ ਜ਼ਿਕਰ ਕੀਤਾ ਜਾਵੇ ਤਾਂ ਉਨ੍ਹਾਂ ਵਿੱਚ 'ਸ੍ਰੀ ਹਰਿਮੰਦਰ ਸਾਹਿਬ, ਲਾਲ ਕਿਲਾ, ਤਾਜ ਮਹੱਲ, ਹੁਮਾਯੂੰ ਦਾ ਮਕਬਰਾ, ਕੁਤੁਬ ਮੀਨਾਰ, ਕੋਣਾਰਕ ਮੰਦਿਰ, ਚੀਨ ਦੀ ਦੀਵਾਰ, ਪੀਸਾ ਦੀ ਮੀਨਾਰ, ਅਜੰਤਾ-ਅਲੋਰਾ ਦੀਆਂ ਗੁਫ਼ਾਵਾਂ, ਵੈਟੀਕਨ ਸਿਟੀ, ਮਾਊਂਟ ਸੇਂਟ ਮਾਈਕਲ, ਸਟੈਚੂ ਆਫ਼ ਲਿਬਰਟੀ, ਮਿਸਰ ਦੇ ਪਿਰਾਮਿਡ' ਆਦਿ ਦਾ ਸ਼ੁਮਾਰ ਹੁੰਦਾ ਹੈ, ਜੋ ਅੱਜ ਵੀ ਹਰੇਕ ਨੂੰ ਆਪਣੇ ਅਮੀਰ ਵਿਰਸੇ ਨੂੰ ਨੇੜਿਉਂ ਤੱਕਣ, ਪਛਾਣਨ, ਸੰਭਾਲਣ ਅਤੇ ਉਸ ਤੋਂ ਕੁਝ ਸਿੱਖਣ ਦਾ ਸੰਦੇਸ਼ ਦੇ ਰਹੇ ਹਨ।


# ਪੰਜਾਬੀ ਸਾਹਿਤ ਦੇ ਸਪੂਤ ਸਾਹਿਤਕਾਰ ਸਨ ਬੇਦੀ ਲਾਲ ਸਿੰਘ

## ਰੂਹਾਨੀਅਤ


ਦਿਲਜੀਤ ਸਿੰਘ ਬੇਦੀ
ਫੋਨ: +91-76579-68570




**ਸ਼ਬਦਾਂ ਦੀ ਪਕੜ ਤੋਂ ਬਾਹਰ ਸ਼ਖ਼ਸੀਅਤ ਬੇਦੀ ਲਾਲ ਸਿੰਘ ਕਈ ਭਾਸ਼ਾਵਾਂ ਦੇ ਵਿਦਵਾਨ ਸਾਹਿਤਕਾਰ ਸਨ। ਪੰਜਾਬੀ ਦਾ ਸ਼ਾਇਦ ਹੀ ਕੋਈ ਅਖ਼ਬਾਰ ਜਾਂ ਰਸਾਲਾ ਹੋਵੇ, ਜਿਸ ਨੇ ਸ. ਬੇਦੀ ਦੀਆਂ ਰਚਨਾਵਾਂ ਨੂੰ ਆਦਰ ਸਹਿਤ ਨਾ ਛਾਪਿਆ ਹੋਵੇ। ਉਨ੍ਹਾਂ ਨੇ ਚੀਫ਼ ਖਾਲਸਾ ਦੀਵਾਨ ਦੀ ਖਾਲਸਾ ਟ੍ਰੈਕਟ ਸੁਸਾਇਟੀ ਦੇ 'ਨਿਰਗੁਣੀਆਰਾ' ਪੱਤਰ ਦੀ ਢਾਈ ਦਹਾਕੇ ਸੰਪਾਦਨਾ ਹੀ ਨਹੀਂ ਕੀਤੀ, ਸਗੋਂ ਇਸ ਦੀ ਦਿੱਖ, ਦੱਖ ਤੇ ਮੈਟਰ ਨੂੰ ਵਿਉਂਤਣ ਤੇ ਪ੍ਰਸਤੁਤ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ। ਇਸ ਫਾਨੀ ਸੰਸਾਰ ਤੋਂ ਗਿਆਂ ਉਨ੍ਹਾਂ ਨੂੰ ਭਾਵੇਂ 24 ਸਾਲ ਹੋ ਗਏ ਹਨ, ਪਰ ਆਪਣੀ ਸੰਜਮੀ ਤੇ ਪ੍ਰਭਾਵੀ ਸ਼ਖਸੀਅਤ ਕਰਕੇ ਉਨ੍ਹਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ।**



ਪੰਜਾਬੀ ਦੇ ਪ੍ਰਸਿੱਧ ਲੇਖਕ ਤੇ ਬਜ਼ੁਰਗ ਦਾਨਸ਼ਵਰ ਬੇਦੀ ਲਾਲ ਸਿੰਘ ਸਾਹਿਤਕਾਰ ਨੇ ਗੁਰਬਾਣੀ, ਗੁਰਮਤਿ, ਸਾਹਿਤ ਤੇ ਇਤਿਹਾਸ ਬਾਰੇ ਪੁਸਤਕਾਂ ਰਚਣ ਤੋਂ ਇਲਾਵਾ ਪੱਤਰਕਾਰੀ, ਸਾਹਿਤਕਾਰੀ ਤੇ ਇਤਿਹਾਸਕਾਰੀ ਲਈ ਬਹੁਤ ਸਾਰਾ ਪ੍ਰਮਾਣਿਕ ਕੰਮ ਕੀਤਾ। ਉਹ ਅੰਗਰੇਜ਼ੀ, ਅਰਬੀ, ਫ਼ਾਰਸੀ, ਸੰਸਕ੍ਰਿਤ, ਬ੍ਰਿਜ, ਪੰਜਾਬੀ, ਹਿੰਦੀ ਤੇ ਉਰਦੂ ਦੇ ਵਿਦਵਾਨ ਸਨ। ਆਪਣੀ ਇਸ ਬਹੁ-ਭਾਸ਼ਾਈ ਯੋਗਤਾ ਦੀ ਵਰਤੋਂ ਕਰਦਿਆਂ ਉਨ੍ਹਾਂ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਦੀਆਂ ਅਮਰ ਰਚਨਾਵਾਂ ਨੂੰ ਭਾਸ਼ਾਈ ਵਿਕਾਸ, ਭਾਸ਼ਾਗਤ ਵਖਰੇਵੇਂ ਅਤੇ ਭਾਸ਼ਾਈ ਸੁਹਜ-ਸ਼ਾਸਤਰੀ ਦ੍ਰਿਸ਼ਟੀ ਤੋਂ ਵਿਚਾਰਦਿਆਂ ਯਾਦਗਾਰੀ ਪੁਸਤਕਾਂ ਦੀ ਰਚਨਾ ਕੀਤੀ। ਉਨ੍ਹਾਂ ਦੀ ਪ੍ਰਸਿੱਧ ਪੁਸਤਕ 'ਭਾਰਤ ਦਰਸ਼ਨ' ਚਾਣਕੀਆ ਰਾਜਨੀਤੀ ਕਾਫ਼ੀ ਚਰਚਾ ਦਾ ਵਿਸ਼ਾ ਰਹੀ। ਭਾਰਤ ਦਰਸ਼ਨ ਵਿੱਚ ਵੱਖ-ਵੱਖ ਸ਼ਹਿਰਾਂ, ਇਮਾਰਤਾਂ, ਸਭਿਆਚਾਰਾਂ ਤੇ ਵਰਤਾਰਿਆਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ ਅਤੇ ਨਾਵਾਂ-ਥਾਵਾਂ ਦੀ ਵਿਉਤਪਤੀ ਬਾਰੇ ਜਿੰਨੀ ਬਾਰੀਕੀ ਨਾਲ ਉਹ ਪਰਖ ਪੜਚੋਲ ਕਰਦੇ ਹਨ, ਉਹ ਆਪਣੇ ਆਪ ਵਿੱਚ ਇੱਕ ਨਾਦਰ ਨਮੂਨਾ ਅਤੇ ਅਨੂਠਾ ਅਨੁਭਵ ਹੈ। ਛੋਟੇ-ਛੋਟੇ ਟ੍ਰੈਕਟਾਂ ਨੂੰ ਵੱਖ-ਵੱਖ ਇਤਿਹਾਸਕ ਦਿਹਾੜਿਆਂ ਉਤੇ ਛਾਪ ਕੇ ਫ੍ਰੀ ਵੰਡਣ ਦੀ ਪ੍ਰਵਿਰਤੀ ਤਹਿਤ ਉਨ੍ਹਾਂ ਨੇ ਸਾਧਾਰਨ ਮਨ ਵਿੱਚ ਸਮਾਜਕ ਜਾਗ੍ਰਤੀ ਪੈਦਾ ਕਰਨ ਲਈ ਵਡਮੁੱਲਾ ਯੋਗਦਾਨ ਪਾਇਆ ਹੈ।

ਉਹ ਅਜਿਹੇ ਸਿਰੜੀ, ਸਿਦਕੀ, ਸੰਜਮੀ ਤੇ ਖੁਸ਼ ਰਹਿਣ ਵਾਲੇ ਵਿਅਕਤੀ ਸਨ ਕਿ ਉਨ੍ਹਾਂ ਨੇ ਲਗਾਤਾਰ ਸੱਠ ਸਾਲ ਸਾਹਿਤ ਰਚਨਾ ਕੀਤੀ। ਰਾਜ ਪੱਧਰੀ ਤੇ ਅੰਤਰਰਾਸ਼ਟਰੀ ਪੱਧਰ ਦੀਆਂ ਸਭਾਵਾਂ ਤੇ ਸੰਸਥਾਵਾਂ ਨੇ ਉਨ੍ਹਾਂ ਨੂੰ ਬੇਅੰਤ ਮਾਨ ਸਨਮਾਨ ਦਿੱਤੇ। ਸਿੱਖਿਆ ਵਿਭਾਗ ਤੋਂ ਸੇਵਾ ਮੁਕਤ ਹੋਣ ਉਪਰੰਤ ਉਨ੍ਹਾਂ ਨੇ ਬਹੁਤ ਸਾਰੇ ਸਪਤਾਹਿਕ, ਪੰਦਰਾਂ ਰੋਜ਼ਾ ਤੇ ਮਾਸਿਕ ਪੱਤਰਾਂ ਦੀ ਸੰਪਾਦਨਾ ਕੀਤੀ। ਚੀਫ਼ ਖਾਲਸਾ ਦੀਵਾਨ ਦੀ ਖਾਲਸਾ ਟ੍ਰੈਕਟ ਸੁਸਾਇਟੀ ਦੇ 'ਨਿਰਗੁਣੀਆਰਾ' ਪੱਤਰ ਦੀ ਉਨ੍ਹਾਂ ਨੇ ਢਾਈ ਦਹਾਕੇ ਸੰਪਾਦਨਾ ਹੀ ਨਹੀਂ ਕੀਤੀ, ਸਗੋਂ ਇਸ ਦੀ ਦਿੱਖ, ਦੱਖ ਤੇ ਮੈਟਰ ਨੂੰ ਵਿਉਂਤਣ ਤੇ ਪ੍ਰਸਤੁਤ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ। ਭਾਈ ਵੀਰ ਸਿੰਘ ਜੀ ਦੇ ਗੁਰਬਾਣੀ ਕੋਸ਼ ਨੂੰ ਦੋ ਵਾਰ ਪੁਨਰ ਪ੍ਰਕਾਸ਼ਿਤ ਕਰਵਾ ਕੇ, ਗੁਰਬਾਣੀ ਪ੍ਰੇਮੀਆਂ ਦੀਆਂ ਦੁਬਿਧਾਵਾਂ ਸਰਲ ਕਰਨ ਵਿੱਚ ਆਪਣਾ ਹਿੱਸਾ ਪਾਇਆ। ਹਿੰਦ-ਪਾਕਿ ਵੰਡ ਦੀ ਤ੍ਰਾਸਦੀ ਝੱਲਦੇ ਹੋਏ ਅਗਸਤ 1947 ਵਿੱਚ ਉਹ ਬੱਦੋਮੱਲੀ ਤੋਂ ਆਪਣੇ ਜਿਸਮ 'ਤੇ ਬਰਛੀਆਂ ਦੇ ਦਰਜਨਾਂ ਜਖ਼ਮ ਲੈ ਕੇ ਅੰਮ੍ਰਿਤਸਰ ਪਹੁੰਚੇ, ਜੋ ਬਾਅਦ ਵਿੱਚ ਭਾਵੇਂ ਉਨ੍ਹਾਂ ਦੇ ਜਿਸਮ ਦਾ ਅਟੁੱਟ ਤੋਂ ਅਕੱਟ ਭਾਗ ਬਣ ਗਏ, ਪਰ ਇਸ ਕਰਮਯੋਗੀ ਵਿਅਕਤੀ ਨੇ ਕਦੀ ਭੂਤ-ਸਿਮਰਨ ਕਰਕੇ ਉਦਾਸੀ ਜਾਂ ਨਫ਼ਰਤ ਦਾ ਪ੍ਰਗਟਾਵਾ ਨਹੀਂ ਸੀ ਕੀਤਾ, ਸਗੋਂ ਚੰਗੇਰੇ ਕੱਲ੍ਹ ਦੀ ਸਿਰਜਣਾ ਵਿੱਚ ਯਤਨਸ਼ੀਲ ਰਹੇ। ਨਾਮਧਾਰੀ ਦਰਬਾਰ ਨੇ ਉਨ੍ਹਾਂ ਦੀਆਂ ਤਿੰਨ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਉਨ੍ਹਾਂ ਦੀ ਲੇਖਣੀ ਵਿੱਚ ਖ਼ੂਬਸੂਰਤ ਸ਼ਬਦਾਂ ਦਾ ਪ੍ਰਗਟਾਅ ਹੁੰਦਾ ਸੀ।

ਉਨ੍ਹਾਂ ਦੀਆਂ ਲਿਖਤਾਂ ਕਿਉਂਕਿ ਅੰਧ-ਵਿਸ਼ਵਾਸ ਦੇ ਵਿਰੋਧ ਵਿੱਚ ਆਵਾਜ਼ ਬੁਲੰਦ ਕਰਦੀਆਂ ਸਨ, ਇਸ ਲਈ ਉਨ੍ਹਾਂ ਨੇ ਵਿਵਾਦਾਂ ਨੂੰ ਵੀ ਜਨਮ ਦਿੱਤਾ। ਉਨ੍ਹਾਂ ਨੇ ਸਦਾ ਇੱਕ ਖੁਸ਼ ਰਹਿਣੇ, ਮੁਹੱਬਤੀ ਤੇ ਦਿਲਆਵੇਜ਼ ਸ਼ਖ਼ਸ ਵਾਂਗ ਜੀਵਨ ਬਤੀਤ ਕੀਤਾ। ਉਹ ਅਜਿਹੀ ਮਿਕਨਾਤੀਸੀ ਸ਼ਖ਼ਸੀਅਤ ਦੇ ਮਾਲਕ ਸਨ ਕਿ ਜਿਹੜਾ ਸ਼ਖ਼ਸ ਵੀ ਉਨ੍ਹਾਂ ਦੇ ਸੰਪਰਕ ਵਿੱਚ ਆਉਂਦਾ, ਉਹ ਉਨ੍ਹਾਂ ਦੀ ਮੋਹ ਦੀ ਗੁਰੂਤਾ ਵਿੱਚੋਂ ਬਾਹਰ ਨਾ ਨਿਕਲ ਸਕਦਾ। ਉਨ੍ਹਾਂ ਦੇ ਛੋਟੇ ਭਰਾਤਾ ਬੇਦੀ ਖੁਸ਼ਹਾਲ ਸਿੰਘ ਵੈਦਰਾਜ ਨੇ ਵੀ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਆਯੁਰਵੇਦ ਤੇ ਨਿੱਜੀ ਅਨੁਭਵ 'ਤੇ ਆਧਾਰਿਤ ਪੁਸਤਕਾਂ ਦੀ ਰਚਨਾ ਕੀਤੀ। ਉਨ੍ਹਾਂ ਤੋਂ ਪ੍ਰੇਰਿਤ ਸ. ਕੁਲਵੰਤ ਸਿੰਘ ਸੂਫੀ ਚੰਗੇ ਵਕਤਾ, ਸ. ਹਰਜੀਤ ਸਿੰਘ ਬੇਦੀ ਚੰਗੇ ਕਹਾਣੀਕਾਰ ਸਨ ਅਤੇ ਪ੍ਰੋਫੈਸਰ ਹਰਚੰਦ ਸਿੰਘ ਬੇਦੀ ਨੇ ਸਾਹਿਤ-ਆਲੋਚਨਾ, ਸਿੱਖ ਇਤਿਹਾਸ ਤੇ ਪਰਵਾਸੀ ਸਾਹਿਤ ਦੇ ਖੇਤਰ ਵਿੱਚ ਵੱਡਾ ਨਾਂ ਕਮਾਇਆ ਹੈ। ਦਿਲਜੀਤ ਸਿੰਘ ਬੇਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਅਹੁਦੇ ਤੋਂ ਸੇਵਾ ਮੁਕਤ ਹੋਏ ਤੇ ਗੁਰਮਤਿ ਸਾਹਿਤ ਤੇ ਇਤਿਹਾਸ ਨਾਲ ਸਬੰਧਤ ਦੋ ਦਰਜਨ ਤੋਂ ਵੱਧ ਪੁਸਤਕਾਂ ਦੀ ਰਚਨਾ ਕੀਤੀ। ਸ਼੍ਰੋਮਣੀ ਕਮੇਟੀ ਦੇ ਮਾਸਕ ਪੱਤਰਾਂ ਦੇ ਲੰਮਾਂ ਸਮਾਂ ਪਬਲੀਸ਼ਰ ਤੇ ਸੰਪਾਦਕ ਵੀ ਰਹੇ। ਬੇਦੀ ਲਾਲ ਸਿੰਘ ਦੀ ਸ਼ਖ਼ਸੀਅਤ ਦਾ ਇੱਕ ਮੀਰੀ ਗੁਣ ਇਹ ਸੀ ਕਿ ਉਨ੍ਹਾਂ ਨੂੰ ਫਿਲਬਦੀਹ ਸ਼ੇਅਰ ਕਹਿਣ ਤੇ ਉਨ੍ਹਾਂ ਪ੍ਰਤੀ ਵਿਚਾਰ ਪੈਦਾ ਕਰਨ ਦੀ ਬੜੀ ਸਮਝ ਸੀ। ਇਸੇ ਲਈ ਵੱਡੀਆਂ-ਵੱਡੀਆਂ ਮਹਿਫ਼ਿਲਾਂ ਵਿੱਚ ਉਹ ਵਿਦਵਾਨਾਂ ਨਾਲ ਸੰਵਾਦ ਰਚਾਉਂਦੇ ਤੇ ਉਨ੍ਹਾਂ ਨੂੰ ਨਿਰਉਤਰ ਕਰ ਦਿੰਦੇ ਸਨ।


ਯਾਦ ਹੈ ਕਿ ਬਹੁਤ ਸਮਾਂ ਪਹਿਲਾਂ ਮਾਸਟਰ ਤਾਰਾ ਸਿੰਘ ਨੇ ਇੱਕ ਵਾਰ ਕਾਸ਼ਤੀਵਾਲ ਵਿਖੇ ਇੱਕ ਵੱਡੀ ਕਾਨਫਰੰਸ ਕੀਤੀ, ਜਿਸ ਦੇ ਰੂਹੇ ਰਵਾਂ ਬੇਦੀ ਲਾਲ ਸਿੰਘ ਸਨ। ਬੱਸ ਉਸ ਦਿਨ ਤੋਂ ਬਾਅਦ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਪੰਜਾਬੀ ਦਾ ਸ਼ਾਇਦ ਹੀ ਕੋਈ ਅਖ਼ਬਾਰ ਜਾਂ ਰਸਾਲਾ ਹੋਵੇ, ਜਿਸ ਨੇ ਬੇਦੀ ਸਾਹਿਬ ਦੀਆਂ ਰਚਨਾਵਾਂ ਨੂੰ ਆਦਰ ਸਹਿਤ ਨਾ ਛਾਪਿਆ ਹੋਵੇ। ਉਨ੍ਹਾਂ ਬਾਰੇ ਛਪੇ ਅਭਿਨੰਦਨ ਗ੍ਰੰਥ ਵਿੱਚ ਸਵਰਗਵਾਸੀ ਡਾ. ਪਿਆਰ ਸਿੰਘ ਨੇ ਲਿਖਿਆ ਕਿ ਬੇਦੀ ਸਾਹਿਬ ਦੀ ਥਾਂ ਜੇਕਰ ਕੋਈ ਹੋਰ ਹੁੰਦਾ ਤਾਂ ਉਹ ਆਪਣੀ ਪਿਛਲੀ ਕੌਮੀ ਸੇਵਾ ਅਤੇ ਘੱਲੂਘਾਰੇ ਵਿੱਚ ਹੋਏ ਜਾਨੀ ਤੇ ਮਾਲੀ ਨੁਕਸਾਨ ਨੂੰ ਵਰਤ ਕੇ ਰਾਜਨੀਤੀ ਵਿੱਚ ਆਪਣੀ ਥਾਂ ਬਣਾ ਲੈਂਦਾ, ਪਰ ਇੱਥੇ ਤਾਂ ਉਹ ਚਤੁਰ ਰਾਜਨੀਤਕ ਨਹੀਂ, ਇੱਕ ਨਿਰਮਾਣ ਸੇਵਕ ਸੀ। ਸੋ ਉਹ ਤਾਂ ਆਦਰਸ਼ ਕੀਮਤਾਂ ਰੱਖਣ ਵਾਲਾ ਸਾਹਿਤਕਾਰ, ਦੁਨੀਆਂਦਾਰੀ ਤੋਂ ਅਭਿੱਜ ਸਾਹਿਤਕਾਰ ਸੀ।

ਬੇਦੀ ਸਾਹਿਬ ਆਪਣੇ ਆਪ ਵਿੱਚ ਇੱਕ ਸਦੀ ਦਾ ਇਤਿਹਾਸ ਸਨ, ਉਨ੍ਹਾਂ ਨੇ ਆਪਣੀਆਂ ਯਾਦਾਂ ਨੂੰ ਭਾਵੇਂ ਵਿਧੀਵਤ ਰੂਪ ਵਿੱਚ ਤਾਂ ਪ੍ਰਕਾਸ਼ਿਤ ਨਹੀਂ ਕਰਵਾਇਆ, ਪਰ ਉਹ ਮੂਲ ਰੂਪ ਵਿੱਚ ਇੱਕ ਨਿਸ਼ਠਾਵਾਨ ਸਿੱਖ ਸਨ, ਜਿਨ੍ਹਾਂ ਨੇ ਬਾਣੀ ਦੇ ਮਹਾਤਮ ਨੂੰ ਕੇਵਲ ਸਮਕਾਲੀ ਪ੍ਰਸਥਿਤੀਆਂ ਵਿੱਚ ਹੀ ਨਹੀਂ, ਸਗੋਂ ਤ੍ਰੈਕਾਲੀ ਦ੍ਰਿਸ਼ਟੀ ਬਿੰਦੂ ਤੋਂ ਵਾਚਣ ਦੀ ਕੋਸ਼ਿਸ਼ ਕੀਤੀ। ਬੇਦੀ ਸਾਹਿਬ ਦੀਆਂ ਦਰਜਨਾਂ ਪੁਸਤਕਾਂ ਤੇ ਸੈਂਕੜੇ ਟ੍ਰੈਕਟ ਛਪੇ ਹਨ। ਅਖ਼ਬਾਰਾਂ ਵਿੱਚ ਛਪੇ ਆਰਟੀਕਲਾਂ ਦੇ ਮਾਧਿਅਮ ਰਾਹੀਂ ਢੇਰਾਂ ਦੋਸਤੀਆਂ ਉਨ੍ਹਾਂ ਨੇ ਬਣਾਈਆਂ। ਉਨ੍ਹਾਂ ਦੀ ਸਾਫ਼ਗੋਈ ਤੇ ਖੁਸ਼ਲਿਬਾਸੀ ਦੁਸ਼ਮਣਾਂ ਦਾ ਹੀ ਦਿਲ ਮੋਹ ਲੈਂਦੀ ਸੀ। ਉਨ੍ਹਾਂ ਦਾ ਦੁਸ਼ਮਣ ਕੋਈ ਨਹੀਂ ਸੀ, ਲੋਕ ਉਨ੍ਹਾਂ ਨਾਲ ਕਦੀ-ਕਦੀ ਹਸਦ ਕਰਦੇ ਸਨ। ਉਹ ਹਮੇਸ਼ਾ ਦੂਜਿਆਂ ਦੇ ਕੰਮ ਆਉਣ ਲਈ ਤਤਪਰ ਰਹਿੰਦੇ ਸਨ।

ਬੇਦੀ ਸਾਹਿਬ ਦੀ ਸ਼ਖ਼ਸੀਅਤ ਦਾ ਇੱਕ ਹੋਰ ਮੀਰੀ ਗੁਣ ਇਹ ਸੀ ਕਿ ਉਨ੍ਹਾਂ ਦੀ ਰਫ਼ਤਾਰ, ਗੁਫਤਾਰ ਤੇ ਦਸਤਾਰ ਰਲ ਕੇ ਇੱਕ ਭਾਵਪੂਰਤ ਕਿਰਦਾਰ ਸਿਰਜਦੀਆਂ ਸਨ। ਰਫ਼ਤਾਰ ਉਨ੍ਹਾਂ ਦੀ ਹਮੇਸ਼ਾ ਤੇਜ਼, ਗੁਫ਼ਤਾਰ ਸੰਜਮੀ ਤੇ ਪ੍ਰਭਾਵੀ, ਦਸਤਾਰ ਬੰਨਣ ਦੀ ਸ਼ੈਲੀ ਅਸਲੋਂ ਵੱਖਰੀ ਤੇ ਨਿਵੇਕਲੀ। ਦਗ-ਦਗ ਕਰਦਾ ਚਿਹਰਾ, ਰੋਸ਼ਨ ਅੱਖਾਂ, ਖਿੜਿਆ ਮਨ ਤੇ ਹੁਲਾਸ ਨਾਲ ਭਰਿਆ ਵਿਹਾਰ। ਉਨ੍ਹਾਂ ਦੀ ਜ਼ਿੰਦਗੀ ਵਿੱਚ ਤਿੰਨ ਐਕਸੀਡੈਂਟ ਵੀ ਹੋਏ ਅਤੇ ਉਨ੍ਹਾਂ ਨੇ ਹਮੇਸ਼ਾ ਆਪਣੇ ਆਤਮਬਲ ਦੇ ਸਹਾਰੇ ਛੇਤੀ ਨਿਰੋਗ ਹੋ ਕੇ ਡਾਕਟਰਾਂ ਤੇ ਸਬੰਧੀਆਂ ਨੂੰ ਅਚੰਭਿਤ ਕੀਤਾ। ਉਨ੍ਹਾਂ ਨੇ ਲੰਬਾ ਸਮਾਂ ਆਪਣੀਆਂ ਅੱਖਾਂ ਗੁਆ ਚੁੱਕੀ ਪਤਨੀ ਦੀ ਆਦਰਸ਼ਕ ਪੱਧਰ 'ਤੇ ਸੇਵਾ ਕੀਤੀ। ਉਨ੍ਹਾਂ ਦੇ ਇਨ੍ਹਾਂ ਮਾਨਵੀ ਤੇ ਦਿਆਲੂ ਸੁਭਾਅ ਕਰਕੇ ਹੀ ਉਨ੍ਹਾਂ ਦੇ ਪ੍ਰਸ਼ੰਸਕਾਂ ਤੇ ਪਿਆਰਿਆਂ ਦਾ ਘੇਰਾ ਹਮੇਸ਼ਾਂ ਵਸੀਹ ਹੁੰਦਾ ਗਿਆ। ਉਨ੍ਹਾਂ ਦੀ ਸ਼ਖਸੀਅਤ ਹੀ ਇੰਨੀ ਪਿਆਰੀ ਸੀ ਕਿ ਬਹੁਤੇ ਕਲਮਕਾਰ ਉਨ੍ਹਾਂ ਪਾਸੋਂ ਸਿੱਖਿਆ-ਦੀਖਿਆ ਲੈਣ ਲਈ ਨਿਰੰਤਰ ਉਨ੍ਹਾਂ ਕੋਲ ਆਪਣਾ ਡੇਰਾ ਜਮਾਈ ਰੱਖਦੇ ਸਨ।

ਅੰਤਿਮ ਛਿਣਾਂ ਵਿੱਚ ਉਨ੍ਹਾਂ ਨੇ ਕਾਗਜ਼ 'ਤੇ ਲਿਖ ਕੇ ਦਿੱਤਾ ਕਿ "ਸਾਡਾ ਹੁਣ ਅੰਤਮ ਸਮਾਂ ਆ ਗਿਆ ਹੈ।" ਇਸ ਉਪਰੰਤ ਉਨ੍ਹਾਂ ਪਾਣੀ ਦਾ ਸੇਵਨ ਕੀਤਾ ਤੇ ਇਸ ਫ਼ਾਨੀ ਸੰਸਾਰ ਨੂੰ ਤਿਆਗ ਗਏ। ਅਜਿਹੇ ਕਰਮਯੋਗੀ ਤੇ ਪੁਰਸ਼ਾਰਥ ਨਾਲ ਭਰਪੂਰ ਵਿਅਕਤੀਆਂ ਦੀ ਜ਼ਿੰਦਗੀ ਜਿਥੇ ਪ੍ਰੇਰਨਾ ਦਾ ਸੋਮਾ ਬਣਦੀ ਹੈ, ਉਥੇ ਅਨੁਕਰਣ ਦਾ ਹੀ ਸਬੱਬ ਬਣਦੀ ਹੈ। ਉਨ੍ਹਾਂ ਨੇ ਆਪਣੀਆਂ ਲਿਖਤਾਂ ਵਿੱਚ ਹਮੇਸ਼ਾ ਜ਼ਾਲਮ, ਜ਼ੁਲਮ ਤੇ ਮਜ਼ਲੂਮ ਵਿੱਚ ਤਮੀਜ਼ ਕਰਨ ਦੀ ਜਾਂਚ ਦੱਸੀ। ਉਹ ਸ਼ਬਦਾਂ ਦੇ ਰੂਪਾਂਤ੍ਰਣ ਨਾਲ ਮਨੁੱਖੀ ਮਾਨਸਿਕਤਾ ਵਿੱਚ ਹੋ ਰਹੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ



# ਸ੍ਰੀ ਹਰਿਮੰਦਰ ਸਾਹਿਬ ਵਿਖੇ 7 ਦਹਾਕੇ ਤੋਂ ਵੱਧ ਕੀਰਤਨ ਦੀ ਸੇਵਾ ਕਰਨ ਵਾਲੇ

# ਬਾਬਾ ਸ਼ਾਮ ਸਿੰਘ

ਸੇਵਾ ਪੰਥੀ ਸੰਪਰਦਾਵਾਂ ਨੇ ਸਿੱਖ ਕੌਮ ਦੀ ਬਹੁਤ ਨਿੱਗਰ ਤੇ ਪ੍ਰਸ਼ੰਸਾਜਨਕ ਸੇਵਾ ਕੀਤੀ ਹੈ। ਇਨ੍ਹਾਂ ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ਾਂ ਨੇ ਲੋਕਾਂ ਦੇ ਸਰੀਰਕ ਸੁੱਖ-ਆਰਾਮ ਲਈ ਸਰ੍ਹਾਵਾਂ, ਟਿਕਾਣੇ, ਖੂਹ, ਤਾਲਾਬ, ਦਵਾਖਾਨੇ, ਧਰਮਸ਼ਾਲਾਵਾਂ, ਲੰਗਰ ਲਾ ਕੇ ਜਿੱਥੇ ਮਨੁੱਖ ਜਾਤੀ ਦੀ ਸੇਵਾ ਕੀਤੀ ਹੈ, ਉਥੇ ਮਾਨਸਿਕ ਸ਼ਾਂਤੀ ਤੇ ਸਦਾਚਾਰਕ ਸਿਖਿਆ ਲਈ ਚੰਗੇ ਸਾਹਿਤ ਦੀ ਵੀ ਸਿਰਜਣਾ ਕੀਤੀ ਹੈ। ਸੇਵਾ-ਪੰਥੀ ਸੰਤ ਪੁਰਸ਼, ਸਿੱਧੇ-ਸਾਦੇ, ਨਿਰਛਲ ਤੇ ਨਿਸ਼ਕਪਟ ਦਰਵੇਸ਼ੀ ਜੀਵਨ ਵਾਲੇ ਤਪੱਸਵੀ ਤੇ ਸੰਤੋਖੀ ਹੋਏ ਹਨ। ਸੇਵਾ ਪੰਥੀ ਸੰਪਰਦਾ ਦੇ ਬਾਬਾ ਸ਼ਾਮ ਸਿੰਘ ਗੁਰੂਘਰ ਦੇ ਸ੍ਰੇਸ਼ਟ ਸਵੱਛ ਰਸਾਲ ਕੀਰਤਨੀਏ ਅਤੇ ਨਿਸ਼ਕਾਮ ਸੇਵੀ ਰਹੇ ਹਨ। ਇਨ੍ਹਾਂ ਨੇ ਲਗਭਗ 70 ਸਾਲ ਤੋਂ ਵੱਧ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਬਦ ਕੀਰਤਨ ਕੀਤਾ। ਉਨ੍ਹਾਂ ਦੇ ਕੀਰਤਨ ਸਰਵਣ ਨਾਲ ਗੁਰੂ- ਘਰ/ਗੁਰੂ-ਪਿਆਰ ਵਿੱਚ ਭਿੱਜੀਆਂ ਰੂਹਾਂ ਦੀ ਅੰਤਰ-ਆਤਮਾ ਸੁਰਤ ਜੁੜ ਜਾਂਦੀ। ਭਜਨ ਦੇ ਪ੍ਰਤਾਪ ਅਤੇ ਪੂਰਨ ਜਤੀ-ਸਤੀ ਹੋਣ ਕਾਰਨ ਬਾਬਾ ਸ਼ਾਮ ਸਿੰਘ ਦਾ ਮਸਤਕ ਦਗ-ਦਗ ਕਰਦਾ ਸੀ। ਉਹ ਗੁਰਮਤਿ ਵਿਚਾਰਧਾਰਾ 'ਚ ਪੂਰਨ ਤੌਰ 'ਤੇ ਭਿੱਜੇ ਹੋਏ ਸਨ।

ਸੇਵਾ ਪੰਥੀ ਸੰਪਰਦਾ ਦੇ ਸੰਤ-ਮਹਾਂਪੁਰਸ਼ਾਂ ਨੇ ਗੁਰਬਾਣੀ ਦੇ ਗੁਟਕੇ, ਪੋਥੀਆਂ, ਸੁੰਦਰ ਅੱਖਰਾਂ ਵਿੱਚ ਲਿਖੀਆਂ ਤੇ ਚੰਗੀਆਂ ਪ੍ਰਮਾਣਿਕ ਪੁਸਤਕਾਂ ਦੇ ਉਲੱਥੇ ਕੀਤੇ ਤੇ ਕਰਵਾਏ। ਸੰਗੀਤ ਪਰਪਾਟੀ ਨੂੰ ਅੱਗੇ ਤੋਰਨ ਵਿੱਚ ਵੀ ਇਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਪਹਿਲੀ ਚੌਕੀ ਵੀ ਸੇਵਾ ਪੰਥੀ ਸੰਪਰਦਾ ਦੀ ਝੋਲੀ ਪੈਂਦੀ ਰਹੀ ਹੈ। ਸੇਵਾ ਪੰਥੀ ਬਾਬਾ ਸ਼ਾਮ ਸਿੰਘ ਦਾ ਜਨਮ ਸ਼ਹਿਰ ਸ਼ਾਹਪੁਰ (ਪਾਕਿਸਤਾਨ) ਵਿੱਚ 1803 ਈ. ਨੂੰ ਪਿਤਾ ਭਾਈ ਦਰਬਾਰੀ ਦੇ ਗ੍ਰਹਿ ਮਾਤਾ ਕਿਸ਼ਨ ਦੇਈ ਦੀ ਕੁੱਖੋਂ ਹੋਇਆ।

ਬਾਲਕ ਸ਼ਾਮ ਸਿੰਘ ਛੋਟੀ ਉਮਰ ਦੇ ਹੀ ਸਨ ਕਿ ਪਿਤਾ ਦਾ ਦੇਹਾਂਤ ਹੋ ਗਿਆ। ਘਰ ਵਿੱਚ ਆਰਥਿਕ ਮੰਦਹਾਲੀ ਪਹਿਲਾਂ ਹੀ ਬਹੁਤ ਸੀ, ਪਤੀ ਦੇ ਤੁਰ ਜਾਣ ਕਾਰਨ ਪੁੱਤਰ ਦੇ ਪਾਲਣ-ਪੋਸ਼ਣ ਦੀ ਸਾਰੀ ਜ਼ਿੰਮੇਵਾਰੀ ਮਾਤਾ ਜੀ 'ਤੇ ਆ ਪਈ।

ਉਹ ਚੱਕੀ ਪੀਹ ਕੇ ਘਰ ਦਾ ਨਿਰਬਾਹ ਚਲਾਉਂਦੇ, ਬਾਲਕ ਪੰਜ ਕੁ ਸਾਲ ਦਾ ਸੀ ਕਿ ਕਾਲ ਪੈ ਗਿਆ। ਮਾਤਾ ਕ੍ਰਿਸ਼ਨ ਦੇਈ ਨੇ ਬਾਲਕ ਸ਼ਾਮ ਸਿੰਘ ਨੂੰ ਸੰਤ ਬਾਬਾ ਰਾਮ ਸਿੰਘ ਜੀ ਦੇ ਚਰਨੀਂ ਲਾ ਦਿੱਤਾ ਤੇ ਸੰਤ ਮੰਡਲੀ ਵਿੱਚ ਸ਼ਾਮਲ ਹੋ ਗਏ। ਸੰਤ ਰਾਮ ਸਿੰਘ ਦੀ ਸਰਪ੍ਰਸਤੀ ਹੇਠ ਗੁਰਬਾਣੀ ਕੰਠ ਕੀਤੀ, ਨਿਸ਼ਕਾਮ ਸੇਵਾ ਦੀ ਗੁੜ੍ਹਤੀ ਲਈ। ਨਿਮਰਤਾ ਤੇ ਗੁਰੂ ਦੀ ਭੈ ਭਾਵਨੀ ਦਾ ਸਤਿਕਾਰ ਪ੍ਰਾਪਤ ਕੀਤਾ। ਉਨ੍ਹਾਂ ਦਾ ਸੰਤ ਰਾਮ ਸਿੰਘ ਨਾਲ ਬਹੁਤ ਲਗਾਓ ਸੀ। ਧਰਮ-ਪ੍ਰਚਾਰ ਫੇਰੀਆਂ ਸਮੇਂ ਉਹ ਹਮੇਸ਼ਾ ਨਾਲ ਰਹਿੰਦੇ। ਸੰਤ ਰਾਮ ਸਿੰਘ ਦੇ ਅਕਾਲ ਚਲਾਣੇ ਉਪਰੰਤ ਬਾਬਾ ਸ਼ਾਮ ਸਿੰਘ ਅੰਮ੍ਰਿਤਸਰ ਸਾਹਿਬ ਆ ਗਏ। ਵੱਖ-ਵੱਖ ਸੰਪਰਦਾਵਾਂ ਦੇ ਸੰਤਾਂ-ਮਹਾਂਪੁਰਸ਼ਾਂ ਨੂੰ ਮਿਲੇ; ਪਰ ਸੰਤ ਰਾਮ ਸਿੰਘ ਦੇ ਵਿਛੋੜੇ/ਵੈਰਾਗ ਗੁਰੂ ਅਰਜਨ ਦੇਵ ਜੀ ਵੱਲੋਂ ਈਜਾਦ ਸਾਜ ਸਰਦਾ ਉਹ ਕੀਰਤਨ ਲਈ ਵਰਤਦੇ ਸਨ। ਸਾਰੀ ਉਮਰ ਹੀ ਉਹ ਸਰੰਦੇ ਨਾਲ ਕੀਰਤਨ ਕਰਦੇ ਰਹੇ। ਸੰਤ ਸ਼ਾਮ ਸਿੰਘ ਸਿਦਕ, ਸਬਰ, ਸੰਤੋਖ, ਦਇਆਲਤਾ, ਉਦਾਰਤਾ, ਸ਼ਾਂਤੀ, ਸੁਪ੍ਰੇਮ, ਮਿੱਠੀ ਰਸਨਾ, ਅਮਲੀ ਨਿਰਮਾਣਤਾ ਅਤੇ ਅੰਤਰਯਾਤਮਾ ਦੇ ਹੁੰਦਿਆਂ ਵੀ ਆਪਣੇ ਆਪ ਨੂੰ ਗੁਲਾਮ ਕਹਾਉਂਦੇ ਸਨ।

ਗੁਰਬਾਣੀ ਦੇ ਸ਼ੁੱਧ ਉਚਾਰਣ 'ਤੇ ਬਹੁਤ ਜ਼ੋਰ ਦਿੰਦੇ ਸਨ। ਉਹ ਅਕਸਰ ਕਹਿੰਦੇ ਸਨ ਕਿ ਗੁਰਬਾਣੀ ਦੇ ਸ਼ੁੱਧ ਪਾਠ ਨਾਲ ਹੀ ਬਾਣੀ ਨੂੰ ਸਮਝਿਆ-ਵਿਚਾਰਿਆ ਜਾ ਸਕਦਾ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

## ਨਵਾਂ ਕਾਲਮ
## 'ਪਿੰਡ ਵਸਿਆ'

**ਸਥਾਨਕ ਇਤਿਹਾਸ, ਇਤਿਹਾਸਕਾਰੀ ਦੀ ਹੇਠਲੀ ਪਰ ਮਹੱਤਵਪੂਰਨ ਪਰਤ ਹੈ। ਵਿਅਕਤੀ ਵਿਸ਼ੇਸ਼, ਪਿੰਡ ਅਤੇ ਨਗਰ ਦਾ ਇਤਿਹਾਸ ਇਸ ਦਾ ਖੇਤਰ ਹਨ। ਭਾਰਤ ਪਿੰਡਾਂ ਦਾ ਦੇਸ਼ ਹੈ, ਪ੍ਰੰਤੂ ਮੁਲਕ ਦੀ ਸਭ ਤੋਂ ਛੋਟੀ ਇਕਾਈ ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਸੋ, ਅਕਸਰ ਹੀ ਬਜ਼ੁਰਗਾਂ ਅਤੇ ਪੀੜ੍ਹੀ-ਦਰ-ਪੀੜ੍ਹੀ ਦੰਦ-ਕਥਾਵਾਂ ਉੱਤੇ ਨਿਰਭਰ ਕਰਨਾ ਪੈਂਦਾ ਹੈ। ਪੁਰਾਣੀ ਪੀੜ੍ਹੀ ਲਗਭਗ ਖਤਮ ਹੋ ਗਈ ਹੈ, ਕੋਈ ਟਾਂਵਾ-ਟੱਲਾ ਹੀ ਡੰਗੋਰੀ ਲਈ ਖੜ੍ਹਾ ਹੈ, ਅਧਖੜ ਨੂੰ ਤੰਗੀਆਂ-ਝੋਰਿਆਂ ਨੇ ਝੰਬ ਛੱਡਿਆ ਹੈ ਅਤੇ ਨਵੀਂ ਪੌਂਦ ਨੂੰ ਟੈਲੀ-ਕਲਚਰ ਨੇ ਅੰਦਰੀਂ ਵਾੜ ਦਿੱਤਾ ਹੈ। ਸੱਥਾਂ ਤਾਂ ਕਦੋਂ ਦੀਆਂ ਖਤਮ ਹੋ ਗਈਆਂ ਹਨ, ਜਿੱਥੇ ਚੁੰਝ-ਚਰਚਾ ਚਲਦੀ ਸੀ। ਜੁੜ-ਬੈਠਣ ਦੇ ਜੜ੍ਹੀਂ ਅੱਕ ਸੋਸ਼ਲ-ਮੀਡੀਆ ਨੇ ਦੇ ਦਿੱਤਾ ਹੈ। ਸਿੱਟੇ ਵਜੋਂ ਪਿੰਡਾਂ ਦਾ ਮੌਖਿਕ ਇਤਿਹਾਸ ਵੀ ਗੁੰਮ ਹੋ ਚੱਲਿਆ ਹੈ। ਹਾਲੇ ਵੀ ਵੇਲਾ ਹੈ ਕਿ ਜਿੰਨਾ ਕੁ ਅਤੇ ਜਿਸ ਵੀ ਰੂਪ ਵਿੱਚ ਮਿਲ ਸਕਦਾ ਹੈ, ਸਾਂਭ ਲਈਏ; ਨਹੀਂ ਤਾਂ ਪਿੰਡਾਂ ਦਾ, ਸਾਡੇ ਚੇਤਿਆਂ 'ਚ ਪਿਆ ਇਤਿਹਾਸ ਵੀ ਲੁਪਤ ਹੋ ਜਾਵੇਗਾ। ਉਕਤ ਦੇ ਮੱਦੇਨਜ਼ਰ ਪਾਠਕਾਂ ਦੀ ਜਾਣਕਾਰੀ ਲਈ ਅਸੀਂ ਇੱਕ ਕਾਲਮ 'ਪਿੰਡ ਵਸਿਆ' ਇਸ ਅੰਕ ਤੋਂ ਸ਼ੁਰੂ ਕਰ ਰਹੇ ਹਾਂ। ਇਸ ਵਿੱਚ ਸਿਰਫ ਪਿੰਡ ਵੱਸਣ (ਸਬੰਧਿਤ ਖੇੜੇ ਦੀ ਮੋੜ੍ਹੀਂ ਗੱਡਣ) ਦੀ ਹੀ ਬਾਤ ਪਾਈ ਜਾਵੇਗੀ। ਪੇਸ਼ ਹੈ, ਕਾਲਮਨਵੀਸ ਵਿਜੈ ਬੰਬੇਲੀ ਵੱਲੋਂ ਆਪਣੇ ਹੀ ਪਿੰਡ ਬਾਰੇ ਲਿਖਿਆ ਪਹਿਲਾ ਲੇਖ...**




**ਵਿਜੈ ਬੰਬੇਲੀ**
**ਫੋਨ: +91-9463439075**

# ਸਿੱਖ ਮਿਸਲਾਂ ਦਾ ਜਾਇਆ: ਪਿੰਡ ਬੰਬੇਲੀ

ਬੰਬੇਲੀ ਪਿੰਡ ਦੀ ਬਾਤ ਪਾਉਣੀ ਹੋਵੇ ਤਾਂ ਗੱਲ ਤੋਰਨੀ ਪਊ ਅਠਾਰ੍ਹਵੀਂ ਸਦੀ ਦੇ ਲਗਪਗ ਪਹਿਲੇ ਅੱਧ ਤੋਂ ਜਰਾ ਕੁ ਪਹਿਲਾਂ ਦੀ। ਉਦੋਂ ਦੀ, ਜਦ ਮਹਾਂ-ਪੰਜਾਬ ਚਾਰ ਮੁੱਖ ਲੜਾਕੂ ਧਿਰਾਂ- ਮੁਗਲਾਂ, ਮਰਹੱਟਿਆਂ, ਪਠਾਣਾਂ ਅਤੇ ਸਿੱਖਾਂ ਦਾ ਯੁੱਧ ਖੇਤਰ ਬਣਿਆ ਹੋਇਆ ਸੀ। ਮੁਗਲਾਂ ਅਤੇ ਮਰਹੱਟਿਆਂ ਕੋਲ ਬਾਕਾਇਦਾ ਬੱਝਵੇਂ ਰਾਜ ਅਤੇ ਜਥੇਬੰਦਕ ਫੌਜਾਂ ਸਨ, ਜਦਕਿ ਪਠਾਣ ਅਤੇ ਸਿੱਖ ਗੁਰੀਲਾ ਯੁੱਧ ਲੜਦੇ ਸਨ। ਮੁਗਲਾਂ ਦਾ ਰਾਜ ਸੀ ਦਿੱਲੀ ਤਖ਼ਤ 'ਤੇ ਅਤੇ ਮਰਹੱਟੇ ਦਿੱਲੀ ਦੇ ਉੱਤਲੇ ਪਾਸਿਓਂ ਪਾਣੀਪਤ ਦੇ ਮੈਦਾਨਾਂ ਤੇ ਹੁਣ ਵਾਲੇ ਰਾਜਸਥਾਨ ਦੇ ਗੰਗਾਨਗਰ ਖਿੱਤੇ ਤੱਕ ਅਰਧ-ਛਤਰੀਨੁਮਾ ਕਬਜ਼ਾ ਜਮਾਈ ਬੈਠੇ ਸਨ। ਪਠਾਣ-ਮੁਸਲਿਮਾਂ ਦਾ ਮੁੱਖ ਕਾਰਜ ਸਿਰਫ ਲੁੱਟਮਾਰ ਕਰਨਾ ਸੀ ਅਤੇ ਸਿੱਖ ਆਪਣੀ ਹੋਂਦ ਦੀ ਲੜਾਈ ਲੜ ਰਹੇ ਸਨ। ਜਦ ਬਹੁਤ ਸਾਰੇ ਕਾਰਨਾਂ ਕਾਰਨ ਦਿੱਲੀ ਤਖਤ ਅਤੇ ਮਰਹੱਟੇ ਪ੍ਰਾਚੀਨ ਪੰਜਾਬ ਦੇ ਯੁੱਧ ਖੇਤਰ ਵਿੱਚੋਂ ਬਾਹਰ ਹੋ ਗਏ ਤਾਂ ਮੈਦਾਨ ਵਿੱਚ ਰਹਿ ਗਈਆਂ ਦੋ ਧਿਰਾਂ- ਪਠਾਣ ਅਤੇ ਮੁਗਲ; ਤੇ ਕਿਤੇ-ਕਿਤੇ ਮੁਗਲ ਸਲਤਨਤ ਦੇ ਪੰਜਾਬ ਵਿਚਲੇ ਅਹਿਲਕਾਰ। ਇੱਥੋਂ ਹੀ ਗੱਲ ਤੁਰਦੀ ਹੈ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੰਬੇਲੀ ਦੇ ਵਸਣ ਦੀ ਗਾਥਾ। ਜਿਹੜਾ ਹੁਸ਼ਿਆਰਪੁਰ-ਚੰਡੀਗੜ੍ਹ ਸ਼ਾਹ-ਮਾਰਗ ਉੱਤੇ ਹੁਸ਼ਿਆਰਪੁਰ ਤੋਂ 10 ਮੀਲ ਦੀ ਵਿੱਥ 'ਤੇ ਵਸਿਆ ਹੋਇਆ ਹੈ ਅਤੇ ਤਹਿਸੀਲ ਗੜ੍ਹਸ਼ੰਕਰ ਵੱਲ ਨੂੰ ਮੂੰਹ ਕਰਿਆਂ ਮਾਹਿਲਪੁਰ ਹੈ, ਕਰੀਬ 3 ਮੀਲ ਦੂਰ।

ਈਸਵੀ ਸੰਨ 1745 ਵਿੱਚ, ਸੂਬੇਦਾਰ ਜ਼ਕਰੀਆਂ ਖਾਂ ਦੀ ਮੌਤ ਉਪਰੰਤ ਸਿੱਖਾਂ ਨੇ ਖੁਦ ਨੂੰ 25 ਪ੍ਰਮੁੱਖ ਲੜਾਕੂ ਜਥਿਆਂ ਵਿੱਚ ਸੰਗਠਿਤ ਕਰ ਕੁੱਝ ਟੁੱਟਵੇਂ ਖਿੱਤਿਆਂ 'ਚ ਆਪੋ-ਆਪਣੇ ਰਾਜ-ਪ੍ਰਭਾਵ ਸਥਾਪਿਤ ਕਰ ਲਏ। ਸਹਿਜੇ-ਸਹਿਜੇ ਇਨ੍ਹਾਂ ਸਿੱਖ-ਜਥਿਆਂ ਦੀ ਗਿਣਤੀ 65 ਤੱਕ ਪਹੁੰਚ ਗਈ, ਬਹੁਤੇ ਜਥੇ ਗੁਰੀਲੇ ਜਥੇ ਸਨ ਅਤੇ ਥੋੜ੍ਹੇ ਜਿਹੇ ਟਿਕਵੇਂ। ਸੰਨ 1748 ਵਿੱਚ ਸਿਰਦਾਰ ਕਪੂਰ ਸਿੰਘ ਦੇ ਸੁਝਾਅ 'ਤੇ ਸਿੱਖ ਜਥਿਆਂ ਵੱਲੋਂ ਸਾਂਝੀ-ਵਿਪਤਾ/ਸਾਂਝੀ ਮੁਹਿੰਮ ਦੇ ਮੱਦੇਨਜ਼ਰ ਸਾਂਝੀ-ਸੈਨਾ ਦਾ ਗਠਨ ਕੀਤਾ ਗਿਆ, ਨਾਂ ਦਿੱਤਾ ਗਿਆ ਦਲ ਖਾਲਸਾ, ਜਿਸਦਾ ਪ੍ਰਧਾਨ ਸੈਨਾਪਤੀ ਥਾਪਿਆ ਗਿਆ ਸ. ਜੱਸਾ ਸਿੰਘ ਆਹਲੂਵਾਲੀਏ ਨੂੰ। ਮਗਰੋਂ ਹਾਲਾਤ ਦੇ ਮੱਦੇਨਜ਼ਰ ਉਕਤ 65 ਜਥੇ 12 ਮੁੱਖ ਜਥਿਆਂ ਵਜੋਂ ਵਲੀਨ ਹੋ, ਇਤਿਹਾਸ 'ਚ ਸਿੱਖ ਮਿਸਲਾਂ ਵਜੋਂ ਦਰਜ ਹੋ ਗਏ। ਇਨ੍ਹਾਂ ਮਿਸਲਾਂ ਦਾ 1767-1799 ਦਰਮਿਆਨ ਕਰੀਬ-ਕਰੀਬ ਸਾਰੇ ਪੰਜਾਬ 'ਤੇ ਕਿਸੇ-ਨਾ-ਕਿਸੇ ਰੂਪ ਵਿੱਚ ਕਬਜ਼ਾ ਹੋ ਗਿਆ। ਇਨ੍ਹਾਂ ਜਥਿਆਂ ਵੇਲੇ ਸ਼ੁਰੂ ਕੀਤੀ, ਮਗਰੋਂ ਮਿਸਲਾਂ ਵੇਲੇ ਵੀ ਜਾਰੀ ਰਹੀ, ਰਾਖੀ-ਪ੍ਰਥਾ ਵੇਲੇ ਕਰੋੜ ਸਿੰਘੀਆਂ ਮਿਸਲ ਦਾ ਇੱਕ ਜੰਗੀ ਸਰਦਾਰ ਗੁਰਬਖਸ਼ ਸਿੰਘ ਇਸ ਪਿੰਡ ਦੇ ਉਗਮਣ (1776-1794 ਦਰਮਿਆਨ) ਦਾ ਨਾਇਕ ਬਣਿਆ। ਕਿਵੇਂ? ਕਹਾਣੀ ਲੰਬੀ ਹੈ, ਕਿਤੇ ਫੇਰ ਸਹੀ!




ਸ. ਗੁਰਬਖਸ਼ ਸਿੰਘ ਬਾਰੇ ਸਾਫ਼ ਹੋ ਜਾਏ, ਜਿਸ ਲਈ ਦੱਸਣਾ ਜਰੂਰੀ ਹੈ ਕਿ 1745 ਦੇ ਅੰਮ੍ਰਿਤਸਰ ਦੇ ਗੁਰਮਤੇ ਵੇਲੇ ਜਦ 25 ਮੁੱਖ ਜਥੇ ਬਣੇ ਸਨ, ਤਦ ਉਨ੍ਹਾਂ ਵਿਚ ਸ. ਕਰੋੜ ਸਿੰਘ, ਕਰਮ ਸਿੰਘ, ਧਰਮ ਸਿੰਘ, ਜੱਸਾ ਸਿੰਘ, ਦੀਪ ਸਿੰਘ, ਹਰੀ ਸਿੰਘ, ਜੈ ਸਿੰਘ, ਹੀਰਾ ਸਿੰਘ ਆਦਿ ਗੂੜ੍ਹੇ ਆਗੂਆਂ 'ਚ ਇੱਕ ਉੱਘੜਵਾਂ ਜੰਗੀ ਸਰਦਾਰ ਗੁਰਬਖਸ਼ ਸਿੰਘ, ਉਕਤ ਪਿੰਡ ਬੰਬੇਲੀ ਦਾ ਮੌੜ੍ਹੀ-ਗੱਡ ਵੀ ਸੀ, ਜਿਨ੍ਹਾਂ ਰਲ-ਮਿਲ, ਕਰੋੜ ਸਿੰਘੀਆਂ ਮਿਸਲ ਦਾ ਬਾਨਣੂੰ ਬੰਨਿਆ ਸੀ। ਮਗਰੋਂ ਇਸ ਮਿਸਲ ਦਾ ਵੱਡਾ ਮਿਸਲਦਾਰ ਬਘੇਲ ਸਿੰਘ ਕਰੋੜ ਸਿੰਘੀਆਂ ਹੋਇਆ, ਜਿਸਦਾ ਗੁਰਬਖਸ਼ ਸਿੰਘ ਬੜਾ ਨੇੜੂ ਸੀ। ਇੱਕ ਹੋਰ ਗੁਰਬਖਸ਼ ਸਿੰਘ ਪਿੰਡ ਗੰਗੂਬਾਹਾ (ਤਰਨਤਾਰਨ) ਦਾ ਸੀ, ਜਿਹੜਾ ਮਿਸਲ ਸ਼ਹੀਦਾਂ ਦਾ ਉੱਘਾ ਸੂਰਮਾ ਹੋ ਨਿਬੜਿਆ। ਇੱਕ ਗੁਰਬਖਸ਼ ਸਿੰਘ ਕਨ੍ਹੱਈਆ ਮਿਸਲ ਦੇ ਸ. ਜੈ ਸਿੰਘ ਦਾ ਪੁੱਤਰ ਸੀ, ਜਿਹੜਾ ਆਹਲੂਵਾਲੀਆ ਮਿਸਲ ਦੇ ਜੱਸਾ ਸਿੰਘ ਨਾਲ ਹੋਈ ਝੜਪ ਸਮੇਂ ਮਾਰਿਆ ਗਿਆ ਸੀ। ਇਸੇ ਗੁਰਬਖਸ਼ ਸਿੰਘ ਦੀ ਭੈਣ, ਬਾਅਦ 'ਚ ਸ਼ੁਕਰਚੱਕੀਆ ਮਿਸਲ ਦੇ ਸ਼ਹਿਜ਼ਾਦੇ ਰਣਜੀਤ ਸਿੰਘ ਨੂੰ ਵਿਆਹੀ ਗਈ।

ਪ੍ਰੰਤੂ ਬੰਬੇਲੀ ਪਿੰਡ ਦੇ ਵਸਣ ਦਾ ਕਾਰਕ ਬਣਨ ਵਾਲੇ ਯੋਧੇ ਗੁਰਬਖਸ਼ ਸਿੰਘ, ਸਿੱਧੂ ਜੱਟ, ਦੀ ਜੰਮਣ ਭੋਇੰ ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਦਾ ਉੱਘੜਵਾਂ ਪਿੰਡ ਕਲਸੀਆ ਸੀ। ਪਹਿਲਾਂ-ਪਹਿਲ ਉਨ੍ਹਾਂ ਦਾ ਸਬੰਧ ਕਰੋੜ ਸਿੰਘੀਆਂ ਮਿਸਲ, ਜਿਸਦਾ ਹਰਿਆਣਾ (ਭੂੰਗਾਂ) ਖਿੱਤੇ ਸਮੇਤ ਮਾਹਿਲਪੁਰ ਖਿੱਤੇ ਦੇ ਉਰਲੇ ਪਾਸੇ ਤੱਕ ਕੁੱਝ/ਟੁੱਟਵੇਂ ਖੇਤਰ ਉੱਤੇ ਵੀ ਕਬਜ਼ਾ ਸੀ, ਨਾਲ ਰਿਹਾ। ਸਮਾਂ ਪਾ ਕੇ ਇਹੀ ਕਲਸੀਏ, ਕਲਸੀਆਂ ਮਿਸਲ, ਜਿਸਦੇ ਹਿੱਸੇ ਪਹਿਲਾਂ-ਪਹਿਲ ਬੱਧਣੀ-ਬਿਲਾਸਪੁਰ (ਮੋਗਾ ਖੇਤਰ) ਦੇ 7-8 ਪਿੰਡ ਆਏ, ਦੇ ਬਾਨੀ ਬਣੇ ਸਨ।

ਕਲਸੀਆਂ ਮਿਸਲ, ਮੁਰਾਦਾਬਾਦ-ਪਾਊਂਟਾ ਸਾਹਿਬ ਰੋਡ ਦੇ ਸੰਯੋਜਕ ਇਸ ਪੁਰਖੇ ਦੀ ਜੰਗੀ-ਗੜ੍ਹੀ ਪਿੰਡ ਗੋਂਦਪੁਰ (ਮਾਹਿਲਪੁਰ-ਬਾੜੀਆਂ) ਵਿੱਚ ਸੀ। ਪਰ ਹਾਲਾਤ ਵੱਸ ਇਹ ਬੰਬੇਲੀ ਖਿੱਤੇ ਦੇ ਸੰਘਣੇ ਬਣ-ਵੇਲਿਆਂ, ਅੰਬਾਂ ਦੇ ਝੁਰਮਟਾਂ, ਵਿੱਚ ਗੁਰੀਲਾ ਰਣਨੀਤਿਕ ਪਨਾਹ ਲੈ ਲੈਂਦਾ ਸੀ। ਇਸ ਆਰਜ਼ੀ ਜੰਗੀ-ਪਿਕਟ ਨੂੰ ਉਦੋਂ 'ਬਣ-ਵੇਲੀ' ਕਹਿੰਦੇ ਸਨ। ਉਦੋਂ ਦੀ 'ਬਣ-ਵੇਲੀ', ਜਿੱਥੇ ਉਸ ਆਖਰੀ ਸਾਹ ਲਏ, ਵਿੱਚ ਉਸਦੀ ਸਮਾਧ ਹੁਣ ਵੀ ਮੌਜੂਦ ਹੈ। ਮਗਰੋਂ; ਇਹੀ 'ਬਣ-ਵੇਲੀ', ਵਿਗੜਦਾ-ਸੰਵਰਦਾ, ਇਲਾਕੇ ਦਾ ਉੱਘਾ ਕੇਂਦਰੀ ਪਿੰਡ, 'ਬੰਬੇਲੀ' ਬਣ ਗਿਆ। ਇਹ ਮਾਣ-ਮੱਤਾ ਪਿੰਡ ਮੇਰੀ ਜੰਮਣ-ਭੋਇੰ ਹੈ।

---

# ਬੇਦੀ ਲਾਲ ਸਿੰਘ

ਤਬਦੀਲੀ ਨੂੰ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦੇ। ਉਨ੍ਹਾਂ ਪਰਮਾਰਥ, ਪੁਰਸ਼ਾਰਥ, ਪਦਾਰਥ ਤੇ ਸਵਾਰਥ ਨੂੰ ਇੱਕ ਅਜਿਹੀ ਦ੍ਰਿਸ਼ਟੀ ਵਾਂਗ ਗ੍ਰਹਿਣ ਕੀਤਾ, ਜੋ ਸਵਾਰਥ ਦੇ ਚਰਿੱਤਰ ਤੋਂ ਵਿੱਥ ਰੱਖ ਕੇ ਵਿਚਰਦੀ ਸੀ। ਅਸੀਂ ਮਹਿਸੂਸ ਕਰਦੇ ਹਾਂ ਕਿ ਭਾਵੇਂ ਉਹ ਆਪਣੇ ਪਿੱਛੇ ਪੰਜ ਪੁੱਤਰ ਤੇ ਦੋ ਧੀਆਂ ਛੱਡ ਗਏ ਸਨ, ਜੋ ਆਪੋ ਆਪਣੇ ਖੇਤਰਾਂ ਵਿੱਚ ਪ੍ਰਸਿਧੀ ਪ੍ਰਾਪਤ ਕਰ ਚੁਕੇ ਤੇ ਕਰ ਰਹੇ ਹਨ, ਪਰ ਉਨ੍ਹਾਂ ਦੀ ਪ੍ਰੇਰਨਾਦਾਇਕ ਸ਼ਖ਼ਸੀਅਤ ਅਤੇ ਉਨ੍ਹਾਂ ਵੱਲੋਂ ਸਿਰਜੇ ਗਏ ਬੇਸ਼-ਕੀਮਤੀ ਪ੍ਰਬੰਧ ਹੀ, ਅਜਿਹੀ ਕੁੰਜੀ ਹੈ, ਜੋ ਅੱਜ ਚੰਗੇਰੇ ਸਮਾਜ ਦੀ ਸਿਰਜਣਾ ਲਈ ਸਾਰਥਿਕ ਤੇ ਮੁੱਲਵਾਨ ਭੂਮਿਕਾ ਨਿਭਾਅ ਸਕਦੀ ਹੈ। ਪਹਿਲਾਂ ਉਨ੍ਹਾਂ ਨੇ ਦੇਸ਼ ਸੇਵਕ ਦਲ ਬਣਾਇਆ, ਜੋ ਜਨ ਸੇਵਾ ਨੂੰ ਸਮਰਪਿਤ ਸੀ। ਫਿਰ ਉਨ੍ਹਾਂ ਨੇ ਥਾਣਿਆਂ ਤੇ ਕਾਨੂੰਨ ਤੋਂ ਵਿੱਥ ਥਾਪ ਕੇ ਸਮਾਜਿਕ ਨਿਆਂ ਲਈ, ਭਾਈਚਾਰਕ ਕਚਹਿਰੀਆਂ ਬਣਾਈਆਂ ਤੇ ਭਾਈਬੰਦੀ ਦੇ ਨੇਮਾਂ ਅਨੁਸਾਰ ਝਗੜੇ ਦੇ ਨਿਪਟਾਰੇ ਕੀਤੇ। ਮਜ਼ਦੂਰਾਂ ਦੀਆਂ ਆਬਾਦੀਆਂ ਵਿੱਚ ਰਹਿ ਕੇ ਉਨ੍ਹਾਂ ਨੇ ਜਾਗਰੂਕਤਾ ਤੇ ਸ਼ਊਰ ਪੈਦਾ ਕੀਤਾ। ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸ਼ਬਦਾਂ ਵਿੱਚ ਪਕੜ ਸਕਣਾ ਸੰਭਵ ਨਹੀਂ, ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਅਜਿਹੇ ਵਿਅਕਤੀ ਨੂੰ ਬਿਰਤਾਂਤ 'ਚ ਢਾਲਣ ਲੱਗਿਆਂ ਭਾਸ਼ਾ ਵੀ ਊਣੀ-ਊਣੀ ਤੇ ਸੱਖਣੀ-ਸੱਖਣੀ ਮਹਿਸੂਸ ਕਰਦੀ ਹੈ।

ਬੇਦੀ ਜੀ ਦੇ ਅਕਾਲ ਚਲਾਣੇ ਬਾਰੇ ਸੁਣ ਕੇ, ਉਨ੍ਹਾਂ ਦੇ ਸੁਨੇਹੀਆਂ ਨੂੰ ਵਿਸ਼ਵਾਸ ਨਹੀਂ ਸੀ ਆਉਂਦਾ, ਕਿਉਂਕਿ ਉਹ ਨਿਰੰਤਰ ਉਨ੍ਹਾਂ ਨੂੰ ਜੀਵਨ ਦੇ ਕਿਸੇ ਨਾ ਕਿਸੇ ਮੋੜ ਤੇ ਹੱਸਦੇ ਖੇਡਦੇ, ਅਸੀਸਾਂ ਦਿੰਦੇ ਮਿਲੇ ਸਨ। ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਡਾ. ਬਲਬੀਰ ਸਿੰਘ ਵਰਗੇ ਚਿੰਤਕ ਸਾਹਿਤਕਾਰਾਂ ਦੀ ਉਤਰਕਾਲੀ ਪੀੜ੍ਹੀ ਵਿੱਚੋਂ ਬੇਦੀ ਜੀ ਉਹ ਵਿਦਵਾਨ ਸਨ, ਜਿਨ੍ਹਾਂ ਨੇ ਸਾਰੀ ਉਮਰ ਨਿਰਸਵਾਰਥ ਹੋ ਕੇ ਸਾਹਿਤ ਸਾਧਨਾ ਕੀਤੀ ਅਤੇ ਕਦੀ ਇਸ ਸਾਧਨਾ ਲਈ ਕਿਸੇ ਲਾਭ ਦੀ ਇੱਛਾ ਨਹੀਂ ਕੀਤੀ। ਦਸੰਬਰ 1910 ਵਿੱਚ ਜਨਮੇ ਬੇਦੀ ਲਾਲ ਸਿੰਘ ਪਹਿਲੀ ਮਈ 2000 ਦੀ ਅੱਧੀ ਰਾਤ ਨੂੰ ਇਸ ਫਾਨੀ ਸੰਸਾਰ ਨੂੰ ਸਦੀਵੀਂ ਅਲਵਿਦਾ ਕਹਿ ਗਏ।

---

# ਬਾਬਾ ਸ਼ਾਮ ਸਿੰਘ

ਹੈ। ਸਿਖਿਆਰਥੀ ਨੂੰ ਮੁਹਾਰਨੀ ਪੱਕੀ ਹੋਣ 'ਤੇ ਹੀ ਗੁਰੂ ਚਰਨੀਂ ਲਾਉਣਾ ਚਾਹੀਦਾ ਹੈ। ਅੱਠੇ ਪਹਿਰ ਕੀਰਤਨ, ਪਾਠ-ਜਾਪ ਤੇ ਸਿਮਰਨ ਸੰਸਾਰ ਅੰਦਰ ਸਿਰਫ਼ ਸ੍ਰੀ ਹਰਿਮੰਦਰ ਸਹਿਬ ਜੀ ਵਿਖੇ ਹੀ ਹੁੰਦਾ ਹੈ। ਪੁਰਾਤਨ ਸਮੇਂ ਕਿਵਾੜ ਖੁੱਲ੍ਹਣ ਤੋਂ ਇੱਕ ਘੰਟਾ ਬਾਅਦ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਹੁੰਦਾ। ਸੰਤ ਬਾਬਾ ਸ਼ਾਮ ਸਿੰਘ ਜੀ ਰਾਤ ਦੇ ਇੱਕ ਵਜੇ ਉੱਠ ਕੇ ਪਹਿਲਾਂ ਖੂਹ 'ਤੇ ਇਸ਼ਨਾਨ ਕਰਦੇ ਤੇ ਫਿਰ ਅੰਮ੍ਰਿਤ-ਸਰੋਵਰ ਵਿੱਚ ਕੇਸਾਂ ਸਮੇਤ ਟੁੱਭਾ ਲਾਉਂਦੇ। ਤਿੰਨ ਪਹਿਰ ਵੱਜਣ ਤੋਂ ਪਹਿਲਾਂ ਗੁਰਦੁਆਰਾ ਲਾਚੀ ਬੇਰ ਸਾਹਿਬ ਦੇ ਹੇਠ ਜਾ ਬੈਠਦੇ ਤੇ ਸਰੰਦੇ ਨਾਲ ਕੀਰਤਨ ਸ਼ੁਰੂ ਕਰਦੇ- 'ਤੁਝ ਬਿਨ ਸੁਰਤ ਕਰੋ ਕੋ ਮੇਰੀ ਦਰਸ਼ਨ ਦੀਜੇ ਖੋਲਿ ਕਿਵਾਰ॥'

ਸੰਗਤਾਂ ਇਸ ਚੌਂਕੀ ਨੂੰ ਪ੍ਰੇਮ ਚੌਂਕੀ ਕਹਿਣ ਲੱਗ ਪਈਆਂ। ਹੁਣ ਇਸ ਨੂੰ ਤਿੰਨ ਪਹਿਰੇ ਦੀ ਚੌਂਕੀ ਕਹਿੰਦੇ ਹਨ। ਉਨ੍ਹਾਂ ਇਹ ਚੌਂਕੀ ਕੋਈ ਸਤ ਦਹਾਕੇ ਭਰੀ। ਉਨ੍ਹਾਂ ਦੇ ਜੀਵਨ ਨਾਲ ਅਧਿਆਤਮਿਕ ਰਹੱਸ ਵਾਲੀਆਂ ਕਈ ਸਾਖੀ ਰੂਪੀ ਕਹਾਣੀਆਂ ਪ੍ਰਚੱਲਤ ਹਨ। ਉਨ੍ਹਾਂ ਆਪਣੇ ਹੱਥ-ਲਿਖਤ ਗ੍ਰੰਥ 'ਭਗਤ ਪ੍ਰੇਮ ਪ੍ਰਕਾਸ਼' ਵਿੱਚ ਵੀ ਕਈ ਘਟਨਾਵਾਂ ਦਾ ਵਰਨਣ ਕੀਤਾ ਹੈ। ਉਹ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚੋਂ ਗੋਹਾ, ਪੰਛੀਆਂ ਦੀਆਂ ਵਿੱਠਾਂ, ਖੰਭ ਆਦਿ ਦੀ ਸੇਵਾ ਬੜੀ ਲਗਨ ਨਾਲ ਕਰਦੇ ਸਨ। ਪਿੱਠ ਪਿੱਛੇ ਸਰੰਦਾ ਬੰਨ੍ਹੀ, ਪਰਿਕਰਮਾ ਵਿੱਚ ਝਾੜੂ ਵੀ ਆਪ ਦਿਆ ਕਰਦੇ ਸਨ। ਜ਼ਖ਼ਮੀ ਪੰਛੀਆਂ, ਡੰਗਰਾਂ ਦੀ ਮਲ੍ਹਮ ਪੱਟੀ ਵੀ ਕਰਦੇ ਸਨ। ਲੋੜਵੰਦਾਂ ਦੀ ਲੋੜ ਪੂਰੀ ਕਰਕੇ ਅਨੰਦਤ ਹੁੰਦੇ ਸਨ। ਉਹ ਪਰਿਕਰਮਾ ਵਿੱਚ ਸੰਤ ਭਾਈ ਸਵਾਇਆ ਸਿੰਘ ਜੀ ਦੀ ਛਬੀਲ 'ਤੇ ਸੰਗਤਾਂ ਦੇ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਕਰਦੇ। ਆਟਾ ਮੰਡੀ ਵਾਲੀ ਧਰਮਸਾਲ ਵਿੱਚ ਸੰਗਤਾਂ ਲਈ ਆਟਾ ਗੁੰਨ੍ਹਦੇ, ਸਬਜ਼ੀਆਂ, ਦਾਲਾਂ ਆਪ ਬਣਾਉਂਦੇ, ਆਈ ਸੰਗਤ ਨੂੰ ਗੋਬਿੰਦ ਸੰਗਤ ਕਹਿੰਦੇ। ਪਰਸ਼ਾਦਾ ਵਰਤਾਉਣ ਵੇਲੇ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦੀ ਧੁਨੀ ਉਚਾਰਦੇ। ਉਹ ਬਹੁਤ ਘੱਟ ਪ੍ਰਸ਼ਾਦਾ ਛਕਦੇ ਤੇ ਬਹੁਤ ਘੱਟ ਸੌਂਦੇ ਸਨ।

ਸੰਤ ਬਾਬਾ ਸ਼ਾਮ ਸਿੰਘ ਜੀ ਨੂੰ ਗੁਰੂ-ਘਰਾਂ ਦੀ ਸੇਵਾ ਕਰਾਉਣ ਦਾ ਡਾਢਾ ਚਾਅ ਪਿਆਰ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਕਾਰ-ਸੇਵਾ ਕਰਵਾਉਣੀ, ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਝੰਡੇ-ਬੁੰਗੇ ਦੀ ਇਮਾਰਤ ਕਾਰ-ਸੇਵਾ ਰਾਹੀਂ ਬਣਾਉਣੀ, ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੀ ਹੰਸਲੀ ਦੀ ਕਾਰ ਸੇਵਾ ਕਰਵਾਉਣੀ, ਗੁਰਦੁਆਰਾ ਸ੍ਰੀ ਕੌਲਸਰ ਸਾਹਿਬ ਦੀ ਕੱਚੀ ਪਰਿਕਰਮਾ ਪੱਕੀ ਕਰਵਾਉਣੀ, ਸ੍ਰੀ ਬਾਉਲੀ ਸਾਹਿਬ ਗੋਇੰਦਵਾਲ ਵਿਖੇ ਸੋਨੇ ਦੇ ਕਲਸਾਂ ਦੀ ਸੇਵਾ, ਸ੍ਰੀ ਤਰਨਤਾਰਨ ਸਾਹਿਬ ਦੀਆਂ ਬੁਰਜੀਆਂ ਦੀ ਸੇਵਾ, ਗੁਰਦੁਆਰਾ ਪਤਾਲਪੁਰੀ ਕੀਰਤਪੁਰ ਸਾਹਿਬ ਵਿਖੇ ਛੇਵੇਂ ਪਾਤਸ਼ਾਹ ਦੇ ਅਸਥਾਨ ਦੀ ਇਮਾਰਤ ਬਣਵਾਈ ਅਤੇ ਖੂਹ ਲਗਵਾਇਆ। ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦੇਹੁਰੇ ਵਿਖੇ ਸੰਗਮਰਮਰ ਦਾ ਸੁੰਦਰ ਬੁਰਜ ਵਾਲਾ ਬੰਗਲਾ ਸਾਹਿਬ ਬਣਵਾ ਕੇ ਲਗਵਾਇਆ ਅਤੇ ਦਰਿਆ ਕੰਢੇ ਘਾਟ ਬਣਵਾਇਆ। ਬਿਬੇਕਸਰ ਸਾਹਿਬ ਦੀ ਕਾਰ ਸੇਵਾ, ਗੁਰਦੁਆਰਾ ਗੁਰੂ ਕੇ ਮਹਿਲ ਦੀ ਸੇਵਾ ਇਤਿਹਾਸ ਵਿੱਚ ਅੰਕਿਤ ਹੈ।

ਸੰਤ ਸ਼ਾਮ ਸਿੰਘ 123 ਸਾਲ ਦੀ ਆਯੂ ਪੂਰੀ ਕਰਕੇ 23 ਅਪਰੈਲ 1926 ਨੂੰ ਅਕਾਲ ਜੋਤ ਵਿੱਚ ਅਭੇਦ ਹੋ ਗਏ। ਉਨ੍ਹਾਂ ਤੋਂ ਬਾਅਦ ਸੰਤ ਬਾਬਾ ਝੰਡਾ ਸਿੰਘ, ਸੰਤ ਬਾਬਾ ਖੜਕ ਸਿੰਘ, ਬਾਬਾ ਦਰਸ਼ਨ ਸਿੰਘ ਇਸ ਸੰਪਰਦਾ ਦੇ ਮੁਖੀ ਰਹੇ ਹਨ। ਇਸ ਸੰਪਰਦਾ ਵੱਲੋਂ ਗੁਰੂ-ਘਰ ਦੀਆਂ ਅਲੌਕਿਕ ਇਮਾਰਤਾਂ ਉਸਾਰੀਆਂ ਗਈਆਂ। ਗੁਰੂ ਰਾਮਦਾਸ ਲੰਗਰ ਹਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਆਦਿ। ਸੰਤ ਬਾਬਾ ਸ਼ਾਮ ਸਿੰਘ ਵੱਲੋਂ ਤਿੰਨ ਵੱਡੀਆਂ ਧਾਰਮਿਕ ਰੀਤੀਆਂ ਨਿਰਵਿਘਨ ਚੱਲ ਰਹੀਆਂ ਹਨ, ਜੋ ਨੌਂ-ਦੱਸ ਦਹਾਕੇ ਪਹਿਲਾਂ ਆਰੰਭ ਕੀਤੀਆਂ ਗਈਆਂ ਸਨ। ਸ੍ਰੀ ਦਰਬਾਰ ਸਾਹਿਬ ਵਿਖੇ ਹਰ ਰੋਜ਼ ਇਸ਼ਨਾਨ ਸੇਵਾ ਉਪਰੰਤ ਕੜਾਹ ਪ੍ਰਸ਼ਾਦਿ ਦੀ ਪਹਿਲੀ ਦੇਗ ਭੇਟ ਕਰਨੀ, ਡੇਰੇ ਵਿੱਚ ਅਖੰਡ ਪਾਠ ਸਾਹਿਬ ਦੀ ਲੜੀ ਜਾਰੀ ਰੱਖਣੀ ਅਤੇ ਧਰਮਸਾਲ ਵਿਖੇ ਗੋਬਿੰਦ ਸੰਗਤ ਲਈ ਖੁੱਲ੍ਹਾ ਲੰਗਰ ਵਰਤਾਉਣਾ ਆਦਿ।

---

## ਕੇਹੀ ਵੱਗੀ ਏ ਹਵਾ

**ਮਲਕੀਤ ਸਿੰਘ**

ਆਦਮ-ਖਾਣਾ ਆਦਮ ਹੋਇਆ ਫੜ੍ਹ ਰਫ਼ਲਾਂ
ਕੇਹੀ ਵੱਗੀ ਏ ਹਵਾ, ਸੁਣਦਾ ਸ਼ੋਰ ਕਤਲਾਂ ਦਾ।
ਮੁਕੱਦਰ ਕਾਤਲਾਂ ਦੇ, ਜੁੜੇ ਨੇ ਨਾਲ ਅਸਲੇ ਦੇ
ਅਸਲੇ ਨਾਲੋਂ ਹੁੰਦਾ ਏ ਵੱਧ ਗਰੂਰ ਨਸਲਾਂ ਦਾ।

ਨਸਲਾਂ ਵਾਲੇ ਜਿਵੇਂ ਖੱਬ੍ਹਲ ਘਾਹ ਦੀਆਂ ਤਿੜ੍ਹਾਂ
ਮੁੜ ਫੁੱਟ ਪੈਂਦੇ, ਪਾ ਕੇ ਕੋਈ ਵੱਤਰ ਸੁਖਾਵਾਂ,
ਮੁਕਾਇਆਂ ਮੁੱਕਦੇ ਨਾ, ਇਹ ਆਪੇ ਜਾਵਣ ਹੋ
ਮੌਸਮ ਤੇ ਧਰਤ ਨਾਲ, ਰਿਸ਼ਤਾ ਹੈ ਵਸਲਾਂ ਦਾ।

ਇਹ ਛੁਪ ਜਾਂਦੇ ਨੇ, ਇਹ ਉਠ ਵੀ ਖੜ੍ਹਦੇ ਨੇ
ਸਖਤ ਹੱਡੀ ਦੇ ਇਹ, ਹਰ ਜ਼ੋਖਮ ਝੱਲ ਜਾਂਦੇ ਨੇ,
ਅੰਬਰੋਂ ਮਰ ਜਿਊਣਾ ਸਿੱਖੀਆਂ ਨੇ ਇਹ ਨਸਲਾਂ
ਲੋਕਾਂ ਵਾਂਗ ਨਾ ਸਬੰਧ ਇਨ੍ਹਾਂ ਦੇ ਵਕਤੀ ਫ਼ਸਲਾਂ ਦਾ।

ਸਰਕਾਰਾਂ ਚਲਾਉਂਦੀਆਂ ਧੰਦਾ ਕਤਲੋਗਾਰਤ ਦਾ
ਸਰਕਾਰਾਂ ਹੀ ਚਲਾਇਆ ਵਪਾਰ ਹੈ ਰਫ਼ਲਾਂ ਦਾ,
ਮਰਨੇ ਲਈ ਲੋਕ ਬੜੇ ਨੇ, ਮਾਰ ਕੇ ਖੂਹੇ ਪਾਉਣੇ
ਉਹ ਤਾਂ ਚਾਹੁੰਦਾ ਏ ਘਾਣ ਕਰਾਉਣਾ ਨਸਲਾਂ ਦਾ।

ਅਸਲਾ ਆਖ਼ਰ ਮੁੱਕ ਜਾਂਦਾ, ਮੁੱਕਦੀਆਂ ਨਾ ਨਸਲਾਂ
ਜ਼ਕਰੀਆਂ ਖਾਨ, ਵਜ਼ੀਦ ਖਾਨ ਤੇ ਮੱਸੇ ਰੰਗੜ ਵਰਗੇ,
ਕਈ ਆਏ ਹਿੱਕਾਂ ਤਾਣ, ਹਰ ਹਿੱਕ ਵਿੱਚ ਛੇਕ ਕੀਤਾ
ਬਲਦੇ ਬੂਥੇ ਸਿਰ ਦਿੰਦੇ, ਨਹੀਂ ਡਰ ਕੋਈ ਰਫ਼ਲਾਂ ਦਾ।

ਇਹ ਚੱਜ-ਆਚਾਰ ਹੁਣ, ਬਹੁਤਾ ਚੱਲਣਾ ਨਹੀਂ
ਗੋਲ ਕਰਨ ਆਇਆਂ ਦੇ ਬਿਸਤਰੇ ਹੋ ਜਾਣੇ ਗੋਲ,
ਇਹ ਨਾ ਅਸਲੇ ਦੇ ਰਹਿਣੇ, ਨਾ ਹੀ ਨਸਲਾਂ ਦੇ,
ਕਰਤੂੰਤੋਂ ਗੁਆ ਬਹਿਣਾ, ਇਨ੍ਹਾਂ ਮੌਕਾ ਵਸਲਾਂ ਦਾ।

# ਸ਼ਾਹਸਵਾਰ

## ਨਾਵਲ

ਜਸਵੀਰ ਸਿੰਘ ਸ਼ੀਰੀ

**ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਪਿਛਲੇ ਕਿਸਾਨ ਸੰਘਰਸ਼ ਦੌਰਾਨ ਇੱਕ ਵਾਰ ਫਿਰ ਆਸ ਬੱਝੀ ਸੀ ਕਿ ਕਿਸਾਨੀ ਦਾ ਇਹ ਸ਼ਕਤੀ ਪ੍ਰਦਰਸ਼ਨ ਪੰਜਾਬ ਦੇ ਪੁਨਰ ਉਥਾਨ ਦਾ ਮੁੱਢ ਬੰਨ੍ਹੇਗਾ, ਪਰ ਇਹ ਦੌਰ ਵੀ ਇੱਕ ਤੇਜ਼ ਸੁਪਨੇ ਦੀ ਤਰ੍ਹਾਂ ਗੁਜ਼ਰ ਗਿਆ ਹੈ। ਇੱਕ ਵਾਰ ਫਿਰ ਵਕਤ ਦੇ ਸ਼ਾਹਸਵਾਰ ਪੰਜਾਬੀ ਚੇਤਨਾ ਦੇ ਵਿਹੜੇ ਸਾਹਮਣਿਓਂ ਦੀ ਇੱਕ ਝਲਕ ਮਾਤਰ ਦੇ ਕੇ ਗੁਜ਼ਰ ਗਏ ਹਨ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਮਨੋਵਿਗਿਆਨੀ ਆਖਦੇ ਹਨ ਕਿ ਬੰਦੇ ਦਾ ਰੀਅਲ ਸੈਲਫ ਅਤੇ ਆਈਡਲ ਸੈਲਫ ਕਦੇ ਇੱਕ ਨਹੀਂ ਹੋ ਸਕਦੇ, ਪਰ ਆਪਣੇ ਆਦਰਸ਼ ਸੈਲਫ ਲਈ ਅਮੁੱਕ ਤਾਂਘ ਹੀ ਬੰਦੇ ਨੂੰ ਬਾਕੀ ਜਾਨਵਰ ਜਗਤ ਤੋਂ ਵੱਖ ਕਰਦੀ ਹੈ। ਕਿਸੇ ਸਮਾਜ 'ਤੇ ਵੀ ਸ਼ਾਇਦ ਇਹੋ ਮਨੋਵਿਗਿਆਨਕ ਅਸੂਲ ਲਾਗੂ ਹੁੰਦਾ ਹੋਵੇ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...**

ਰਾਤੀਂ ਹੋਰ ਵੀ ਬਹੁਤ ਗੱਲਾਂ ਹੋਈਆਂ। ਵੀਰਦੀਪ ਜਲਦੀ ਸੌਂ ਗਿਆ ਸੀ। ਕਰਮੇ ਨੇ ਉਹਨੂੰ ਚੁੱਕਿਆ ਤੇ ਆਪਣੇ ਕਮਰੇ ਵਿੱਚ ਲੈ ਗਿਆ। ਨਸੀਬੋ ਤੇ ਨਵਜੋਤ ਇੱਕੋ ਮੰਜੇ 'ਤੇ ਪਈਆਂ ਦੇਰ ਤੱਕ ਢਿੱਡ ਫਰੋਲਦੀਆਂ ਰਹੀਆਂ। ਸਵੇਰੇ ਉਹ ਥੋੜ੍ਹਾ ਦੇਰ ਨਾਲ ਉੱਠੀ, ਪਰ ਵਕਤ ਰਹਿੰਦੇ ਹੀ ਬੱਸ ਅੱਡੇ 'ਤੇ ਪਹੁੰਚ ਗਈ। ਬੱਸ ਫੜੀ ਤੇ ਆਪਣੇ ਪੇਕੇ ਪਿੰਡ ਜਾ ਉੱਤਰੀ। ਨਸੀਬੋ ਹੁਣ ਦੂਜੇ ਵਿਆਹ ਲਈ ਮਨ ਬਣਾ ਰਹੀ ਸੀ। ਕਰਮੇ ਦੇ ਨਵੇਂ ਵਿਆਹ ਵਾਲੀ ਤਜਵੀਜ਼ 'ਤੇ ਉਹਨੂੰ ਇਹੋ ਖਦਸ਼ਾ ਸੀ ਬਈ ਨੌਕਰੀ ਤਾਂ ਜੋ ਹੈ ਸੋ ਹੈ, ਬੰਦਾ ਚੰਗਾ ਹੋਵੇ, ਮੇਰੇ ਮੁੰਡੇ ਨਾਲ ਵਿਤਕਰਾ ਨਾ ਕਰੇ।

ਬਾਰਾਂ ਕੁ ਵਜੇ ਉਹ ਪੇਕਿਆਂ ਦੇ ਘਰ ਜਾ ਪਹੁੰਚੀ। ਚਾਹ ਪਾਣੀ ਪੀਣ ਬਾਅਦ ਮਾਪਿਆਂ ਨੇ ਫਿਰ ਉਹੋ ਵਿਆਹ ਵਾਲਾ ਰਾਗ ਛੋਹ ਲਿਆ। ਸ਼ਾਮੀਂ ਜਦੋਂ ਉਹਦੇ ਭਰਾ ਆਏ ਤਾਂ ਉਹ ਵੀ ਵਿਆਹ ਲਈ ਜ਼ੋਰ ਦੇਣ ਲੱਗੇ। ਆਖਰ ਨਸੀਬੋ ਇੱਕ ਸ਼ਰਤ 'ਤੇ ਮੰਨ ਗਈ ਕਿ ਮੁੰਡਾ ਕਰਮੇ ਵੀਰ ਹੋਰਾਂ ਦੀ ਮਰਜ਼ੀ ਦਾ ਹੋਵੇਗਾ। ਸਾਰੇ ਟੱਬਰ ਨੇ ਜਿਵੇਂ ਸੁਖ ਦਾ ਸਾਹ ਲਿਆ, 'ਚਲੋ ਵਿਆਹ ਲਈ ਮੰਨੀ ਤਾਂ ਸਹੀ!'

ਉਹ ਅਗਲੇ ਕੁਝ ਦਿਨ ਆਪਣੇ ਪਿੰਡ ਰਹੀ, ਭਰਾ ਤੇ ਮਾਂ ਵਿਆਹ ਦੀ ਲੋੜ ਬਾਰੇ ਗੱਲਾਂ ਕਰਦੇ ਰਹੇ। ਹੁਣ ਵੀਰਦੀਪ ਇਨ੍ਹਾਂ ਗੱਲਾਂ ਨੂੰ ਧਿਆਨ ਨਾਲ ਸੁਣਨ ਲੱਗਾ ਸੀ।

'ਮੇਰੇ ਬਾਰੇ ਵੀ ਕੁਝ ਸੋਚ ਲੈਣਾ ਸੀ' ਉਹ ਆਪਣੀ ਨਾਨੀ ਨੂੰ ਕਹਿਣ ਲੱਗਾ।

'ਤੂੰ ਸਾਡੇ ਕੋਲ ਰਹਿ ਲਵੀਂ ਪੁੱਤ। '

'ਮਾਮੇ ਮਾਮੀਆਂ ਨੂੰ ਵੀ ਪੁੱਛ ਲਓ ਪਹਿਲਾਂ' ਵੀਰਦੀਪ ਨੇ ਫੜਾਕ ਕਰਦਾ ਸਵਾਲ ਨਾਨੀ ਦੇ ਮੂੰਹ 'ਤੇ ਮਾਰਿਆ। ਵੱਡੀ ਮਾਮੀ ਲਾਗੇ ਹੀ ਬੈਠੀ ਸੀ। ਮੁੰਡੇ ਦਾ ਸੁਆਲ ਸੁਣ ਕੇ ਉਹਦਾ ਰੰਗ ਫੱਕ ਹੋ ਗਿਆ। ਮੁੰਡਾ ਚਿਹਰਿਆਂ ਦੇ ਹਾਵ-ਭਾਵ ਸਮਝਣ ਲੱਗਾ ਸੀ। ਉਹ ਕੁਝ ਨਾ ਬੋਲੀ। ਸੋਚਣ ਲੱਗੀ, ਗੁਜ਼ਾਰਾ ਤਾਂ ਅੱਗੇ ਮਸਾਂ ਚਲਦਾ। ਬੁੜ੍ਹੀ ਹੋਰ ਟੈਂਟੇ ਖੜ੍ਹੇ ਕਰੀ ਜਾਂਦੀ। ਉਹਦੇ ਨਿਆਣੇ ਸਨ ਇੱਕ ਮੁੰਡਾ ਤੇ ਕੁੜੀ, ਬੱਚੇ ਪੜ੍ਹਨ ਗਏ ਹੋਏ ਸਨ। ਉਹ ਹੁੰਦੇ ਤਾਂ ਵੀਰਦੀਪ ਸ਼ਾਇਦ ਖੇਡਣ ਵਿੱਚ ਰੁਝ ਜਾਂਦਾ। ਜਿੰਨੇ ਦਿਨ ਨਸੀਬੋ ਪੇਕੀਂ ਰਹੀ, ਛੋਟੀ ਭਾਬੀ ਮਿਲਣ ਵੀ ਨਹੀਂ ਸੀ ਆਈ। ਉਹ ਆਪ ਹੀ ਜਾ ਕੇ ਮਿਲ ਆਈ। ਛੋਟੀ ਭਾਬੀ ਨੇ ਇੱਕ ਵਾਰ ਵੀ ਵੀਰਦੀਪ ਦਾ ਹਾਲ ਨਹੀਂ ਸੀ ਪੁੱਛਿਆ। ਰੁੱਸੇ ਜਿਹੇ ਮੂੰਹ ਨਾਲ ਨਸੀਬੋ ਨਾਲ ਗੱਲਾਂ ਕਰਦੀ ਰਹੀ। ਛੋਟੇ ਭਰਾ ਦੇ ਘਰੋਂ ਵਾਪਸ ਪਰਤਦਿਆਂ ਉਹ ਸੋਚਣ ਲੱਗੀ, ਕਾਸ਼ ਮੇਰਾ ਬਾਬਲ ਅੱਜ ਜਿਉਂਦਾ ਹੁੰਦਾ। ਉਹਨੂੰ ਇਹ ਅਹਿਸਾਸ ਹਾਲੇ ਵੀ ਨਹੀਂ ਸੀ ਹੋਇਆ ਕਿ ਇਹ ਸਮਾਜ ਨੁਕੀਲੇ ਪੱਥਰਾਂ ਦੇ ਰਿਸ਼ਤਿਆਂ ਵਿੱਚ ਬੱਝਾ ਹੋਇਆ ਹੈ। ਘਰ ਪਰਤ ਕੇ ਉਸ ਨੇ ਕਰਮੇ ਨੂੰ ਫੋਨ ਮਿਲਾਇਆ। ਹੁਕਮੇ ਦਾ ਫੋਨ ਕਰਮੇ ਨੇ ਉਹਨੂੰ ਦੇ ਦਿੱਤਾ ਸੀ। ਉਹਨੇ ਰਿਸ਼ਤੇ ਵਾਲੇ ਮੁੰਡੇ ਬਾਰੇ ਪੁੱਛਿਆ। 'ਉਹ ਹਾਲੇ ਵਿਆਹਿਆ ਨੀ, ਮੈਂ ਉਹਦੇ ਨਾਲ ਗੱਲ ਕੀਤੀ, ਇੱਕੋ ਸ਼ਰਤ ਰੱਖਦਾ ਬਈ ਜਨਾਨੀ ਦੇ ਬੱਚਾ ਨਾ ਹੋਵੇ। ਨਹੀਂ ਮੇਰੀ ਕੁੜੀ ਰੁਲ ਜਾਵੇਗੀ। ਭਾਬੀ ਤੂੰ ਆਪਣੇ ਮਾਪਿਆਂ ਨੂੰ ਤਿਆਰ ਕਰ, ਮੈਂ ਗੱਲ ਬਣਾ ਲਵਾਂਗਾ' ਕਰਮੇ ਨੇ ਆਖਰੀ ਗੱਲ ਕਹੀ।

'ਵੇਖਦੀ ਆਂ ਵੀਰਾ' ਇੰਨੀ ਗੱਲ ਆਖ ਕੇ ਨਸੀਬੋ ਨੇ ਫੋਨ ਬੰਦ ਕਰ ਦਿੱਤਾ।

'ਅਖੇ ਬੱਚਾ ਨਾ ਹੋਵੇ, ਕੰਜਰ ਕਿਸੇ ਥਾਂ ਦਾ, ਤੇਰੇ ਸਾਲਿਆ ਬੱਚਾ ਨੀ, ਤੂੰ ਕੰਜਰਾ ਕੁੱਤੀਆਂ ਪਾਲਦਾਂ' ਉਹ ਬੁੜਬੁੜਾਈ। ਚਾਰੇ ਪਾਸਿਉਂ ਚੁਭਵੀਆਂ ਗੱਲਾ ਸੁਣ ਸੁਣ ਕੇ ਨਸੀਬ ਕੁਰ ਜਿਵੇਂ ਤਪੀ ਪਈ ਸੀ।

ਤਿੰਨ ਚਾਰ ਦਿਨ ਨਸੀਬੋ ਹੋਰ ਆਪਣੀ ਵੱਡੀ ਭਰਜਾਈ ਵੱਲ ਰਹੀ। ਛੋਟਾ ਜਿਹਾ ਘਰ ਜਿਵੇਂ ਭੀੜ ਨਾਲ ਭਰ ਗਿਆ ਸੀ। ਵੱਡੀ ਬਾਬੀ ਉਹਦੇ ਨਾਲ ਬੋਲਚਾਲ ਤੋਂ ਵੀ ਕਤਰਾਉਣ ਲੱਗੀ। ਬੱਚੇ ਸਕੂਲ ਗਏ ਹੁੰਦੇ ਤਾਂ ਵੀਰਦੀਪ ਨਾਨੀ ਨਾਲ ਅੱਲ-ਪਟੱਲ ਮਾਰਦਾ ਰਹਿੰਦਾ। ਬੱਚੇ ਘਰ ਆ ਜਾਂਦੇ ਤਾਂ ਉਹ ਆਪਸ ਵਿੱਚ ਖੇਡਣ ਨਿਕਲ ਜਾਂਦੇ। ਚੌਥੇ ਦਿਨ ਤੀਜੇ ਕੁ ਪਹਿਰ ਛੋਟਾ ਭਰਾ ਨਸੀਬੋ ਨੂੰ ਆਪਣੇ ਵੱਲ ਲੈ ਗਿਆ। ਸਮਝਾਉਣ ਲੱਗਾ, 'ਜੇ ਕੋਈ ਚੰਗਾ ਬੰਦਾ ਮਿਲਦਾ ਤਾਂ ਵਿਆਹ ਕਰਵਾ ਲਾ। ਇਉਂ ਨੀ ਜ਼ਿੰਦਗੀ ਬਸਰ ਹੋਣੀ। ਨਸੀਬੋ ਬੇਬਸ ਹੋਣ ਲੱਗੀ। ਉਹਨੇ ਫਿਰ ਕਰਮੇ ਨੂੰ ਫੋਨ ਮਿਲਾਇਆ ਤੇ ਮੁੰਡੇ ਵਾਲਿਆਂ ਨੂੰ ਆਪਣੇ ਘਰ ਬੁਲਾਉਣ ਲਈ ਕਿਹਾ।

'ਦੱਸਦਾਂ ਭਾਬੀ ਮੈਂ ਹੁਣੇ' ਕਰਮੇ ਨੇ ਗੁਰਮੀਤ ਨਾਲ ਗੱਲ ਕੀਤੀ ਤੇ ਐਤਵਾਰ ਬਾਰਾਂ ਕੁ ਵਜੇ ਮਿਲਣ ਦਾ ਸਮਾਂ ਤੈਅ ਕਰ ਲਿਆ।

'ਐਤਵਾਰ ਨੂੰ ਆਜੋ ਭਾਬੀ ਤੁਸੀਂ ਇਥੇ ਮੇਰੇ ਕੋਲ ਗਿਆਰਾਂ ਕੁ ਵਜੇ, ਆਪਾਂ ਗੱਲ ਨਬੇੜ ਲੈਨੇ ਆਂ' ਕਰਮੇ ਨੇ ਨਸੀਬੋ ਨੂੰ ਫੋਨ 'ਤੇ ਦੱਸਿਆ।


ਐਤਵਾਰ ਨੂੰ ਨਸੀਬੋ ਦਾ ਵੱਡਾ ਭਰਾ ਅਤੇ ਉਹਦੀ ਮਾਂ ਕਰਮੇ ਕੇ ਪਹੁੰਚ ਗਏ। ਮੁੰਡੇ ਵਾਲਿਆਂ ਵਲੋਂ ਗੁਰਮੀਤ ਆਪ ਤੇ ਉਹਦੀ ਭੈਣ ਆਏ ਸਨ। ਸਾਰੀ ਗੱਲ ਹੋਈ। ਜਾਤਾਂ-ਗੋਤਾਂ ਬਾਰੇ ਵੀ ਪੁੱਛ-ਗਿੱਛ ਹੋਈ। ਗੁਰਮੀਤ ਬੱਸ ਇਸ ਗੱਲ 'ਤੇ ਅੜਿਆ ਰਿਹਾ ਕਿ ਬੱਚਾ ਉਹ ਨਾਲ ਨਹੀਂ ਲਿਜਾ ਸਕਦੇ। ਬਹੁਤ ਸੋਚ ਵਿਚਾਰ ਤੋਂ ਬਾਅਦ ਆਖਰ ਨਸੀਬੋ ਨੇ ਕੌੜਾ ਘੁੱਟ ਭਰ ਲਿਆ। ਉਹ ਮੁੰਡੇ ਨੂੰ ਮਿਲਦੀ ਰਹੇਗੀ, ਇਹ ਸ਼ਰਤ ਗੁਰਮੀਤ ਨੇ ਮੰਨ ਲਈ ਸੀ। ਰਿਸ਼ਤਾ ਪੱਕਾ ਹੋ ਗਿਆ ਤੇ ਕਰਮੇ ਨੇ ਆਪਣੇ ਘਰ ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾ ਕੇ ਉਨ੍ਹਾਂ ਦਾ ਵਿਆਹ ਕਰਵਾ ਦਿੱਤਾ। ਵਿਆਹ ਲਈ ਉਧਰੋਂ ਪੰਜ ਬੰਦੇ ਆਏ ਸਨ। ਵੀਰਦੀਪ ਦੇ ਨਾਨਕਿਆਂ ਦਾ ਹੁਣ ਸਾਰਾ ਟੱਬਰ ਆ ਗਿਆ ਸੀ, ਦੋਨੋਂ ਮਾਮੇ ਮਾਮੀਆਂ, ਉਨ੍ਹਾਂ ਦੇ ਬੱਚੇ ਤੇ ਮਾਂ ਵੀ। ਸਾਰੇ ਖੁਸ਼ ਸਨ; ਉਦਾਸ ਸੀ ਤਾਂ ਵੀਰਦੀਪ। ਲਾਵਾਂ ਫੇਰਿਆਂ ਵੇਲੇ ਉਹ ਆਸੇ-ਪਾਸੇ ਹੀ ਫਿਰਦਾ ਰਿਹਾ। ਮਾਂ ਨੇ ਜਿਸ ਦਿਨ ਦਾ ਉਸ ਨੂੰ ਆਪਣੇ ਦੂਜੇ ਵਿਆਹ ਬਾਰੇ ਦੱਸਿਆ ਸੀ, ਉਹਦਾ ਜਿਵੇਂ ਨਸੀਬੋ ਤੋਂ ਮੋਹ ਭੰਗ ਹੋ ਗਿਆ ਸੀ। ਉਹ ਨਵਜੋਤ ਵੱਲ ਹੁਣ ਉਹ ਵਧੇਰੇ ਪਿਆਰ ਨਾਲ ਵੇਖਣ ਲੱਗਾ।

ਸ਼ਾਮ ਚਾਰ ਕੁ ਵਜੇ ਨਸੀਬੋ ਵਿਦਾ ਹੋਣ ਲੱਗੀ। ਉਹਨੇ ਵੀਰਦੀਪ ਨੂੰ ਆਪਣੀ ਹਿੱਕ ਨਾਲ ਘੁੱਟਣਾ ਚਾਹਿਆ, ਪਰ ਉਸ ਨੂੰ ਲੱਗਾ ਉਹ ਜਿਵੇਂ ਕਿਸੇ ਓਪਰੇ ਬੱਚੇ ਨੂੰ ਆਪਣੀ ਬੁੱਕਲ ਵਿੱਚ ਲੈ ਰਹੀ ਹੋਵੇ। ਵੀਰਦੀਪ ਉਹਦੇ ਪ੍ਰਤੀ ਅਹਿਸਾਸ ਹੀਣ ਹੋ ਗਿਆ ਸੀ। ਨਸੀਬੋ ਦੀ ਭੁੱਬ ਨਿਕਲ ਗਈ। ਨਸੀਬੋ ਨੂੰ ਤੋਰ ਕੇ ਕਰਮਾ ਨਸੀਬੋ ਦੇ ਮਾਪਿਆਂ ਨੂੰ ਸੰਬੋਧਨ ਹੋਇਆ, 'ਹੁਣ ਇੱਕ ਦਿਨ ਤੁਹਾਨੂੰ ਸ਼ਹਿਰ ਕਚਹਿਰੀ ਆਉਣਾ ਪੈਣਾ, ਮੁੰਡੇ ਦਾ ਮੁਤਬੰਨਾ ਲਿਖਾਉਣ ਲਈ। ' ਸਾਰਿਆਂ ਨੇ ਹਾਂ ਵਿੱਚ ਸਿਰ ਹਿਲਾਇਆ। 'ਆਪਣੇ ਪਿੰਡ ਦਾ ਨੰਬਰਦਾਰ ਨਾਲ ਲੈਂਦੇ ਆਇਉ। ' ਕਰਮੇ ਨੇ ਨਸੀਬੋ ਦੇ ਵੱਡੇ ਭਰਾ ਦਾ ਫੋਨ ਨੰਬਰ ਲਿਆ ਤੇ ਆਖਿਆ, 'ਮੈਂ ਤੁਹਾਨੂੰ ਦਿਨ ਦੱਸ ਦਿਆਂਗਾ। ' ਨਸੀਬੋ ਦੀ ਡੋਲੀ ਤੋਰਨ ਮਗਰੋਂ ਸਾਰੇ ਆਪੋ ਆਪਣੇ ਟਿਕਾਣਿਆਂ ਵੱਲ ਤੁਰ ਗਏ। ਮਾਮਿਆਂ ਨੇ ਵੀਰਦੀਪ ਨੂੰ ਕੁਝ ਦਿਨ ਆਪਣੇ ਨਾਲ ਲਿਜਾਣ ਲਈ ਕਿਹਾ, ਪਰ ਵੀਰਦੀਪ ਨੇ ਦੋ ਟੁੱਕ ਜੁਆਬ ਦੇ ਦਿੱਤਾ। ਨਸੀਬੋ ਦੇ ਜਾਣ ਪਿੱਛੋਂ ਵੀਰਦੀਪ ਚੁੱਪ-ਚੁੱਪ ਅਤੇ ਬੇਚੈਨ ਜਿਹਾ ਘੁੰਮਦਾ ਰਿਹਾ। ਉਸ ਦੇ ਪਿਉ ਨੂੰ ਬਿਜਲੀ ਬੋਰਡ ਦੀਆਂ ਤਾਰਾਂ ਖਾ ਗਈਆਂ ਸਨ ਅਤੇ ਮਾਂ ਨੂੰ ਕੋਈ ਹੋਰ ਮਰਦ ਲੈ ਗਿਆ ਸੀ। ਇਹ ਅਹਿਸਾਸ ਹੋਣ ਲਈ ਉਹਨੂੰ ਕਈ ਦਿਨ ਲੱਗੇ ਕਿ ਹੁਣ ਇਹੋ ਉਹਦਾ ਘਰ ਹੈ ਤੇ ਨਵਜੋਤ ਕੌਰ ਅਤੇ ਕਰਮਜੀਤ ਸਿੰਘ ਉਹਦੇ ਮਾਂ-ਪਿਉ।

ਮਿੱਥੇ ਦਿਨ ਉੱਪਰ ਵੀਰਦੀਪ ਦੇ ਨਾਨਕੇ ਕਚਹਿਰੀ ਪਹੁੰਚ ਗਏ ਅਤੇ ਨਸੀਬੋ ਵੀ ਆ ਗਈ। ਉਨ੍ਹਾਂ ਕਰਮਜੀਤ ਦੇ ਨਾਂ ਵੀਰਦੀਪ ਦਾ ਮੁਤਬੰਨਾ ਕਰਵਾ ਦਿੱਤਾ। ਉਧਰੋਂ ਨਸੀਬੋ ਤੇ ਉਹਦੀ ਮਾਂ ਨੇ ਦਸਤਖਤ ਕੀਤੇ, ਇਧਰੋਂ ਕਰਮਜੀਤ ਤੇ ਨਵਜੋਤ ਕੌਰ ਨੇ। ਦੋਹਾਂ ਪਿੰਡਾਂ ਦੇ ਨੰਬਰਦਾਰਾਂ ਦੀ ਗਵਾਹੀ ਪੈ ਗਈ। ਹੁਣ ਕਾਨੂੰਨੀ ਤੌਰ 'ਤੇ ਵੀਰਦੀਪ ਕਰਮੇ ਤੇ ਨਵਜੋਤ ਦਾ ਮੁਤਬੰਨਾ ਪੁੱਤ ਹੋ ਗਿਆ ਸੀ। ਦਸਤਖਤ ਕਰਦਿਆਂ ਨਸੀਬੋ ਨੇ ਰਜਿਸਟਰ 'ਤੇ ਪਾਏ ਅੱਖਰ ਹੰਝੂਆਂ ਨਾਲ ਭਿਉਂ ਦਿੱਤੇ। ਜਾਣ ਲੱਗੇ ਉਹਨੇ ਵੀਰਦੀਪ ਨੂੰ ਬੁੱਕਲ ਵਿੱਚ ਲੈਣ ਦਾ ਯਤਨ ਕੀਤਾ, ਪਰ ਉਹ ਪਰ੍ਹਾਂ ਹਟ ਗਿਆ। 'ਵੀਰਦੀਪ ਚੰਗੀ ਤਰ੍ਹਾਂ ਮਿਲ ਲੈ ਯਾਰ ਭਾਬੀ ਨੂੰ, ਕਰਮੇ ਨੇ ਵੀਰਦੀਪ ਨੂੰ ਇਸ਼ਾਰਾ ਕੀਤਾ।' ਉਹ ਅੱਗੇ ਵਧਿਆ ਤੇ ਨਸੀਬੋ ਨੇ ਬੁੱਕਲ ਵਿੱਚ ਲੈ ਲਿਆ; ਪਰ ਇਸ ਵਾਰ ਵੀ ਓਪਰਾਪਣ ਕਾਇਮ ਸੀ।

—

ਗੁਰਮੀਤ ਨੂੰ ਬਿਜਲੀ ਬੋਰਡ ਵਿੱਚ ਨੌਕਰ ਹੋਇਆਂ 12-13 ਸਾਲ ਹੋ ਗਏ ਸਨ। ਉਹਨੇ ਆਰਟਸ ਵਿੱਚ ਗਰੈਜੁਏਸ਼ਨ ਕੀਤੀ ਤਾਂ ਸੋਸ਼ਿਆਲੋਜੀ ਵਿੱਚ ਪੀਐਚ.ਡੀ. ਕਰਕੇ ਪ੍ਰੋਫੈਸਰ ਲੱਗਣ ਦੀ ਉਸ ਦੀ ਚਾਹਤ ਘਰ ਦੀ ਗਰੀਬੀ ਨੇ ਤੋੜ ਦਿੱਤੀ ਸੀ। ਉਹਦੇ ਮਾਪੇ ਕੋਰੇ ਅਨਪੜ੍ਹ ਸਨ ਅਤੇ ਆਪਣੇ ਪਿੰਡ ਵਿੱਚ ਲਾਗੀਪੁਣਾ ਕਰਦੇ ਸਨ। ਉਨ੍ਹਾਂ ਨੇ ਮਿਹਨਤ ਮਜ਼ਦੂਰੀ ਕਰਕੇ ਮੁੰਡੇ ਨੂੰ ਦਸਵੀਂ ਕਰਵਾਈ ਤੇ ਫਿਰ ਕੋਈ ਕੰਮਕਾਰ ਕਰਨ ਦੀ ਸਲਾਹ ਦਿੱਤੀ। ਸ਼ਹਿਰ ਦੀ ਕਿਸੇ ਫੈਕਟਰੀ ਵਿੱਚ ਕੰਮ ਕਾਰ ਕਰਦਾ ਉਹ ਬੀ.ਏ. ਕਰ ਗਿਆ। ਫਿਰ ਪੰਜਾਬ ਬਿਜਲੀ ਬੋਰਡ ਵੱਲੋਂ ਕਲਰਕ ਦੀਆਂ ਨੌਕਰੀਆਂ ਨਿਕਲੀਆਂ। ਪੜ੍ਹਾਈ ਗਰੈਜੂਏਸ਼ਨ ਮੰਗੀ ਗਈ ਸੀ ਅਤੇ ਨਾਲ ਟਾਈਪਿੰਗ ਦੀ ਇੱਕ ਖਾਸ ਸਮਰੱਥਾ। ਇਹ ਦੋਨੋਂ ਸ਼ਰਤਾਂ ਉਹ ਪੂਰੀਆਂ ਕਰਦਾ ਸੀ। ਕਿਸੇ ਜਾਣੂ ਦੀ ਸਿਫਾਰਸ਼ ਨਾਲ ਉਸ ਨੂੰ ਨੌਕਰੀ ਮਿਲ ਗਈ। ਉਸ ਦੇ ਪਰਿਵਾਰਕ ਮਾਹੌਲ ਲਈ ਇਹ ਵੱਡੀ ਤਬਦੀਲੀ ਸੀ। ਰੈਗੂਲਰ ਆਮਦਨ ਨੇ ਘਰ ਦਾ ਆਰਥਕ ਮਾਹੌਲ ਬਦਲ ਦਿੱਤਾ ਸੀ। ਉਸ ਨੇ ਹੁਣ ਆਪਣੇ ਮਾਪਿਆਂ ਨੂੰ ਵੀ ਲਾਗੀਪੁਣਾ ਤਿਆਗਣ ਦੀ ਸਲਾਹ ਦਿੱਤੀ; ਪਰ ਉਹ ਐਡੀ ਛੇਤੀ ਆਪਣਾ ਪੁਸ਼ਤੈਨੀ ਕਿੱਤਾ ਛੱਡਣ ਲਈ ਰਾਜ਼ੀ ਨਾ ਹੋਏ। ਗੁਰਮੀਤ ਦੀ ਪਹਿਲੀ



ਵਹੁਟੀ ਦਸ ਪਾਸ ਸੀ, ਪਰ ਸਰੀਰਕ ਪੱਖੋਂ ਉਸ ਦੀ ਕੋਈ ਨਾ ਕੋਈ ਚੂਲ ਵਿੰਗੀ ਹੀ ਰਹਿੰਦੀ। ਦੋ ਕੁ ਸਾਲ ਬਾਅਦ ਉਨ੍ਹਾਂ ਦੇ ਇੱਕ ਧੀ ਨੇ ਜਨਮ ਲਿਆ। ਉਹ ਹੁਣ ਛੇਵੀਂ ਜਮਾਤ ਵਿੱਚ ਪੜ੍ਹਦੀ ਸੀ। ਘਰ ਦਾ ਸਾਰਾ ਕੰਮ ਜਾਂ ਤਾਂ ਗੁਰਮੀਤ ਦੀ ਮਾਂ ਸੰਭਾਲਦੀ ਜਾਂ ਫਿਰ ਉਹਦੀ ਬੇਟੀ ਸਕੂਲੋਂ ਵਾਪਸ ਆਣ ਕੇ ਕਰਦੀ। ਨਸੀਬੋ ਦੇ ਘਰ ਆ ਜਾਣ ਨਾਲ ਉਹ ਪੰਜ ਜੀਅ ਹੋ ਗਏ। ਗੁਰਮੀਤ ਨੇ ਇੱਕ ਦਿਨ ਬੱਚੀ ਤੇ ਨਸੀਬੋ ਨੂੰ ਕੋਲ ਬਿਠਾ ਕੇ ਸਮਝਾਇਆ ਕਿ ਇਹ ਤੇਰੀ ਦੂਜੀ 'ਮਾਂ' ਹੈ। 'ਤੁਸੀਂ ਆਪਸ ਵਿੱਚ ਰਲ ਮਿਲ ਕੇ ਪਿਆਰ ਨਾਲ ਰਹਿਣਾ।' ਉਹ ਨਸੀਬੋ ਨੂੰ ਵੀ ਸੰਬੋਧਨ ਹੋਇਆ, 'ਇਹਦੇ ਅਤੇ ਆਪਣੇ ਮਾਪਿਆਂ ਕਰਕੇ ਮੈਂ ਵਿਆਹ ਕਰਵਾਇਆ, ਨਹੀਂ ਤਾਂ ਮੇਰਾ ਹੋਰ ਵਿਆਹ ਕਰਵਾਉਣ ਦਾ ਕੋਈ ਇਰਾਦਾ ਨਹੀਂ ਸੀ। ਤੂੰ ਇਨ੍ਹਾਂ ਦਾ ਧਿਆਨ ਰੱਖਣਾ। ਕੋਈ ਸ਼ਿਕਾਇਤ ਨਾ ਆਵੇ ਮੈਨੂੰ।'

ਨਸੀਬੋ ਨੇ ਸਤਿ ਬਚਨ ਕਹਿ ਦਿੱਤਾ। ਕੰਮਕਾਰ ਦੀ ਸਚਿਆਰੀ ਤਾਂ ਉਹ ਹੈ ਹੀ ਸੀ। ਉਹਨੇ ਜਲਦੀ ਹੀ ਘਰ ਸੰਭਾਲ ਲਿਆ। ਗੁਰਮੀਤ ਦੇ ਮਾਪਿਆਂ ਦੀ ਉਹ ਪੁੱਜ ਕੇ ਸੇਵਾ ਕਰਦੀ। ਕੁੜੀ ਦੀ ਦੇਖਭਾਲ ਵਿੱਚ ਕੋਈ ਕਸਰ ਬਾਕੀ ਨਾ ਛੱਡਦੀ। ਗੁਰਮੀਤ ਤੇ ਉਸ ਦੇ ਮਾਪਿਆਂ ਨਾਲ ਤਾਂ ਉਹ ਜਲਦੀ ਹੀ ਘੁਲ ਮਿਲ ਗਈ, ਪਰ ਕੁੜੀ ਉਹਦੇ ਨਾਲ ਅਸਹਿਜ ਰਹਿੰਦੀ। ਬੱਚੀ ਦਾ ਰਵੱਈਆ ਕਈ ਵਾਰ ਉਸ ਨੂੰ ਨਿਰਾਸ਼ ਕਰ ਦਿੰਦਾ। ਅਜਿਹੇ ਵਕਤ ਉਸ ਨੂੰ ਵੀਰਦੀਪ ਦੀ ਬਹੁਤ ਯਾਦ ਆਉਂਦੀ। ਇੱਕ ਦੋ ਵਾਰ ਤਾਂ ਉਹ ਵੀਰਦੀਪ ਨੂੰ ਮਿਲਣ ਵੀ ਗਈ ਸੀ। ਫਿਰ ਹੌਲੀ ਹੌਲੀ ਬੱਚੀ ਦਾ ਰਵੱਈਆ ਬਦਲਣ ਲੱਗਾ। ਨਸੀਬੋ ਗੁਰਮੀਤ ਕੋਲ ਸ਼ਿਕਾਇਤ ਵੀ ਕੋਈ ਨਾ ਕਰਦੀ। ਉਹਦਾ ਸੁਭਾ ਹੀ ਅਜਿਹਾ ਨਹੀਂ ਸੀ। ਕੁਝ ਮਹੀਨੇ ਬਾਅਦ ਨਸੀਬੋ ਨੂੰ ਵੀਰਦੀਪ ਦੀ ਯਾਦ ਫਿਰ ਸਤਾਉਣ ਲੱਗੀ। ਨਸੀਬੋ ਨੇ ਵੀਰਦੀਪ ਦੇ ਵੱਡੇ ਮਾਮੇ ਨੂੰ ਫੋਨ ਕਰਕੇ ਕਿਹਾ ਕਿ ਉਹ ਜਾ ਕੇ ਵੀਰਦੀਪ ਨੂੰ ਵੇਖ ਆਵੇ। ਅਗਲੇ ਐਤਵਾਰ ਵੀਰਦੀਪ ਦਾ ਮਾਮਾ ਸਵੇਰੇ ਸਵਖਤੇ ਹੀ ਕਰਮੇ ਕੀ ਬਹਿਕ 'ਤੇ ਪਹੁੰਚ ਗਿਆ। ਉਹ ਬੱਸ ਉਡੀਕਣ ਦੀ ਬਜਾਏ ਸਾਈਕਲ 'ਤੇ ਹੀ ਚਲਾ ਗਿਆ ਸੀ। ਵੀਰਦੀਪ ਤੇ ਕਰਮਾ ਘਰ ਹੀ ਸਨ। ਨਵਜੋਤ ਕਿਧਰੇ ਲਾਂਭ ਗਈ ਹੋਈ ਸੀ। ਦਰਵਾਜ਼ਾ ਖੜਕਿਆ ਤਾਂ ਵੀਰਦੀਪ ਨੇ ਦਰਵਾਜ਼ਾ ਖੋਲ੍ਹਿਆ। ਉਹਨੇ ਮਾਮੇ ਨੂੰ ਫਤਹਿ ਬੁਲਾਈ। ਕਰਮਾ ਅੰਦਰ ਸੁੱਤਾ ਪਿਆ ਸੀ। ਵੀਰਦੀਪ ਨੇ ਕਰਮੇ ਨੂੰ ਜਗਾਇਆ; 'ਚਾਚਾ, ਵੱਡਾ ਮਾਮਾ ਆਇਆ।' ਕਰਮਾ ਉੱਠਿਆ ਅਤੇ ਵੀਰਦੀਪ ਨੇ ਮਾਮੇ ਨੂੰ ਚਾਹ ਪਾਣੀ ਪਿਆਇਆ। 'ਨਸੀਬੋ ਦਾ ਸੁਨੇਹਾ ਆਇਆ ਸੀ ਬਈ ਵੀਰਦੀਪ ਨੂੰ ਜਾ ਕੇ ਮਿਲ ਆਵਾਂ। ਮੈਂ ਸੋਚਿਆ ਜੇ ਬੱਸ ਉਡੀਕਦਾ ਰਿਹਾ ਤਾਂ ਦੁਪਹਿਰਾ ਸਿਰ ਪੈ ਜਾਣਾ, ਸਾਈਕਲ 'ਤੇ ਈ ਮਾਰ ਆਉਨਾਂ ਗੇੜਾ' ਮਾਮਾ ਕਰਮੇ ਨਾਲ ਗੱਲਾਂ ਕਰਨ ਲੱਗਾ। ਘੰਟਾ ਕੁ ਉਹ ਗੱਲੀਂ ਲੱਗੇ ਰਹੇ। ਬਹੁਤੀਆਂ ਗੱਲਾਂ ਨਸੀਬੋ ਤੇ ਹੁਕਮੇ ਬਾਰੇ ਹੀ ਸਨ। ਵੀਰਦੀਪ ਅਤੇ ਉਹਦਾ ਖੇਡਣ ਦਾ ਰੁਝਾਨ ਵੀ ਗੱਲਬਾਤ ਦਾ ਵਿਸ਼ਾ ਬਣਦਾ ਰਿਹਾ।

ਘੰਟੇ ਕੁ ਬਾਅਦ ਮਾਮਾ ਵਾਪਸ ਜਾਣ ਲੱਗਾ ਤਾਂ ਕਰਮੇ ਨੂੰ ਪਾਸੇ ਕਰਕੇ ਵੀਰਦੀਪ ਨੇ ਕਿਹਾ, 'ਚਾਚਾ ਇਨ੍ਹਾਂ ਨੂੰ ਕਹਿ ਦੇ ਇੱਥੇ ਨਾ ਆਇਆ ਕਰਨ ਹੁਣ। ਮੈਂ ਦੋਹਾਂ ਪਾਸੇ ਦਾ ਨਹੀਂ ਰਹਿ ਸਕਦਾ।' ਮੁੰਡੇ ਦੀ ਗੱਲ ਸੁਣ ਕੇ ਕਰਮਾ ਹੱਕਾ ਬੱਕਾ ਰਹਿ ਗਿਆ। 'ਮਿਲਣ 'ਚ ਕੀ ਹਰਜ਼ ਐ ਪੁੱਤ' ਕਰਮਾ ਕਹਿਣ ਲੱਗਾ। 'ਨਹੀਂ ਹੁਣ ਇਹ ਇੱਥੇ ਨਹੀਂ ਆਉਣੇ ਚਾਹੀਦੇ' ਵੀਰਦੀਪ ਬਿਲਕੁਲ ਇੱਕ ਚਿੱਤ ਸੀ। 'ਫਿਰ ਤੂੰ ਈ ਕਹਿ ਦੇ ਵੀਰਦੀਪ ਮੇਰਾ ਕਿਹਾ ਇਨ੍ਹਾਂ ਨੂੰ ਬੁਰਾ ਲੱਗੂ।' ਮਾਮਾ ਸਾਈਕਲ ਫੜ ਕੇ ਤੁਰਨ ਲਗਾ ਤਾਂ ਵੀਰਦੀਪ ਨੇ ਅੱਗੇ ਹੁੰਦਿਆ ਰੋਕਿਆ, 'ਮਾਮਾ ਜੀ ਤੁਸੀਂ ਹੁਣ ਇੱਥੇ ਨਾ ਆਇਆ ਕਰੋ, ਮੈਨੂੰ ਇਹ ਚੰਗਾ ਨਹੀਂ ਲਗਦਾ। ਮੈਂ ਦੋ ਪਾਸੇ ਦਾ ਹੋ ਕੇ ਨਹੀਂ ਰਹਿਣਾ ਚਾਹੁੰਦਾ' ਮਾਮਾ ਚੁੱਪ ਰਿਹਾ, ਪਰ ਉਹਦੇ ਮੱਥੇ ਦੀ ਤਿਊੜੀ ਹੋਰ ਗਹਿਰੀ ਹੋ ਗਈ। ਰੁੱਖੇ ਜਿਹੇ ਬੁੱਲ੍ਹ ਲੈ ਕੇ ਉਹ ਬਿਨਾ ਕੁਝ ਕਹੇ ਤੁਰ ਗਿਆ। ਉਹਨੇ ਸ਼ਾਮ ਨੂੰ ਇਹ ਗੱਲ ਨਸੀਬੋ ਨੂੰ ਦੱਸੀ ਤਾਂ ਇੱਕ ਵਾਰ ਤਾਂ ਉਹ ਗਸ਼ ਖਾਣ ਵਾਲੀ ਹੋ ਗਈ। ਗੁਰਮੀਤ ਨੇ ਉਹਨੂੰ ਕਈ ਵਾਰ ਕਿਹਾ, 'ਅੱਜ ਤੂੰ ਠੀਕ ਨੀ ਲਗਦੀ', 'ਨਹੀਂ ਕੁਸ਼ ਨੀ ਸਿਰ ਜਿਹਾ ਦੁਖਦਾ ਸਵੇਰ ਦਾ' ਕਹਿ ਕੇ ਉਹਨੇ ਗੱਲ ਟਾਲ ਦਿੱਤੀ।

'ਡਾਕਟਰ ਨੂੰ ਬਲਾਵਾਂ' ਗੁਰਮੀਤ ਨੇ ਫਿਰ ਪੁੱਛਿਆ।

'ਨਹੀਂ ਆਪੇ ਹਟ ਜੂ, ਹੱਟੀਓਂ ਗੋਲੀ ਗਾਲੀ ਲਿਆਦੋ ਕੋਈ' ਨਸੀਬੋ ਨੇ ਕੁਝ ਵੀ ਪੱਲੇ ਨਾ ਪੈਣ ਦਿੱਤਾ।

ਅਗਲੇ ਦਿਨ ਦੀ ਰੁਟੀਨ ਸ਼ੁਰੂ ਹੋਣ ਤੱਕ ਉਸ ਨੇ ਮਸਾਂ ਆਪਣੇ ਆਪ ਨੂੰ ਸੰਭਾਲਿਆ।

ਵਿਆਹ ਤੋਂ ਛੇ ਕੁ ਮਹੀਨੇ ਬਾਅਦ ਹੀ ਨਸੀਬੋ ਗਰਭਵਤੀ ਹੋ ਗਈ। ਇਹ ਗੂਹੜੇ ਸਿਆਲ ਦੇ ਦਿਨ ਸਨ। ਗੁਰਮੀਤ ਨੂੰ ਉਹਨੇ ਦੱਸਿਆ ਕਿ ਮੇਰੇ ਦਿਨ ਚੜ੍ਹ ਗਏ ਹਨ। ਨਸੀਬੋ ਹੋਰ ਬੱਚਾ ਜੰਮਣ ਦੀ ਇਛੁੱਕ ਨਹੀਂ ਸੀ। ਉਹਦਾ ਦਿਲ ਹਾਲੇ ਵੀ ਵੀਰਦੀਪ ਵਿੱਚ ਸੀ, ਪਰ ਗੁਰਮੀਤ ਸਿੰਘ ਸਮਝਦਾ ਸੀ ਕਿ ਜਿੰਨਾ ਚਿਰ ਬੱਚਾ ਨਹੀਂ ਹੁੰਦਾ ਇਹਦਾ ਇੱਥੇ ਦਿਲ ਨਹੀਂ ਲੱਗਣਾ। ਉਂਝ ਵੀ ਉਹਨੂੰ ਮੁੰਡੇ ਦੀ ਆਸ ਸੀ। ਅਗਲੇ ਸਾਲ ਅਕਤੂਬਰ ਵਿੱਚ ਉਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ। ਇਹ ਖਬਰ ਕਰਮੇ ਹੋਰਾਂ ਨੂੰ ਵੀ ਮਿਲ ਗਈ ਸੀ। ਵੀਰਦੀਪ ਨੂੰ ਉਨ੍ਹਾਂ ਨੇ ਦੱਸਿਆ ਨਾ। ਬੱਚੇ ਨਾਲ ਨਵੇਂ ਘਰ ਵਿੱਚ ਨਸੀਬੋ ਵਧੇਰੇ ਪਰਚਣ ਲੱਗੀ। ਉਹਨੂੰ ਇਹ ਵੀ ਸੀ ਕਿ ਵੀਰਦੀਪ ਦਾ ਪਾਲਣ ਪੋਸਣ ਤਾਂ ਕਰਮੇ ਹੋਰੀਂ ਮੇਰੇ ਨਾਲੋਂ ਚੰਗਾ ਹੀ ਕਰ ਸਕਦੇ ਹਨ। ਹੌਲੀ ਹੌਲੀ ਆਪਣੇ ਨਵੇਂ ਟੱਬਰ ਵਿੱਚ ਉਹ ਵਧੇਰੇ ਰੁਝ ਗਈ। ਵੀਰਦੀਪ ਖੇਡਣ ਨੂੰ ਕਾਫੀ ਤਕੜਾ ਨਿਕਲ ਆਇਆ ਸੀ। ਹੱਡੀ ਦਾ ਉਹ ਮਜਬੂਤ ਸੀ, ਭਾਵੇਂ ਸਰੀਰ ਹਾਲੇ ਪੂਰੀ ਤਰ੍ਹਾਂ ਭਰਿਆ ਨਹੀਂ ਸੀ। ਅੰਡਰ-14 ਵਿੱਚ ਉਹ ਨੈਸ਼ਨਲ ਪੱਧਰ 'ਤੇ ਫੁੱਟਬਾਲ ਖੇਡ ਆਇਆ, ਹਾਲਾਂਕਿ ਉਨ੍ਹਾਂ ਦੀ ਟੀਮ ਸੈਮੀਫਾਈਨਲ ਤੱਕ ਪਹੁੰਚਣ ਵਿੱਚ ਨਾਕਾਮ ਰਹੀ ਸੀ, ਪਰ ਉਹਦੀ ਤੇ ਉਹਦੇ ਸਾਥੀ ਫੁੱਲਬੈਕ ਦਿਲਬਾਗ ਸਿੰਘ ਦੀ ਖੇਡ ਨੇ ਖੇਡ ਮਾਹਿਰਾਂ ਦਾ ਧਿਆਨ ਖਿੱਚਿਆ। ਕਰਮੇ ਤੇ ਨਵਜੋਤ ਨੂੰ ਵੀ ਉਹਦੇ 'ਤੇ ਮਾਣ ਜਿਹਾ ਹੁੰਦਾ। ਉਹਦੇ ਨਾਲ ਹੁਣ ਉਨ੍ਹਾਂ ਨੂੰ ਆਪਣਾ ਘਰ ਭਰਿਆ ਭਰਿਆ ਲਗਦਾ। ਖੇਡ ਵਿੱਚ ਵਧਦੀ ਰੁਚੀ ਵੇਖ ਕੇ ਕਰਮਜੀਤ ਨੇ ਉਸ ਦੀ ਖੁਰਾਕ ਵੱਲ ਖਾਸ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ। ਇਹਦੇ ਨਾਲ ਉਹਦਾ ਸਰੀਰ ਭਰਨ ਲੱਗਾ, ਮਾਸਪੇਸ਼ੀਆਂ ਮਜਬੂਤ ਹੋਣ ਲੱਗੀਆਂ।

ਕਰਮੇ ਦਾ ਤਾਂ ਜਿਵੇਂ ਵੀਰਦੀਪ ਦੋਸਤ ਹੀ ਸੀ। ਨਵਜੋਤ ਉਸ ਨੂੰ ਵੇਖ-ਵੇਖ ਜਿਉਂਦੀ। ਅੰਡਰ-19 ਅਤੇ ਅੰਡਰ-21, ਉਹ ਦੋ ਵਾਰ ਹੋਰ ਨੈਸ਼ਨਲ ਪੱਧਰ 'ਤੇ ਫੁੱਟਬਾਲ ਖੇਡਿਆ। ਉਹ ਉਦੋਂ ਬੀ.ਏ. ਪਹਿਲੇ ਸਾਲ ਵਿੱਚ ਸੀ, ਜਦੋਂ ਉਸ ਦੀ ਜੂਨੀਅਰ ਨੈਸ਼ਨਲ ਕੈਂਪ ਲਈ ਚੋਣ ਹੋਈ। ਇਹ ਕੈਂਪ ਬੰਗਲੌਰ ਵਿੱਚ ਲੱਗਾ ਸੀ। ਕੈਂਪ ਦੇ ਆਖਰੀ ਦਿਨਾਂ ਵਿੱਚ ਜਦੋਂ ਕੌਮੀ ਟੀਮ ਦੀ ਚੋਣ ਦਾ ਵਕਤ ਆਇਆ ਤਾਂ ਪੰਜਾਬ ਵੱਲੋਂ ਚਾਰ ਖਿਡਾਰੀ ਸਨ, ਜਿਨ੍ਹਾਂ ਦੀ ਕਾਰਗੁਜ਼ਾਰੀ ਬੇਹੱਦ ਬੇਹਤਰ ਰਹੀ ਸੀ। ਉਨ੍ਹਾਂ ਨੂੰ ਕੌਮੀ ਟੀਮ ਵਿੱਚ ਚੁਣੇ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਦੁਬਈ ਦਾ ਮੀਂਹ ਬਨਾਮ ਕਲਾਊਡ ਸੀਡਿੰਗ

ਦੁਬਈ ਵਿੱਚ ਪਿਛਲੇ ਦਿਨੀਂ ਰਿਕਾਰਡ ਤੋੜ ਮੀਂਹ ਵਰ੍ਹਿਆ ਹੈ। ਆਖਰ ਦੁਬਈ ਦੇ ਮੀਂਹ ਵਿੱਚ ਅਜਿਹਾ ਕੀ ਸੀ, ਜੋ ਸਧਾਰਨ ਨਹੀਂ ਸੀ ਅਤੇ ਇੰਨੇ ਭਾਰੀ ਮੀਂਹ ਪਿੱਛੇ ਅਸਲ ਕਾਰਨ ਕੀ ਸਨ? ਦੁਬਈ ਸੰਯੁਕਤ ਅਰਬ ਅਮੀਰਾਤ ਦੇ ਤੱਟ ਉੱਤੇ ਵਸਿਆ ਹੈ, ਇੱਥੇ ਦਾ ਮੌਸਮ ਜ਼ਿਆਦਾਤਰ ਖੁਸ਼ਕ ਰਹਿੰਦਾ ਹੈ। ਭਾਵੇਂ ਇੱਥੇ ਔਸਤ ਵਰਖਾ 100 ਮਿਲੀ ਲੀਟਰ (3.9 ਇੰਚ) ਤੋਂ ਘੱਟ ਹੀ ਹੁੰਦੀ ਹੈ, ਪਰ ਕਦੇ-ਕਦਾਈਂ ਇੱਥੇ ਮੀਂਹ ਪੂਰੇ ਜ਼ੋਰ ਨਾਲ ਵਰ੍ਹਦਾ ਹੈ। ਦੁਬਈ ਤੋਂ ਕਰੀਬ 100 ਕਿੱਲੋਮੀਟਰ ਦੂਰ ਅਲ-ਆਈਨ ਸ਼ਹਿਰ ਵਿੱਚ ਪਿਛਲੇ ਦਿਨੀਂ 10 ਇੰਚ ਮੀਂਹ ਰਿਕਾਰਡ ਕੀਤਾ ਗਿਆ। ਦੁਬਈ ਦੇ ਮੀਡੀਆ ਦਫ਼ਤਰ ਮੁਤਾਬਕ ਇੱਥੇ 1949 ਤੋਂ ਮੀਂਹ ਦੇ ਰਿਕਾਰਡ ਰੱਖੇ ਜਾ ਰਹੇ ਹਨ ਅਤੇ ਹਾਲੀਆ ਮੀਂਹ ਰਿਕਾਰਡ ਤੋੜ ਸੀ।

ਘੱਟ ਦਬਾਅ ਦੀ ਇੱਕ ਪ੍ਰਣਾਲੀ (ਕੱਟ ਆਫ਼) ਨੇ ਗਰਮ ਸਿੱਲ੍ਹੀਆਂ ਹਵਾਵਾਂ ਨੂੰ ਆਪਣੇ ਵੱਲ ਖਿੱਚਿਆ ਅਤੇ ਦੂਜੀਆਂ ਪ੍ਰਣਾਲੀਆਂ ਨੂੰ ਦਾਖਲ ਹੋਣ ਤੋਂ ਰੋਕ ਦਿੱਤਾ। ਮੀਂਹ ਦਾ ਇਹੀ ਵੱਡਾ ਕਾਰਨ ਸਾਬਤ ਹੋਇਆ। ਯੂਨੀਵਰਸਿਟੀ ਆਫ਼ ਰੀਡਿੰਗ ਦੇ ਮੌਸਮ ਵਿਗਿਆਨੀ ਪ੍ਰੋਫੈਸਰ ਮਾਰਟਿਨ ਅੰਬਮ ਮੁਤਾਬਕ "ਧਰਤੀ ਦੇ ਇਨ੍ਹਾਂ ਹਿੱਸਿਆਂ ਨੂੰ ਲੰਬਾ ਸਮਾਂ ਬਿਨਾ ਮੀਂਹ ਦੇ ਰਹਿਣ ਵਾਲੇ ਅਤੇ ਅਨਿਯਮਿਤ ਭਾਰੀ ਮੀਂਹ ਵਾਲੇ ਇਲਾਕਿਆਂ ਵਜੋਂ ਜਾਣਿਆ ਜਾਂਦਾ ਹੈ। ਫਿਰ ਵੀ ਇਹ ਮੀਂਹ ਦਾ ਬਹੁਤ ਦੁਰਲਭ ਮੌਕਾ ਸੀ।"

ਅਧਿਐਨ ਮੁਤਾਬਕ ਇਸ ਪਿੱਛੇ ਜਲਵਾਯੂ ਤਬਦੀਲੀ ਦੀ ਭੂਮਿਕਾ ਹੋਣ ਬਾਰੇ ਅਜੇ ਕੁਝ ਠੀਕ-ਠੀਕ ਨਹੀਂ ਕਿਹਾ ਜਾ ਸਕਦਾ। ਇਸ ਲਈ ਕੁਦਰਤੀ ਅਤੇ ਮਨੁੱਖੀ ਕਾਰਕਾਂ ਬਾਰੇ ਹੋਰ ਵਿਗਿਆਨਕ ਅਧਿਐਨ ਦੀ ਲੋੜ ਹੈ। ਸਿੱਧੇ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਗਰਮ ਹਵਾ ਜ਼ਿਆਦਾ ਨਮੀ ਸੰਭਾਲ ਸਕਦੀ ਹੈ। ਹਰੇਕ ਡਿਗਰੀ ਸੈਲਸੀਅਸ ਨਾਲ ਹਵਾ 7% ਜ਼ਿਆਦਾ ਨਮੀ ਦੀ ਮਾਤਰਾ ਸੰਭਾਲ ਸਕਦੀ ਹੈ। ਇਸ ਕਾਰਨ ਮੀਂਹ ਦੀ ਤੀਬਰਤਾ ਵਿੱਚ ਵਾਧਾ ਹੋ ਸਕਦਾ ਹੈ।

ਯੂਨੀਵਰਸਿਟੀ ਆਫ਼ ਰੀਡਿੰਗ ਦੇ ਜਲਵਾਯੂ ਵਿਗਿਆਨ ਦੇ ਪ੍ਰੋਫੈਸਰ ਰਿਚਰਡ ਐਲਨ ਮੁਤਾਬਕ "ਮੀਂਹ ਰਿਕਾਰਡ ਤੋੜ ਸੀ, ਪਰ ਇਹ ਗਰਮ ਹੋ ਰਹੇ ਪੌਣ-ਪਾਣੀ ਨਾਲ ਮੇਲ ਖਾਂਦਾ ਹੈ, ਜਿਸ ਕਾਰਨ ਤੁਫਾਨ ਪੈਦਾ ਕਰਨ ਲਈ ਜ਼ਿਆਦਾ ਨਮੀ ਪਹਿਲਾਂ ਹੀ ਉਪਲੱਬਧ ਸੀ, ਜਿਸ ਕਾਰਨ ਮੀਂਹ ਜ਼ਿਆਦਾ ਪਿਆ ਅਤੇ ਹੜ੍ਹ ਆਏ।"

ਇੱਕ ਤਾਜ਼ਾ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਧਰਤੀ ਦੀ ਵੱਧ ਰਹੀ ਗਰਮੀ ਕਾਰਨ ਆਉਂਦੀ ਇੱਕ ਸਦੀ ਦੌਰਾਨ ਯੂ.ਏ.ਈ. ਦੇ ਮੀਂਹ ਵਿੱਚ 30% ਦਾ ਵਾਧਾ ਹੋ ਸਕਦਾ ਹੈ। ਦੁਬਈ ਦਾ ਬਹੁਤ ਜ਼ਿਆਦਾ ਸ਼ਹਿਰੀਕਰਨ ਹੋ ਚੁੱਕਿਆ ਹੈ ਅਤੇ ਪਾਣੀ ਦੇ ਜ਼ਮੀਨ ਵਿੱਚ ਜਾਣ ਲਈ ਬਹੁਤ ਥੋੜ੍ਹੀ ਹਰਿਆਲੀ ਹੈ।

ਇੰਪੀਰੀਅਲ ਕਾਲਜ ਲੰਡਨ ਵਿੱਚ ਜਲਵਾਯੂ ਵਿਗਿਆਨ ਦੇ ਸੀਨੀਅਰ ਲੈਕਚਰਾਰ ਡਾ. ਫਰੈਡ੍ਰਿਕ ਓਟੋ ਕਹਿੰਦੇ ਹਨ, "ਜੇ ਮਨੁੱਖਾਂ ਨੇ ਤੇਲ, ਗੈਸ, ਕੋਲ ਬਾਲਣਾ ਜਾਰੀ ਰੱਖਿਆ ਤਾਂ ਜਲਵਾਯੂ ਗਰਮ ਹੁੰਦਾ ਰਹੇਗਾ। ਮੀਂਹ




ਤੇਜ਼ ਹੁੰਦੇ ਰਹਿਣਗੇ ਅਤੇ ਲੋਕ ਹੜ੍ਹਾਂ ਵਿੱਚ ਆਪਣੀਆਂ ਜਾਨਾਂ ਗੁਆਉਂਦੇ ਰਹਿਣਗੇ।"

ਦੁਬਈ ਵਿੱਚ ਪਏ ਤੇਜ਼ ਮੀਂਹ ਸਬੰਧੀ ਅਫਵਾਹਾਂ ਸਨ ਕਿ ਇਹ ਮੀਂਹ ਤਕਨੀਕ ਦੀ ਵਰਤੋਂ ਕਰਕੇ ਨਕਲੀ ਤਰੀਕੇ ਨਾਲ ਪਾਇਆ ਗਿਆ ਹੈ। ਮੀਂਹ ਪਾਉਣ ਦੀ ਇਸ ਤਕਨੀਕ ਨੂੰ ਕਲਾਊਡ ਸੀਡਿੰਗ ਕਿਹਾ ਜਾਂਦਾ ਹੈ। ਸੌਖੇ ਸ਼ਬਦਾਂ ਵਿੱਚ ਇਹ ਮੌਸਮ 'ਚ ਬਦਲਾਅ ਕਰਨ ਦੀ ਇੱਕ ਤਕਨੀਕ ਹੈ। ਇਸ ਵਿੱਚ ਵਿਗਿਆਨਿਕ ਤਕਨੀਕ ਦੀ ਮਦਦ ਨਾਲ ਬੱਦਲਾਂ ਵਿੱਚ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ ਤਾਂ ਜੋ ਉਨ੍ਹਾਂ ਦੀ ਮਦਦ ਨਾਲ ਮੀਂਹ ਪੈ ਸਕੇ। ਇਸ ਵਿੱਚ ਸਿਲਵਰ ਆਇਓਡਾਈਡ ਵਰਗੇ ਪਦਾਰਥਾਂ ਨੂੰ ਬੱਦਲਾਂ ਵਿੱਚ ਫੈਲਾਉਣਾ ਸ਼ਾਮਲ ਹੁੰਦਾ ਹੈ ਤਾਂ ਜੋ ਇਸ ਰਾਹੀਂ ਬੱਦਲਾਂ ਜ਼ਰੀਏ ਮੀਂਹ ਪਵਾਉਣ ਦੀ ਕੋਸ਼ਿਸ਼ ਕੀਤੀ ਜਾ ਸਕੇ।

ਕਲਾਊਡ ਸੀਡਿੰਗ ਦਾ ਇੱਕ ਲੰਮਾ ਇਤਿਹਾਸ ਹੈ। ਇਸ ਦੀਆਂ ਜੜ੍ਹਾਂ 1940 ਦੇ ਦਹਾਕੇ ਵਿੱਚ ਹਨ, ਖਾਸ ਤੌਰ 'ਤੇ ਅਮਰੀਕਾ ਵਿੱਚ ਉਸ ਸਮੇਂ ਦੌਰਾਨ ਇਸ 'ਤੇ ਕਾਫ਼ੀ ਕੰਮ ਹੋਇਆ। ਵਿਗਿਆਨੀਆਂ ਨੂੰ ਇਹ ਸਾਬਤ ਕਰਨ ਲਈ ਕਈ ਦਹਾਕਿਆਂ ਤੱਕ ਸੰਘਰਸ਼ ਕਰਨਾ ਪਿਆ ਕਿ ਕਲਾਊਡ ਸੀਡਿੰਗ ਲੋੜੀਂਦੇ ਨਤੀਜੇ ਦੇ ਸਕਦੀ ਹੈ।

ਯੂਨੀਵਰਸਿਟੀ ਆਫ ਕੋਲੋਰਾਡੋ ਦੀ ਪ੍ਰੋਫੈਸਰ ਕੇਟੀਆ ਫਰੈਡ੍ਰਿਕ ਕਹਿੰਦੇ ਹਨ, "ਜਦੋਂ ਅਸੀਂ ਕਲਾਊਡ ਸੀਡਿੰਗ ਕਰਦੇ ਹਾਂ, ਤਾਂ ਅਸੀਂ ਬੱਦਲ ਵਿੱਚੋਂ ਬਰਫ਼ ਜਾਂ ਪਾਣੀ ਦੀਆਂ ਬੂੰਦਾਂ ਟਪਕਾਉਣ ਦੀ ਕੋਸ਼ਿਸ਼ ਕਰਦੇ ਹਾਂ।" ਕੇਟੀਆ ਫਰੈਡ੍ਰਿਕ ਦੀ ਖੋਜ ਦਾ ਵਿਸ਼ਾ 'ਕਲਾਊਡ ਮਾਈਕਰੋ ਫਿਜ਼ਿਕਸ' ਹੈ।

ਕਲਾਊਡ ਸੀਡਿੰਗ ਇੱਕ ਤਰ੍ਹਾਂ ਨਾਲ ਮੌਸਮ ਨੂੰ ਬਦਲਣ ਦੀ ਕੋਸ਼ਿਸ਼ ਹੈ। ਇਸ ਦੇ ਲਈ ਇੱਕ ਢੁਕਵੇਂ ਬੱਦਲ ਦੀ ਲੋੜ ਹੁੰਦੀ ਹੈ। ਕੇਟੀਆ ਮੁਤਾਬਕ "ਅਸੀਂ ਕਈ ਵਾਰ ਹਵਾਈ ਜਹਾਜ਼ ਦੀ ਵਰਤੋਂ ਕਰਦੇ ਹਾਂ। ਅਸੀਂ ਉਨ੍ਹਾਂ ਬੱਦਲਾਂ ਵਿੱਚੋਂ ਦੀ ਲੰਘਦੇ ਹਾਂ ਅਤੇ ਉਨ੍ਹਾਂ ਵਿੱਚ ਸਿਲਵਰ ਆਇਓਡਾਈਡ ਪਾਉਂਦੇ ਹਾਂ। ਸਿਲਵਰ ਆਇਓਡਾਈਡ ਪਾਣੀ ਦੀਆਂ ਬੂੰਦਾਂ ਨੂੰ ਠੰਢਾ ਕਰ ਦਿੰਦਾ ਹੈ। ਉਸ ਤੋਂ ਬਾਅਦ ਬਰਫ਼ ਦੇ ਟੁਕੜੇ ਹੋਰ ਟੁਕੜਿਆਂ ਨਾਲ ਚਿਪਕ ਜਾਂਦੇ ਹਨ ਅਤੇ ਉਹ ਬਰਫ਼ ਦੇ ਗੁੱਛੇ ਬਣ ਜਾਂਦੇ ਹਨ। ਇਹ ਬਰਫ਼ ਦੇ ਗੁੱਛੇ ਜ਼ਮੀਨ 'ਤੇ ਡਿੱਗਦੇ ਹਨ। ਕਲਾਊਡ ਸੀਡਿੰਗ ਸਾਲ ਦੇ ਕੁਝ ਮਹੀਨਿਆਂ ਵਿੱਚ ਹੀ ਕੀਤੀ ਜਾ ਸਕਦੀ ਹੈ।"

### ਕੀ ਦੁਬਈ ਦਾ ਮੀਂਹ ਨਕਲੀ ਸੀ?

ਪਿਛਲੇ ਸਾਲਾਂ ਦੌਰਾਨ ਯੂ.ਏ.ਈ. ਨੇ ਪਾਣੀ ਦੀ ਕਮੀ ਦੂਰ ਕਰਨ ਲਈ ਇਸ ਤਕਨੀਕ ਦੀ ਵਰਤੋਂ ਕੀਤੀ ਹੈ। ਮੀਂਹ ਤੋਂ ਕੁਝ ਘੰਟਿਆਂ ਬਾਅਦ ਕੁਝ ਸੋਸ਼ਲ ਮੀਡੀਆ ਵਰਤੋਂਕਾਰਾਂ ਨੇ ਬਿਨਾ ਵਕਤ ਜ਼ਾਇਆ ਕੀਤੇ ਇਸ ਮੀਂਹ ਦਾ ਕਾਰਨ ਕਲਾਊਡ ਸੀਡਿੰਗ ਨੂੰ ਦੱਸਣਾ ਸ਼ੁਰੂ ਕਰ ਦਿੱਤਾ, ਜੋ ਕਿ ਗਲਤ ਸੀ। ਉਸ ਤੋਂ ਪਹਿਲਾਂ ਬਲੂਮਬਰਗ ਦੀਆਂ ਰਿਪੋਰਟਾਂ ਵਿੱਚ ਕਿਹਾ ਗਿਆ ਸੀ ਕਿ ਦੋ ਦਿਨ ਕਲਾਊਡ ਸੀਡਿੰਗ ਵਾਲੇ ਜਹਾਜ਼ ਤਾਇਨਾਤ ਸਨ, ਪਰ ਤੀਜੇ ਦਿਨ ਨਹੀਂ; ਜਦੋਂ ਹੜ੍ਹ ਆਏ, ਉਦੋਂ ਨਹੀਂ। ਮਾਹਿਰਾਂ ਦਾ ਕਹਿਣਾ ਹੈ ਕਿ ਜੇ ਕਲਾਊਡ ਸੀਡਿੰਗ ਕੀਤੀ ਵੀ ਗਈ ਸੀ ਤਾਂ ਇਸ ਦਾ ਬਹੁਤ ਸੀਮਤ ਅਸਰ ਰਿਹਾ ਹੋਵੇਗਾ, ਇਸ ਲਈ ਇਸੇ ਉੱਪਰ ਸਾਰਾ ਧਿਆਨ ਕੇਂਦਰਿਤ ਕਰਨਾ 'ਗੁਮਰਾਹਕੁਨ' ਹੈ।

ਡਾ. ਓਟੋ ਮੁਤਾਬਕ ਜੇ ਕਲਾਊਡ ਸੀਡਿੰਗ ਜ਼ਰੀਏ ਹੋਰ ਬੱਦਲ ਬਣਨ ਨੂੰ ਉਤਸ਼ਾਹਿਤ ਕੀਤਾ ਵੀ ਗਿਆ ਤਾਂ ਵੀ ਜਲਵਾਯੂ ਤਬਦੀਲੀ ਕਾਰਨ ਵਾਤਾਵਰਣ ਵਿੱਚ ਬੱਦਲ ਬਣਾਉਣ ਲਈ ਪਹਿਲਾਂ ਹੀ ਭਰਪੂਰ ਪਾਣੀ ਸੀ। ਕਲਾਊਡ ਸੀਡਿੰਗ ਜ਼ਿਆਦਾਤਰ ਉਦੋਂ ਕੀਤੀ ਜਾਂਦੀ ਹੈ, ਜਦੋਂ ਹਨੇਰੀ, ਧੂੜ ਅਤੇ ਨਮੀ ਦੇ ਹਾਲਾਤ ਬੱਦਲ ਬਣਾਉਣ ਲਈ ਇੰਨੇ ਸਾਜ਼ਗਾਰ ਨਾ ਹੋਣ ਕਿ ਮੀਂਹ ਪੈ ਸਕੇ। ਮੀਂਹ ਪੈਣ ਦੇ ਪਿਛਲੇ ਹਫ਼ਤੇ ਦੀ ਭਵਿੱਖਬਾਣੀ ਵਿੱਚ ਹੀ ਪੂਰੀ ਖਾੜੀ ਵਿੱਚ ਭਾਰੀ ਮੀਂਹ ਦੀ ਪੇਸ਼ੀਨਗੋਈ ਕੀਤੀ ਗਈ ਸੀ।

ਅਬੂਧਾਬੀ ਦੀ ਖਲੀਫ਼ਾ ਯੂਨੀਵਰਸਿਟੀ ਵਿੱਚ ਵਾਤਾਵਰਣ ਅਤੇ ਭੂ-ਭੌਤਿਕ ਵਿਗਿਆਨੀ ਪ੍ਰੋਫੈਸਰ ਡਿਆਨਾ ਫਰਾਂਸਿਸ ਮੁਤਾਬਕ "ਜਦੋਂ ਇਸ ਤਰ੍ਹਾਂ ਦੀ ਭਵਿੱਖਬਾਣੀ ਕੀਤੀ ਗਈ ਹੋਵੇ ਤਾਂ ਕਲਾਊਡ ਸੀਡਿੰਗ ਵਰਗੀਆਂ ਮਹਿੰਗੀਆਂ ਤਕਨੀਕਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ, ਕਿਉਂਕਿ ਇਨ੍ਹਾਂ ਦੀ ਲੋੜ ਹੀ ਨਹੀਂ ਹੁੰਦੀ।"

ਮੌਸਮ ਵਿਗਿਆਨੀ ਮੈਟ ਟੇਲਰ ਮੁਤਾਬਕ ਭਾਰੀ ਮੀਂਹ ਦੀ ਭਵਿੱਖਬਾਣੀ ਪਹਿਲਾਂ ਹੀ ਕੀਤੀ ਗਈ ਸੀ। ਉਸ ਤੋਂ ਪਹਿਲਾਂ ਹੀ ਕੰਪਿਊਟਰ ਮਾਡਲ ਜੋ ਕਿ ਆਪਣੀ ਗਣਨਾ ਵਿੱਚ ਕਲਾਊਡ ਸੀਡਿੰਗ ਵਰਗੀਆਂ ਚੀਜ਼ਾਂ ਨੂੰ ਸ਼ਾਮਲ ਨਹੀਂ ਕਰਦੇ, ਚੌਵੀ ਘੰਟਿਆਂ ਵਿੱਚ ਇੱਕ ਸਾਲ ਜਿੰਨਾ ਮੀਂਹ ਦਿਖਾ ਰਹੇ ਸਨ। ਬਹਿਰੀਨ ਤੋਂ ਓਮਾਨ ਤੱਕ ਇਸਦਾ ਅਸਰ ਕਲਾਊਡ ਸੀਡਿੰਗ ਨਾਲੋਂ ਬਹੁਤ ਜ਼ਿਆਦਾ ਸੀ। ਅਮਿਰਾਤੀ ਖੇਤਰ ਵਿੱਚ ਕਲਾਊਡ ਸੀਡਿੰਗ ਮਿਸ਼ਨ ਸਰਕਾਰੀ ਟਾਸਕ ਫੋਰਸ, ਨੈਸ਼ਨਲ ਸੈਂਟਰ ਫਾਰ ਮੈਟਰੋਲੋਜੀ ਵੱਲੋਂ ਚਲਾਇਆ ਜਾਂਦਾ ਹੈ।

ਭਾਰੀ ਮੀਂਹ ਹੜ੍ਹਾਂ ਦਾ ਰੂਪ ਨਾ ਅਖਤਿਆਰ ਕਰ ਲਵੇ, ਇਸ ਲਈ ਵਿਆਪਕ ਸੁਰੱਖਿਆ ਕਦਮਾਂ ਦੀ ਲੋੜ ਹੁੰਦੀ ਹੈ। ਦੁਬਈ ਦਾ ਬਿਨਾ ਸ਼ੱਕ ਬਹੁਤ ਜ਼ਿਆਦਾ ਸ਼ਹਿਰੀਕਰਨ ਹੋ ਚੁੱਕਿਆ ਹੈ। ਇੱਥੇ ਨਮੀ ਨੂੰ ਸੋਖਣ ਲਈ ਬਹੁਤ ਥੋੜ੍ਹੀ ਹਰਿਆਲੀ ਹੈ ਅਤੇ ਮੀਂਹ ਨੂੰ ਸੰਭਾਲਣ ਲਈ ਇਲਾਕੇ ਦਾ ਸੀਵਰੇਜ ਸਿਸਟਮ ਨਾਕਸ ਸਾਬਤ ਹੋਇਆ।

ਪ੍ਰੋਫੈਸਰ ਫ੍ਰਾਂਸਿਸ ਕਹਿੰਦੇ ਹਨ ਕਿ ਇਸ ਨਵੀਂ ਸੱਚਾਈ (ਜ਼ਿਆਦਾ ਭਾਰੀ ਅਤੇ ਜ਼ਿਆਦਾ ਵਾਰ ਪੈਣ ਵਾਲੇ ਮੀਂਹ) ਨਾਲ ਢਲਣ ਲਈ ਨਵੀਆਂ ਰਣਨੀਤੀਆਂ ਅਤੇ ਉਪਰਾਲਿਆਂ ਦੀ ਲੋੜ ਹੈ। ਮਿਸਾਲ ਵਜੋਂ ਸੜਕਾਂ ਨੂੰ ਢਾਲਣ ਦੀ ਲੋੜ ਹੈ। ਪਾਣੀ ਦੇ ਰਿਜ਼ਰਵਾਇਰ ਬਣਾਏ ਜਾਣੇ ਚਾਹੀਦੇ ਹਨ ਤਾਂ ਜੋ ਬਸੰਤ ਦੇ ਮੀਂਹ ਨੂੰ ਇਕੱਠਾ ਕਰਕੇ ਗਰਮੀਆਂ ਵਿੱਚ ਵਰਤਿਆ ਜਾ ਸਕੇ। ਜਨਵਰੀ ਵਿੱਚ ਯੂ.ਏ.ਈ. ਦੀ ਸੜਕ ਅਤੇ ਆਵਾਜਾਈ ਅਥਾਰਟੀ ਨੇ ਦੁਬਈ ਵਿੱਚ ਹੜ੍ਹਾਂ ਦਾ ਮੁਕਾਬਲਾ ਕਰਨ ਲਈ ਨਵੀਂ ਇਕਾਈ ਸਥਾਪਿਤ ਕੀਤੀ ਹੈ।

***(ਨੋਟ: ਇਹ ਜਾਣਕਾਰੀ ਵੱਖ ਵੱਖ ਮੀਡੀਆ ਖੇਤਰਾਂ ਤੋਂ ਲਈ ਗਈ ਹੈ)***

## ਸ਼ਾਹਸਵਾਰ

ਜਾਣ ਦੀ ਆਸ ਸੀ, ਪਰ ਸਲੈਕਟਰਾਂ ਨੇ ਸਿਰਫ ਦੋ ਫਾਰਵਰਡ ਖਿਡਾਰੀ ਚੁਣੇ। ਦਿਲਬਾਗ ਤੇ ਵੀਰਦੀਪ ਨੂੰ ਇਹ ਆਖ ਕੇ ਛੱਡ ਦਿੱਤਾ; 'ਸਾਰੇ ਪੰਜਾਬ ਵਿੱਚੋਂ ਈ ਥੋੜੀ ਰੱਖਣੇ ਆ, ਬਾਕੀ ਰਾਜਾਂ ਦੇ ਖਿਡਾਰੀਆਂ ਨੂੰ ਵੀ ਮੌਕਾ ਦੇਣਾ।' ਕੌਮੀ ਟੀਮ ਵਿੱਚ ਉਨ੍ਹਾਂ ਨਾਲੋਂ ਕਮਜ਼ੋਰ ਖਿਡਾਰੀਆਂ ਦੀ ਚੋਣ ਕਰ ਲਈ ਗਈ ਸੀ। ਵੀਰਦੀਪ ਨੂੰ ਸਲੈਕਟਰਾਂ ਦੇ ਇਸ ਰਵੱਈਏ ਨੇ ਬਹੁਤ ਨਿਰਾਸ਼ ਕੀਤਾ। ਦਿਲਬਾਗ ਨੇ ਸਲੈਕਸ਼ਨ ਟਰਾਇਲ ਵੇਲੇ ਆਪਣੇ ਹਾਫ ਵਿੱਚੋਂ ਮਾਰੀ ਕਿੱਕ ਨਾਲ ਗੋਲ ਕਰ ਦਿੱਤਾ ਸੀ। ਉਹ ਸਲੈਕਸ਼ਨ ਕਮੇਟੀ ਦੇ ਚੇਅਰਮੈਨ ਦੇ ਗਲ਼ ਹੀ ਪੈ ਗਿਆ, ਕਹਿਣ ਲੱਗਾ, 'ਇਹ ਪਾਰਲੀਮੈਂਟ ਦੀ ਚੋਣ ਕਰਦੇ ਓਂ ਕਿ ਫੁੱਟਬਾਲ ਟੀਮ ਦੀ?' ਇਸ ਵਿੱਚੋਂ ਉਨ੍ਹਾਂ ਨੂੰ ਪੰਜਾਬ ਦੇ ਖਿਡਾਰੀਆਂ ਨਾਲ ਵਿਤਕਰੇ ਦੀ ਭਾਵਨਾ ਵੀ ਝਲਕਣ ਲੱਗੀ। ਇਹ ਭਾਵਨਾ ਉਨ੍ਹਾਂ ਦੇ ਚਿੱਤ ਵਿੱਚ ਕਿਤੇ ਡੂੰਘੀ ਘਰ ਕਰ ਗਈ। ਘਰ ਵਾਪਸ ਆਇਆ ਤਾਂ ਵੀਰਦੀਪ ਨੇ ਇਹ ਸਾਰੀ ਕਹਾਣੀ ਕਰਮੇ ਨੂੰ ਦੱਸੀ। ਕਰਮਜੀਤ ਨੇ ਬਥੇਰਾ ਜ਼ੋਰ ਪਾਇਆ ਕਿ ਉਹ ਦਿਲ ਨਾ ਛੱਡੇ, ਅਗਲੇ ਸਾਲ ਸਲੈਕਸ਼ਨ ਹੋ ਜਾਵੇਗੀ। ਪਰ ਵੀਰਦੀਪ ਹੁਣ ਖੇਡਣ ਵੱਲੋਂ ਮੁਕਰੀ ਖਾ ਗਿਆ। ਉਸ ਨੂੰ ਲੱਗਣ ਲੱਗਾ ਕੌਮੀ ਟੀਮ ਵਿੱਚ ਪੰਜਾਬ ਦੇ ਇੱਕ-ਦੋ ਖਿਡਾਰੀ ਹੀ ਰੱਖੇ ਜਾਣਗੇ। ਇਸ ਲਈ ਉਸ ਦਾ ਨੰਬਰ ਨਹੀਂ ਲੱਗਣਾ। ਕੌਮੀ ਕੈਂਪ ਕਾਰਨ ਉਸ ਨੇ ਬੀ.ਏ. ਪਹਿਲੇ ਸਾਲ ਦੇ ਪੇਪਰ ਵੀ ਛੱਡ ਦਿੱਤੇ ਸਨ। ਇੰਜ ਪੜ੍ਹਾਈ ਵਿੱਚ ਉਸ ਦਾ ਇੱਕ ਸਾਲ ਮਾਰਿਆ ਗਿਆ ਸੀ।

'ਮੈਂ ਹੁਣ ਪੜ੍ਹਨਾ ਚਾਚਾ ਬਸ। ਗੇਮ ਗੂਮ ਦਾ ਨੀ ਇੱਥੇ ਕੋਈ ਭਵਿੱਖ' ਵੀਰਦੀਪ ਫੈਸਲਾ ਕਰ ਚੁੱਕਾ ਸੀ।

ਸਮਾਜ ਵਿਗਿਆਨ ਅਤੇ ਰਾਜਨੀਤੀ ਸ਼ਾਸ਼ਤਰ ਵਿੱਚ ਉਸ ਦੀ ਰੁਚੀ ਸੀ। ਇਤਿਹਾਸ ਦਾ ਸਬਜੈਕਟ ਉਸ ਨੇ ਚੰਗਾ ਕੰਬੀਨੇਸ਼ਨ ਬਣਾਉਣ ਲਈ ਰੱਖ ਲਿਆ ਸੀ। ਹਾਲਾਂਕਿ ਸਾਲ ਸੰਮਤ ਅਤੇ ਤਾਰੀਖਾਂ ਵਗੈਰਾ ਯਾਦ ਰੱਖਣਾ ਉਹਦੇ ਲਈ ਮੁਸ਼ਕਲ ਕੰਮ ਸੀ। ਹਿਸਾਬ ਦੀ ਕਮਜ਼ੋਰੀ ਇਥੇ ਵੀ ਉਹਦੇ ਆੜੇ ਆ ਜਾਂਦੀ ਸੀ। ਜਿਸ ਕਾਲਜ ਵਿੱਚ ਉਸ ਨੇ ਅਡਮਿਸ਼ਨ ਲਿਆ, ਇਹ ਮਾਲਵੇ ਦਾ ਇੱਕ ਪੇਂਡੂ ਕਾਲਜ ਸੀ। ਉਹਦੇ ਪਿੰਡ ਵਾਲੀ ਮਿਸਤਰੀਆਂ ਦੀ ਕੁੜੀ ਸਿਮਰਨ ਵੀ ਇਸੇ ਕਾਲਜ ਵਿੱਚ ਆ ਗਈ ਸੀ। ਉਹ ਸਾਇੰਸ ਵਿੱਚ ਚੰਗੀ ਸੀ ਤੇ ਕੰਪਿਊਟਰ ਸਾਇੰਸ ਵਿੱਚ ਬੀ.ਐਸਸੀ. ਕਰਨ ਲੱਗੀ। ਉਹ ਹੁਣ ਸਿਮਰਨ ਨਾਲੋਂ ਇੱਕ ਕਲਾਸ ਪਿੱਛੇ ਵੀ ਸੀ। ਬਚਪਨ ਵਿੱਚ ਉਹ ਕੁੜੀ ਤੋਂ ਸਾਇੰਸ ਮੈਥ ਪੜ੍ਹ ਲਿਆ ਕਰਦਾ ਸੀ। ਹੁਣ ਉਹਤੋਂ ਸੰਗਦਾ ਜਿਹਾ ਰਹਿੰਦਾ। ਅੱਜ ਪੁਲੀਟੀਕਲ ਸਾਇੰਸ ਦਾ ਪੀਰੀਅਡ ਵਿਹਲਾ ਸੀ। ਉਹ ਟਾਈਮ ਪਾਸ ਕਰਨ ਲਈ ਕੰਟੀਨ ਵੱਲ ਚਲਾ ਗਿਆ। ਸਾਇੰਸ ਵਾਲੇ ਵਿਦਿਆਰਥੀਆਂ ਦਾ ਇੱਕ ਗਰੁੱਪ ਝੁੰਡ ਬਣਾਈ ਇੱਕ ਮੇਜ਼ ਦੁਆਲੇ ਬੈਠਾ ਸੀ। ਤਿੰਨ ਮੁੰਡੇ ਤੇ ਦੋ ਕੁੜੀਆਂ, ਉਨ੍ਹਾਂ ਵਿੱਚ ਸਿਮਰਨ ਵੀ ਸ਼ਾਮਲ ਸੀ। ਉਹ ਪਹਿਲੇ ਟੇਬਲ 'ਤੇ ਉਨ੍ਹਾਂ ਵੱਲ ਪਿੱਠ ਕਰਕੇ ਬੈਠ ਗਿਆ। ਉਹਨੇ ਚਾਹ ਦਾ ਆਰਡਰ ਦਿੱਤਾ। ਕਰਮੇ ਚਾਚੇ ਦੇ ਸਾਥ ਨਾਲ ਰੜ੍ਹੀ ਹੋਈ ਚਾਹ ਪੀਣ ਦਾ ਉਹ ਵੀ ਸ਼ੁਕੀਨ ਹੋ ਗਿਆ ਸੀ। ਪੰਜ ਫੁੱਟ ਦਸ ਇੰਚ ਕੱਦ ਅਤੇ ਭਰਵੇਂ ਸਰੀਰ ਨਾਲ ਉਹ ਜਚਵਾਂ ਗੱਭਰੂ ਨਿਕਲ ਆਇਆ ਸੀ। ਸਿਮਰਨ ਤੋਂ ਰਿਹਾ ਨਾ ਗਿਆ, 'ਵੇ ਵੀਰਦੀਪ, ਤੂੰ ਵੀ ਆਜਾ ਐਧਰ, ਸਾਡੇ ਵੱਲ ਪਿੱਠ ਕਰਕੇ ਬੈਠ ਗਿਐਂ ਰੁੱਸੇ ਹੋਏ ਪ੍ਰਾਹੁਣੇ ਵਾਂਗੂੰ'।

ਉਹ ਪਿਛੇ ਵੇਖ ਕੇ ਮੁਸਕਰਾਇਆ, 'ਮੈ ਸੋਚਿਆ ਸਾਇੰਸਦਾਨਾਂ 'ਚ ਮੇਰਾ ਗੰਵਾਰ ਦਾ ਕੀ ਕੰਮ' ਵੀਰਦੀਪ ਨੇ ਵਾਪਸ ਵਿਅੰਗ ਕੀਤਾ।

'ਤੂੰ ਕੀਹਦੀ ਨੂੰਹ ਧੀ ਨਾਲੋਂ ਘੱਟ ਐਂ' ਸਿਮਰਨ ਦੇ ਇਸ ਵਾਕ ਪਿੱਛੋਂ ਸਾਰਿਆਂ ਨੇ ਵੀਰਦੀਪ ਵੱਲ ਧਿਆਨ ਨਾਲ ਵੇਖਿਆ। ਉਹਨੇ ਆਪਣੇ ਗਰੁੱਪ ਨਾਲ ਵੀਰਦੀਪ ਦੀ ਜਾਣ ਪਹਿਚਾਣ ਕਰਵਾਈ।

'ਇਹ ਆ ਵੀਰਦੀਪ ਸਿੰਘ, ਸਾਡੇ ਪਿੰਡੋਂ ਈ ਆ। ਮਿਡਲ ਤੱਕ ਅਸੀਂ ਇਕੱਠੇ ਪੜ੍ਹਦੇ ਰਹੇ ਆਂ। ਫੁੱਟਬਾਲ ਦਾ ਕੌਮੀ ਪੱਧਰ ਦਾ ਖਿਡਾਰੀ ਆ ਇਹ। ਕੌਮੀ ਟੀਮ ਲਈ ਸੰਭਾਵਤ ਖਿਡਾਰੀਆਂ ਵਿੱਚ ਵੀ ਚੁਣਿਆ ਗਿਆ ਸੀ।'

ਹੁਣ ਸਿਮਰਨ ਨਾਲ ਬੈਠੇ ਸਾਰੇ ਮੁੰਡੇ-ਕੁੜੀਆਂ ਨੇ ਵੀਰਦੀਪ ਵੱਲ ਧਿਆਨ ਨਾਲ ਵੇਖਿਆ। ਸਿਮਰਨ ਨਾਲ ਉਹਦੀ ਇੱਕ ਕਲਾਸ ਫੈਲੋ ਕੁੜੀ ਹਰਜੀਤ ਕੌਰ ਵੀ ਸੀ। ਉਹ ਵੀ ਕੰਪਿਊਟਰ ਸਾਇੰਸ ਦੀ ਵਿਦਿਆਰਥਣ ਸੀ, ਜਦਕਿ ਤਿੰਨੋ ਮੁੰਡੇ ਬਾਇਆਲੋਜੀ ਵਿੱਚ ਬੀ.ਐਸਸੀ. ਕਰ ਰਹੇ ਸਨ। ਸਿਮਰਨ ਪਹਿਲਾਂ ਵਾਂਗ ਹੀ ਸੀ, ਪਿੱਲਤਣ ਦੀ ਭਾਅ ਮਾਰਦਾ ਰੰਗ, ਸਰੀਰ ਦੀ ਪਤਲੀ, ਸਾਡੇ ਪੰਜ ਫੁੱਟ ਕੱਦ, ਜਚਦੇ ਨੈਣ ਨਕਸ਼। ਹੱਸਦੀ ਤਾਂ ਗੱਲ੍ਹਾਂ ਵਿੱਚ ਹਲਕੇ ਵੱਟ ਪੈਂਦੇ। ਇਹਦੇ ਨਾਲ ਉਮਰ ਨਾਲੋਂ ਵੱਧ ਸਿਆਣੀ ਲਗਦੀ। ਹਰਜੀਤ ਦਾ ਰੰਗ ਕਣਕਵੰਨਾ ਸੀ, ਕੱਦ ਸਿਮਰਨ ਤੋਂ ਇੰਚ ਕੁ ਉੱਚਾ ਤੇ ਸਰੀਰ ਕੁਝ ਭਰਵਾਂ। ਮੁੰਡੇ ਤਿੰਨੋਂ ਐਨਕਾਂ ਵਾਲੇ ਸਨ। ਦੋ ਤਾਂ ਫਿਲਾਸਫਰ ਜਿਹੇ ਲਗਦੇ ਸਨ। ਇੱਕ ਦਰਮਿਆਨੇ ਕੱਦ ਦਾ ਸਿਹਤਮੰਦ ਸਰਦਾਰ ਸੀ। ਵੀਰਦੀਪ ਸਾਰਿਆਂ ਤੋਂ ਵੱਖਰਾ, ਕੱਦ ਲੰਮਾ, ਮਜਬੂਤ ਹੱਡ-ਪੈਰ, ਭਰਵਾਂ ਸਰੀਰ, ਅੱਖਾਂ ਵਿੱਚ ਅਜੀਬ ਜਿਹੀ ਚਮਕ, ਤੇ ਘੁੰਗਰਾਲੀ ਦਾਹੜੀ ਨੂੰ ਹਾਲੇ ਕੈਂਚੀ ਨਹੀਂ ਸੀ ਲੱਗੀ। ਹਰਜੀਤ ਨੂੰ ਉਹਦੀ ਡੀਲ ਡੌਲ ਤੋਂ ਡਰ ਲੱਗਿਆ।

'ਕਿਵੇਂ ਦਾ ਲੱਗਿਆ ਫੇਰ ਸਾਡਾ ਵੀਰਦੀਪ', ਆਪਣੀ ਕਲਾਸ ਵੱਲ ਮੁੜਨ ਲੱਗੀ ਸਿਮਰਨ ਨੇ ਹਰਜੀਤ ਨੂੰ ਪੁਛਿਆ।

'ਡਰ ਲੱਗਿਆ ਮੈਨੂੰ'

'ਡਰ ਕਾਹਤੋਂ ਲੱਗਿਆ, ਏਨਾ ਡੀਸੈਂਟ ਮੁੰਡਾ। '

'ਉਹਦੀ ਨਜ਼ਰ ਬੜੀ ਤੇਜ਼ ਲਗਦੀ' ਹਰਜੀਤ ਦਾ ਚਿਹਰਾ ਜਿਵੇਂ ਸੱਚੀਂ ਭੈਭੀਤ ਸੀ।

'ਐਵੇਂ ਲਗਦਾ ਤੈਨੂੰ, ਇੰਨਾ ਸਾਊ ਮੁੰਡਾ, ਇਹੋ ਜਿਹੇ ਮੁੰਡੇ ਰੋਜ਼ ਥੋੜੀ ਜੰਮਦੇ।' ਸਿਮਰਨ ਵੀਰਦੀਪ ਦੀ ਵਕਾਲਤ ਕਰਨ ਲੱਗੀ।

'ਤੈਨੂੰ ਕਿਵੇਂ ਪਤਾ' ਕੁੜੀ ਨੇ ਸਿਮਰਨ ਦਾ ਦਿਲ ਟੋਹਣਾ ਚਾਹਿਆ।

'ਮੇਰੇ ਨਾਲ ਪੜ੍ਹਿਆ ਇਹ ਪਹਿਲੀ ਤੋਂ ਅੱਠਵੀਂ ਤੱਕ, ਆਪਣੇ ਗੋਡੇ ਮੁੱਢ ਬਿਠਾ ਕੇ ਮੈਂ ਇਹਨੂੰ ਹਿਸਾਬ ਤੇ ਸਾਇੰਸ ਪੜ੍ਹਾਉਂਦੀ ਰਹੀ ਆਂ, ਮਜ਼ਾਲ ਐ ਕੋਈ ਮਾੜੀ ਹਰਕਤ ਕੀਤੀ ਹੋਵੇ' ਸਿਮਰਨ ਨੂੰ ਜਿਵੇਂ ਵੀਰਦੀਪ 'ਤੇ ਮਾਣ ਸੀ।

'ਹੁਣ ਕੀ ਪੜ੍ਹਦਾ ਇਹ' ਹਰਜੀਤ ਪੁੱਛਣ ਲੱਗੀ।

'ਸੋਸਿਲ ਸਾਇੰਸਿਜ਼' ਸਿਮਰਨ ਨੇ ਦੋ ਲਫਜ਼ ਕਹੇ।

'ਫਿਰ ਵੀ' ਕੁੜੀ ਨੇ ਡਿਟੇਲ ਪੁੱਛੀ।

'ਪੁਲਿਟੀਕਲ ਸਾਇੰਸ, ਸੋਸਿਆਲੋਜੀ, ਹਿਸਟਰੀ' ਸਿਮਰਨ ਦੱਸਣ ਲੱਗੀ।

'ਲਗਦਾ ਤਾਂ ਭਲਵਾਨ ਜਿਹਾ' ਹਰਜੀਤ ਬੋਲੀ।

'ਨੈਸ਼ਨਲ ਲੈਵਲ ਦਾ ਖਿਡਾਰੀ ਏ ਅਗਲਾ' ਸਿਮਰਨ ਨੇ ਫਿਰ ਮਾਣ ਨਾਲ ਦੱਸਿਆ।

'ਫਿਜ਼ੀਕਲ ਐਜੂਕੇਸ਼ਨ ਕਿਉਂ ਨੀ ਰੱਖੀ ਫਿਰ ਇਹਨੇ' ਹਰਜੀਤ ਨੇ ਪੁੱਛਿਆ। ਉਹਨੂੰ ਸੀ ਬਈ ਕੈਰੀਅਰ ਲਈ ਕੋਈ ਸੇਧ ਵੀ ਹੋਣੀ ਚਾਹੀਦੀ ਬੰਦੇ ਕੋਲ।

'ਇਹ ਤੂੰ ਪੁੱਛਲੀਂ, ਉਹ ਕਿਹੜਾ ਭੱਜਣ ਲੱਗਾ ਕਿਧਰੇ, ਅੱਜ ਭਲਕ ਫਿਰ ਮਿਲ ਜਾਵੇਗਾ ਇਥੇ' ਸਿਮਰਨ ਨੇ ਆਪਣੇ ਵੱਲੋਂ ਵਿਅੰਗ ਕੀਤਾ।

'ਤੂੰ ਹੀ ਪੁੱਛ ਕੇ ਦੱਸਦੀਂ, ਮੈਨੂੰ ਤੇ ਹਾਲੇ ਸੰਗ ਲਗਦੀ' ਹਰਜੀਤ ਨੇ ਜ਼ਿੰਮੇਵਾਰੀ ਸਿਮਰਨ ਵੱਲ ਪਰਤਾ ਦਿੱਤੀ।

'ਮੇਰੇ ਹਿਸਾਬ ਨਾਲ ਤਾਂ ਸਭ ਤੋਂ ਪਹਿਲਾਂ ਬੰਦਾ-ਬੰਦਾ ਹੋਣਾ ਚਾਹੀਦਾ, ਦੁਖਦੇ ਸੁਖਦੇ ਤੁਹਾਡੇ ਨਾਲ ਖੜ੍ਹਨ ਵਾਲਾ, ਤੁਹਾਡੀ ਕੇਅਰ ਕਰਨ ਵਾਲਾ' ਸਿਮਰਨ ਦਲੀਲਾਂ ਦੇਣ ਲੱਗੀ।

'ਪਾਪਾ ਕਹਿੰਦੇ ਆ ਪਈ ਤੇਰਾ ਪਹਿਲਾ ਕੰਮ ਕੈਰੀਅਰ ਬਣਾਉਣਾ, ਬਾਕੀ ਸਾਰਾ ਕੁਝ ਬਾਅਦ 'ਚ' ਹਰਜੀਤ ਆਖਣ ਲੱਗੀ।

'ਕਈ ਕੈਰੀਅਰ ਬਣਾਉਂਦੀਆਂ ਈ ਛੜੀਆਂ ਰਹਿ ਜਾਂਦੀਆਂ' ਸਿਮਰਨ ਨੇ ਮਜ਼ਾਕ ਕੀਤਾ।

'ਇੰਨੀਆਂ ਵੀ ਗਈਆਂ ਗੁਜ਼ਰੀਆਂ ਨੀ ਆਪਾਂ' ਹਰਜੀਤ ਨੇ ਜਵਾਬ ਦਿੱਤਾ।

'ਆਹ ਆਪਣੇ ਸਾਇੰਸ ਵਾਲੇ ਚੂਜ਼ਿਆਂ 'ਚੋਂ ਤਾਂ ਨੀ ਕਿਸੇ ਨਾਲ ਅਫੇਅਰ ਚਲਦਾ' ਸਿਮਰਨ ਫਿਰ ਮਜ਼ਾਕ ਦੇ ਮੂਡ ਵਿੱਚ ਸੀ।

'ਕਿਉਂ ਕਮਲ਼ ਕੁੱਟਦੀ ਐਂ, ਇਹ ਤੇ ਕੌਫੀ ਦੇ ਕੱਪ ਵਟਾਉਣ ਜੋਗੇ ਈ ਆ' ਹਰਜੀਤ ਨੇ ਗੱਲ ਸਾਫ ਕੀਤੀ।

'ਸਾਲੇ ਕਿਤਾਬਾਂ ਨੇ ਈ ਚੂਸ ਲਏ' ਇਸ ਵਾਰ ਸਿਮਰਨ ਦੇ ਮਜ਼ਾਕ ਨਾਲ ਉਹ ਦੋਨੋਂ ਹੱਸਣ ਲੱਗੀਆਂ।

ਹੱਸਦੀਆਂ ਖੇਡਦੀਆਂ ਉਹ ਆਪਣੇ ਕਲਾਸ ਰੂਮ ਵਿੱਚ ਆ ਵੜੀਆਂ। ਦੋ ਕਲਾਸਾਂ ਤੋਂ ਬਾਅਦ ਆਪੋ ਆਪਣੀਆਂ ਬੱਸਾਂ ਫੜ ਕੇ ਘਰਾਂ ਨੂੰ ਪਰਤ ਗਈਆਂ। ਪਿੰਡਾਂ ਵੱਲੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਲਿਆਉਣ ਲਈ ਕਾਲਜ ਕੋਲ ਬੱਸਾਂ ਦਾ ਇੱਕ ਪੂਰਾ ਫਲੀਟ ਸੀ। ਵੀਰਦੀਪ ਨਾਲ ਮੁਲਾਕਾਤ ਤੋਂ ਬਾਅਦ ਦੋਹਾਂ ਕੁੜੀਆਂ ਦੇ ਅੰਦਰ ਇੱਕ ਖਾਸ ਕਿਸਮ ਦਾ ਚਾਅ ਜਿਹਾ ਦੇਰ ਰਾਤ ਤੱਕ ਤਾਰੀ ਰਿਹਾ। ਪਿਛਲੇ ਦੋ ਸਾਲ ਤੋਂ ਉਹ ਆਪਣੀ ਕਲਾਸ ਦੇ ਮੁੰਡਿਆ ਨਾਲ ਵੀ ਮਿਲਦੀਆਂ ਬੈਠਦੀਆਂ ਰਹੀਆਂ ਸਨ, ਇਸ ਅਜੀਬ ਜਿਹੀ ਖੁਸ਼ੀ ਦਾ ਅਹਿਸਾਸ ਉਨ੍ਹਾਂ ਨੂੰ ਕਦੀ ਨਹੀਂ ਸੀ ਹੋਇਆ। ਜਿਵੇਂ ਰੂਹ ਵਿੱਚ ਵਿਚ ਕੋਈ ਫੁੱਲ ਖਿੜ ਗਿਆ ਹੋਵੇ।

***(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)***

ਤੁਹਾਡੇ ਸੁਪਨਿਆਂ ਦਾ ਘਰ ਖਰੀਦਣ ਜਾਂ ਵੇਚਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ

ਘਰ ਲੈਣ ਲਈ ਮੁਫਤ ਸਲਾਹ ਵਾਸਤੇ ਮੇਰੇ ਨਾਲ ਸੰਪਰਕ ਕਰੋ




BUYING OR SELLING?

FREE HOME EVALUATION

Contact me to find out what your home is worth!

AYUSHI KUKREJA-RAJU

REAL ESTATE AGENT

630-825-4652

ATPROPERTIES.COM/SITE/AYUSHIKUKREJA






17115 W. Bluemound Rd, Suite D1, Brookfield, WI 53005

We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



BOLLYWOOD Grill

Restaurant - Bar - Banquet

1038 N. Jackson St, Milwaukee, WI 53202

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

We Also Provide

Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913

ਜਾਂ 414-588-3325